ਕੈਨੇਡਾ ਦਰਪਣ

ਜਨਵਰੀ 1, 1983

January 1, 1983

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

25¢ Out Of Greater Vancouver 40¢

ਕੈਨੇਡਾ ਦਰਪਣ

THE CANADA DARPAN
PUNJABI FORTNIGHTLY

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
Vol. 1, No. 5 January 1,1983
PHONE: 324-6111

Hon.Editor DARSHAN GILL

ਅੰਦਰ ਪੜ੍ਹੋ —

ਵਿਦੇਸ਼ੀ ਭਾਰਤੀਆਂ ਦੀਆਂ ਜ਼ਮੀਨਾਂ ਬਾਰੇ ਨੋਟਿਸ ਮਨਸੂਖ ਕਰੋ

ਦਲ ਖਾਲਸਾ ਦੇ ਵਰਕਰਾਂ ਬਾਰੇ ਕੌਮਾਂਤਰੀ ਪੁਲਸ ਚੌਕਸ

ਗਾਥਾ ਜਲਮੁਰਾਰੀ ਦੇ ਡੁੱਬਣ ਦੀ

ਸਿਵਲ ਨਾਫ਼ੁਰਮਾਨੀ ਦਾ ਮੋਢੀ ਤਿਲਕ ਸੀ ਨਾ ਕਿ ਮਹਾਤਮਾ ਗਾਂਧੀ

ਅਕਾਲੀ ਦਲ ਦੇ ਵਿਧਾਨ 'ਚ ਵੱਖਵਾਦ ਲਈ ਕੋਈ ਥਾਂ ਨਹੀਂ —

ਵਿਸ਼ੇਸ਼ ਫੀਚਰ

ਖਬਰਦਾਰ : ਜਾਅਲੀ ਫਿਲਮਸਾਜ਼ਾਂ ਤੋਂ

ਫਿਲਮ : ਆਸਰਾ ਪਿਆਰ ਦਾ

ਵਿਅੰਗ : ਮੁਲਾਕਾਤ ਇਕ ਦਲ ਬਦਲੂ ਨਾਲ

ਪਾਕਿਸਤਾਨ 'ਚ ਦੋ ਨਵੇਂ ਅਜੂਬੇ

ਤੁਹਾਡੀ ਜਾਣਕਾਰੀ ਲਈ

ਸਿੰਘ ਸਾਹਿਬ ਦੀ ਸ਼ਹਾਦਤ ਨਾਵਲ

ਸ੍ਰ: ਸੋਭਾ ਸਿੰਘ ਦੀ ਚਿੱਤਰਕਲਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਵਸ ਦੀ ਲੱਖ ਲੱਖ ਵਧਾਈ



"ਧਰ ਲੂੰਗਾ ਅਬ ਏਕ ਏਕ ਕੋ ਸ਼ਮਸ਼ੀਰ ਕੇ ਆਗੇ ।
ਰੱਖ ਦੂੰਗਾ ਸੀਨਾ-ਓ-ਜਿਗਰ ਦਿਲ ਚੀਰ ਕੇ ਆਗੇ ।
ਦੁਨੀਆਂ ਤੋ ਝੁਕੀ ਫਿਰਤੀ ਹੈ ਤਕਦੀਰ ਕੇ ਆਗੇ ।
ਤਕਦੀਰ ਭੀ ਝੁਕ ਜਾਏਗੀ ਮਿਰੇ ਤੀਰ ਕੇ ਆਗੇ ।"

'ਕੈਨੇਡਾ ਦਰਪਣ' ਵਲੋਂ ਪਾਠਕਾਂ, ਸਹਿਯੋਗੀਆਂ ਤੇ ਸਭ ਮਿੱਤਰਾਂ ਨੂੰ ਨਵਾਂ ਸਾਲ ਮੁਬਾਰਕ

HAPPY NEW YEAR

GOYAL : THE VIDEO KING


4160 FRASER ST.
VANCOUVER, B.C. V5V 4E8


Proudly Announce a Grand Sale On Panasonic Video Machines

WE SELL PANASONIC, TOSHIBA, SANYO, FISHER & SALVANIA VIDEO MACHINES

1983 Model


We have the biggest selection of Hindi/Punjabi old and new video films.






Rajinder Goyal

P.V.5200 K
Now at a very special price of $1199.00



PV—1310 K Now for $849.00



PV—1470 K Now for $999.00

Released or Releasing
Dev Anand's Swami Dada
Esquires

MERA BHAI HAATHI
Old Classic
SAMPOORAN RAMAYAN

Jay Mukherji's

EK MUSAFIR EK HASEENA
&DOOR KI AWAAJ

DEV ANAND'S Hit Oldie
TEEN DEVIYAN

Shatrughen, Neelu Denny in
GANGA MERI MAA

And Many Other New/Old Movies

FOR MORE INFORMATION PLEASE PHONE: (604)873-8308

ਬਦੇਸ਼ੀ ਭਾਰਤੀਆਂ ਦੀਆਂ ਜ਼ਮੀਨਾਂ ਖੋਹਣ ਬਾਰੇ ਨੋਟਿਸ ਮਨਸੂਖ ਕਰੋ

ਵੈਨਕੂਵਰ:—19 ਦਸੰਬਰ 1982 ਨੂੰ ਕਿੰਗਸਟਨ ਕਮਊਿਨਿਟੀ ਸੈਂਟਰ ਵਿਚ ਇੰਡੋ ਕਨੇਡੀਅਨ ਕਮਿਊਨਿਟੀ ਦੀ ਭਾਰੀ ਇਕੱਤਰਤਾ ਹੋਈ ਜਿਸ ਵਿਚ ਨੈਸ਼ਨਲ ਐਸੋਸੀਏਸ਼ਨ ਆਫ਼ ਕਨੇਡੀਅਨਜ਼ ਆਫ਼ ਆਰੀਜ਼ਨ ਇਨ ਇੰਡੀਆਂ, ਨਕੋਈ-ਬੀ. ਸੀ. ਚੈਪਟਰ, ਗੁਰੂ ਨਾਨਕ ਸਿੱਖ ਟੈਂਪਲ ਸਰੀ, ਅਕਾਲੀ ਸਿੰਘ ਸਿੱਖ ਟੈਂਪਲ ਵੈਨਕੂਵਰ, ਖਾਲਸਾ ਦੀਵਾਨ ਸੁਸਾਇਟੀ, ਨੀਊ ਵੈਸਟ ਮਿਨਸਟਰ, ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, ਈਸਟ ਇੰਡੀਅਨ ਕਨੇਡੀਅਨ ਸਿਟੀਜ਼ਨਜ਼ ਵੈਲਫੇਅਰ ਐਸੋਸੀਏਸ਼ਨ, ਇੰਡੋਕੈਨੇਡੀਅਨ ਸੁਸਾਇਟੀ, ਇੰਟਰਨੈਸ਼ਨਲ ਪੰਜਾਬੀ ਸੁਸਾਇਟੀ, ਇੰਡੀਅਨ ਪੀਪਲਜ਼ ਐਸੋਸੀਏਸ਼ਨ, ਕੈਨੇਡੀਅਨ ਫਾਰ ਰੇਸ ਰੀਲੇਨਜ਼ ਤੇ ਹਿੰਦੂ ਵਿਸ਼ਵ ਪ੍ਰੀਸ਼ਦ ਆਦਿ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਸਨ

ਹੇਠ ਲਿਖੇ ਮਤੇ ਪਾਸ ਕੀਤੇ ਗਏ :

ਮਤਾ :

ਇਹ ਫੈਸਲਾ ਕੀਤਾ ਗਿਆ ਕਿ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾਏ ਕਿ ਭਾਰਤ ਸਰਕਾਰ ਰੀਜ਼ਰਵ ਬੈਂਕ ਆਫ਼ ਇੰਡੀਆਂ ਦੇ ਇੰਡੋਕੈਨੇਡੀਅਨਾਂ ਨੂੰ ਵਾਹੀ ਵਾਲੀ ਜ਼ਮੀਨ ਜੋ ਉਨਾਂ ਨੂੰ 1974 ਤੋਂ ਪਿਛੋਂ ਮਿਲੀ ਹੈ ਉਸਦੇ ਵੇਚਣ ਜਾਂ ਬਦਲੀ ਕਰਨ ਬਾਰੇ ਨੋਟਿਸ ਖਤਮ ਕਰੇ। ਇਸ ਕਾਨੂੰਨ ਦਾ ਹੋਰ ਸਪੱਸ਼ਟੀ ਕਰਨ ਦਿਤਾ ਜਾਏ। ਹਾਜ਼ਰੀਨ ਦਾ ਵਿਚਾਰ ਸੀ ਕਿ ਜੇ ਕਿਤੇ ਇਹੋ ਜਿਹਾ ਕਾਨੂੰਨ ਪਾਸ ਵੀ ਹੋਇਆ ਸੀ ਤਾਂ ਇਸਨੂੰ ਇੰਡੋਕੈਨੇਡੀਅਨ ਲੋਕਾਂ ਦੇ ਧਿਆਨ ਵਿਚ ਨਹੀਂ ਲਿਆਂਦਾ ਗਿਆ, ਇਸ ਲਈ ਇਹ ਧੋਖੇ ਵਾਲੀ ਗੱਲ ਜਾਪਦੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਅਜਿਹਾ ਕਾਨੂੰਨ ਭਾਰਤ ਦੇ ਵੀ ਵਿਰੁਧ ਹੈ ਅਤੇ ਇੰਡੋ ਕੈਨੇਡੀਅਨ ਲੋਕਾਂ ਦੇ ਹਿਤਾਂ ਲਈ ਵੀ ਵਿਰੁਧ ਹੈ। ਜੇ ਅਜਿਹੇ ਕਾਨੂੰਨ ਦੀ ਲੋੜ ਹੈ ਇਸ ਬਾਰੇ ਲੋਕਾਂ ਨੂੰ ਪੂਰੀ ਜਾਣਕਾਰੀ ਦਿਤੀ ਜਾਵੇ ਤੇ ਅਜਿਹਾ ਕਾਨੂੰਨ ਬਾਹਰ ਰਹਿੰਦੇ ਇੰਡੋਕਨੇਡੀਅਨ ਲੋਕਾਂ ਦੀ ਸਲਾਹ ਲੈ ਕੇ ਪਾਸ ਕੀਤਾ ਜਾਵੇ।

ਮਤਾ 2

ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਮੀਟਿੰਗ ਵਿਚ ਸ਼ਾਮਲ ਸੁਸਾਇਟੀਆਂ ਇਕ ਇਕੱਠੇ ਭਾਰਤ ਵਿਚ ਵਿਸ਼ਵਾਸ਼ ਕਰਦੀਆਂ ਹਨ ਅਤੇ ਅਜਿਹੀ ਕਿਸੇ ਵੀ ਗੱਲ ਦੇ ਵਿਰੁਧ ਹਨ ਜਿਸ ਨਾਲ ਦੇਸ਼ ਦੀ ਏਕਤਾ ਦਾ ਨੁਕਸਾਨ ਹੁੰਦਾ ਹੈ।

ਇਨ੍ਹਾਂ ਮਤਿਆਂ ਦੀਆਂ ਕਾਪੀਆਂ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ, ਗ੍ਰਹਿ ਮੰਤਰੀ ਭਾਰਤ, ਖੇਤੀਬਾੜੀ ਮੰਤਰੀ ਭਾਰਤ, ਮੁੱਖ ਮੰਤਰੀ ਪੰਜਾਬ, ਇੰਡੀਅਨ ਹਾਈ ਕਮਸ਼ਿਨਰ ਅਟਵਾ, ਕੌਂਸਲ ਜਨਰਲ ਆਫ਼ ਇੰਡੀਆ ਵੈਨਕੂਵਰ, ਪ੍ਰਕਾਸ਼ ਸਿੰਘ ਬਾਦਲ ਵਿਰੋਧੀ ਨੇਤਾ ਪੰਜਾਬ ਤੇ ਹਿੰਦੋਸਤਾਨ ਟਾਈਮਜ਼, ਟ੍ਰਿਬੀਊਨ, ਪੰਜਾਬੀ ਟ੍ਰਿਬੀਊਨ ਤੇ ਅਜੀਤ ਆਦਿ ਅਖਬਾਰਾਂ ਨੂੰ ਵੀ ਭੇਜੀਆਂ ਗਈਆਂ।

ਗਿ. ਹਰਭਜਨ ਸਿੰਘ ਨੂੰ ਸ਼ਰਧਾਂ-ਜਲੀਆਂ ਭੇਂਟ ਕੀਤੀਆਂ

ਲੁਧਿਆਣਾ:-ਪ੍ਰਸਿਧ ਦੇਸ਼ ਭਗਤ ਅਤੇ ਗੁਰਸਿੱਖ ਗਿਆਨੀ ਹਰਭਜਨ ਸਿੰਘ ਚਮਿੰਡਾ ਨਮਿਤ ਰੱਖੇ ਪਾਠ ਦਾ ਭੋਗ ਉਹਨਾਂ ਦੇ ਪਿੰਡ ਚਮਿੰਡਾ ਵਿਖੇ ਪਾਇਆ ਗਿਆ। ਵੈਰਾਗਮਈ ਕੀਰਤਨ ਅਖੰਡ ਕੀਰਤਨੀ ਜੱਥੇ ਨੇ ਕੀਤਾ। ਸ: ਜਗਦੇਵ ਸਿੰਘ ਜੱਸੋਵਾਲ ਐਮ. ਐਲ. ਏ. ਗਿਆਨੀ ਅਰਜਨ ਐਮ. ਐਲ. ਏ. ਸ: ਤਾਲਬ ਸਿੰਘ ਸੰਧੂ, ਗਿਆਨੀ ਅਜਮੇਰ ਸਿੰਘ ਲੋਹਗੜ, ਪ੍ਰਿੰਸੀਪਲ ਤਰਲੋਚਨ ਸਿੰਘ(ਡਾਕਟਰ) ਸ਼ਾਮਲ ਸਨ। ਸ: ਜਗਦੇਵ ਸਿੰਘ ਜੱਸੋਵਾਲ ਨੇ ਕਿਹਾ ਕਿ ਗਿਆਨੀ ਜੀ ਦੀ ਫੋਟੋ ਸਿੱਖ ਅਜ਼ੈਬ ਘਰ ਵਿਚ ਲਗਾਣੀ ਚਾਹੀਦੀ ਹੈ। ਗਿਆਨੀ ਅਰਜਨ ਸਿੰਘ ਨੇ ਕਿਹਾ ਕਿ ਗਿਆਨੀ ਜੀ ਨੇ ਕੌਮ ਦੀ ਨਿਘਰ ਸੇਵਾ ਕੀਤੀ ਹੈ। ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ, ਸ: ਗੁਰਚਰਨ ਸਿੰਘ ਟੌਹੜਾ, ਸ: ਬਸੰਤ ਸਿੰਘ ਖਾਲਸਾ ਐਮ. ਐਲ. ਏ. ਸ: ਜਗਦੇਵ ਸਿੰਘ ਤਲਵੰਡੀ ਆਦਿ ਨੇ ਸੋਗ ਸੰਦੇਸ਼ ਭੇਜੇ।

ਗੁਰਚਰਨ ਰਾਮਪੁਰੀ ਦਾ ਸਨਮਾਨ

ਬੀਤੇ ਦਿਨੀ ਸਾਊਥ ਹਾਲ ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਾਲ ਬਰਾਂਚ ਦੀ ਮਾਸਕ ਮੀਟਿੰਗ ਮੈਨਰ ਹਾਊਸ ਵਿਖੇ ਹੋਈ ਇਸ ਮੀਟਿੰਗ ਵਿਚ ਕੈਨੇਡਾ ਤੋਂ ਆਏ ਪੰਜਾਬੀ ਸ਼ਾਇਰ ਗੁਰਚਰਨ ਰਾਮਪੁਰੀ ਤੇ ਰੀਸਰਚ ਸਕਾਲਰ ਮਿਸ ਚਾਂਦ ਕਿਰਨ ਸ਼ਰਮਾ ਮੁਖ ਮਹਿਮਾਨ ਸਨ। ਸਾਥੀ ਲੁਧਿਆਣਵੀ ਨੇ ਸਭਾ ਦੇ ਮੈਂਬਰਾਂ ਦੀ ਮਹਿਮਾਨਾਂ ਨਾਲ ਪਹਿਚਾਣ ਕਰਵਾਏ ਸਭਾ ਦੇ ਸਕੱਤਰ ਕੇ. ਸੀ. ਮੋਹਨ ਨੇ ਗੁਰਚਰਨ ਰਾਮਪੁਰੀ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਮਿਸ ਚਾਂਦ ਕਿਰਨ ਸ਼ਰਮਾ ਦੇ ਰੀਸਰਚ ਵਿਸ਼ੇ ਬਾਰੇ ਜਾਣਕਾਰੀ ਦਿਤੀ। ਰਾਮਪੁਰੀ ਨੇ ਕੈਨੇਡਾ ਦੇ ਪੰਜਾਬੀ ਪਰਚਿਆਂ ਤੇ ਉਥੋਂ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਦੱਸਿਆ। ਉਹਨਾਂ ਕੈਨੇਡਾ ਵਿਚ ਨਸਲੀ ਵਿਤਕਰੇ ਦੇ ਰੂਪ ਬਾਰੇ ਵੀ ਵਿਸਥਾਰ ਵਿਚ ਦੱਸਿਆ। ਸਭਾ ਦੇ ਸਕੱਤਰ ਬਲਦੇਵ ਬਾਵਾ ਦੀ ਤਾਜ਼ਾ ਕਿਤਾਬ 'ਇਕ ਖਤ' ਵੀ ਉਹਨਾਂ ਰਲੀਜ਼ ਕੀਤੀ। ਸਭਾ ਦੇ ਪ੍ਰਧਾਨ ਸਵਰਨ ਚੰਦਨ ਨੇ ਇਸ ਕਿਤਾਬ ਬਾਰੇ ਸੰਖੇਪ ਵਿਚ ਆਪਣੇ ਵਿਚਾਰ ਦੱਸੇ ਗੁਰਚਰਨ ਰਾਮਪੁਰੀ ਹੋਣਾ ਆਪਣੇ ਤਰੱਨਮ ਨਾਲ ਰੰਗ ਬੰਨਿਆਂ ਤੇ ਕੁਝ ਹੋਰ ਨਜ਼ਮਾਂ ਵੀ ਸੁਣਾਈਆਂ। ਮੀਟਿੰਗ ਦੇ ਦੂਜੇ ਪਲਾਂਘ ਵਿਚ ਮਿਸ ਚਾਂਦ ਕਿਰਨ ਨੇ ਬਰਤਾਨੀਆਂ ਵਿਚ ਏਸ਼ੀਅਨ ਔਰਤ ਦੀ ਸਥਿਤੀ ਬਾਰੇ ਇਕ ਨਿਕਾ ਖੋਜ ਪੱਤਰ ਪੜ੍ਹਿਆ ਜਿਸ ਤੇ ਬਾਅਦ ਵਿਚ ਬਹਿਸ ਕੀਤੀ ਗਈ। ਸਭਾ ਦੇ ਮੈਂਬਰਾਂ ਨੇ ਆਪਣੀਆਂ ਨਜ਼ਮਾਂ ਸੁਣਾਈਆਂ ਰੈਡਿੰਗ ਸਭਾ ਤੋਂ ਹਰਜੀਤ ਦੌਧਰੀਆਂ ਇਸ ਮੀਟਿੰਗ ਵਿਚ ਭਾਗ ਲੈਣ ਲਈ ਵਿਸ਼ੇਸ਼ ਤੌਰ ਤੇ ਪੁੱਜੇ ਸਨ।

ਪੰਜਾਬੀ ਮਾਰਕਿਟ ਵਿਚ ਨਵਾਂ ਗਰੌਸਰੀ ਸਟੋਰ

ਵੈਨਕੂਵਰ:—ਪੰਜਾਬੀ ਮਾਰਕਿਟ ਵਿਚ ਅਗਲੇ ਕੁਝ ਦਿਨਾਂ ਵਿਚ ਨਵਾਂ ਸਟੋਰ ਖੁਲ੍ਹਣ ਦੀ ਸੰਭਾਵਨਾ ਹੈ। ਪਾਬਲਾ ਬਿਲਡਿੰਗ ਵਿਚ ਨਵੀਂ ਸੁਪਰਮਾਰਕਿਟ ਜਿਸ ਵਿਚ ਭਾਰਤੀ ਗਰੋਸਰੀ ਨਾਲ ਹੋਰ ਵੀ ਹਰ ਤਰ੍ਹਾਂ ਦੀ ਗਰੌਸਰੀ ਮਿਲੇਗੀ। ਆਉਂਦੇ ਅੰਕ ਵਿਚ ਵਿਸਥਾਰ ਦਿਤਾ ਜਾਵੇਗਾ।

ਫੌਜੀਆਂ ਨੂੰ ਮੋਰਚੇ 'ਚ ਸਦਣ ਦਾ ਲੌਂਗੋਵਾਲ ਦਾ ਬਿਆਨ ਮੰਦਭਾਗਾ

ਚੰਡੀਗੜ੍ਹ:—ਪੰਜਾਬ ਪ੍ਰਦੇਸ਼ ਕਾਂਗਰਸ(ਇ) ਦੇ ਜਨਰਲ ਸਕੱਤਰ ਸ੍ਰੀ ਬਸੰਤ ਸਿੰਘ ਨੇ ਕਿਹਾ ਕਿ ਸੰਤ ਲੌਂਗੋਵਾਲ ਵਲੋਂ ਰਿਟਾਇਰਡ ਸਿੱਖ ਫੌਜੀ ਜਵਾਨਾਂ ਨੂੰ ਅਕਾਲੀ ਮੋਰਚੇ ਵਿਚ ਸ਼ਾਮਲ ਹੋਣ ਲਈ ਕਹਿਣਾ ਬਹੁਤ ਹੀ ਮੰਦਭਾਗੀ ਗੱਲ ਹੈ ਅੰਤੇ ਇਸਦੀ ਦੇਸ਼ ਭਰ ਵਿਚ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ।

ਇਥੋਂ ਇਕ ਬਿਆਨ ਵਿਚ ਉਨ੍ਹਾਂ ਸਾਰੇ ਸਿੱਖ ਫੌਜੀ ਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੀਆਂ ਦੇਸ਼ ਵਿਰੋਧੀ ਅਪੀਲਾਂ ਤੋਂ ਚੌਕਸ ਰਹਿਣ, ਉਹਨਾਂ ਅਕਾਲੀ ਦਲ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਦੇ ਵੱਡੇ ਹਿਤਾਂ ਨੂੰ ਮੁਖ ਰੱਖਦਿਆਂ ਆਪਣਾ ਮੋਰਚਾ ਮੁਲਤਵੀ ਕਰ ਦਏ।

ਇੰਦਰਾ ਨੂੰ 'ਗਾਂਧੀ' ਦੀ ਨੁਮਾਇਸ਼ ਤੇ ਪਾਬੰਦੀ ਲਾਉਣ ਦੀ ਅਪੀਲ

ਨਵੀਂ ਦਿੱਲੀ:—ਜਵਾਹਰ ਲਾਲ ਨਹਿਰੂ ਨੈਸ਼ਨਲ ਸਾਲੀਡੈਰਿਟੀ ਅਵਾਰਡਜ਼ ਕਮੇਟੀ ਦੇ ਚੇਅਰਮੈਨ ਸ੍ਰੀ ਪੂਰਨ ਸਿੰਘ ਅਜ਼ਾਦ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਅਪੀਲ ਕੀਤੀ ਕਿ ਬਹਿਸ ਦਾ ਵਿਸ਼ਾ ਬਣੀ 'ਗਾਂਧੀ' ਫਿਲਮ ਦੀ ਭਾਰਤ ਵਿਚ ਨੁਮਾਇਸ਼ ਦੀ ਇਜਾਜ਼ਤ ਨਾ ਦਿਤੀ ਜਾਵੇ

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਜ਼ਾਦ ਨੇ ਕਿਹਾ ਕਿ ਫਿਲਮ ਵਿਚ ਭਾਰਤ ਦੀ ਅਜ਼ਾਦੀ ਦੀ ਲਹਿਰ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਪੰਡਤ ਨਹਿਰੂ ਤੇ ਸਰਦਾਰ ਪਟੇਲ ਦੀ ਭੂਮਿਕਾ ਨੂੰ ਛੁਟਿਆ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਮਹਾਤਮਾ ਗਾਂਧੀ, ਪੰਡਤ ਨਹਿਰੂ ਤੇ ਸਰਦਾਰ ਪਟੇਲ ਦੀ ਪਵਿਤਰ ਤ੍ਰਿਮੂਰਤੀ ਆਜ਼ਾਦੀ ਦੀ ਲਹਿਰ ਦੀ ਜਿੰਦ ਜਾਨ ਸੀ।

ਸ੍ਰੀ ਅਜ਼ਾਦ ਨੇ ਦੱਸਿਆ ਕਿ ਇਸ ਫਿਲਮ ਵਿਚ ਜਿਹੜੀ ਕਿ ਜਨਵਰੀ ਵਿਚ ਭਾਰਤ ਵਿਚ ਰਲੀਜ਼ ਹੋਣ ਵਾਲੀ ਹੈ, ਭਾਰਤ ਇਤਿਹਾਸ ਦਾ ਇਕ ਅਹਿਮ ਹਿਸਾ 'ਭਾਰਤ ਛੱਡੋ ਅੰਦੋਲਨ' ਵੀ ਸ਼ਾਮਲ ਨਹੀਂ ਕੀਤਾ ਗਿਆ

ਚੈਨਾ ਰੈਡੀ 5 ਨੂੰ ਅਸਤੀਫਾ ਦੇਣਗੇ ?

ਚੰਡੀਗੜ੍ਹ:—ਪਤਾ ਲੱਗਾ ਹੈ ਕਿ ਪੰਜਾਬ ਦੇ ਰਾਜਪਾਲ ਡਾ. ਐਮ. ਚੈਨਾ ਰੈਡੀ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੂੰ ਸੂਚਿਤ ਕੀਤਾ ਹੈ ਕਿ ਉਹ 5 ਜਨਵਰੀ 1983 ਨੂੰ ਜਿਸ ਦਿਨ ਉਹਨਾਂ ਦੇ ਗ੍ਰਹਿ ਰਾਜ ਆਂਧਰਾ ਵਿਚ ਚੋਣਾਂ ਹੋ ਰਹੀਆਂ ਹਨ, ਅਸਤੀਫਾ ਦੇਣਾ ਚਾਹੁੰਦੇ ਹਨ।

ਦੱਸਿਆ ਜਾਂਦਾ ਹੈ ਕਿ ਆਂਧਰਾ ਦੇ ਕਈ ਇੱਕਾ ਨੇਤਾ ਸ੍ਰੀ ਰੈਡੀ ਦੇ ਵਾਪਸ ਰਾਜ ਪਰਤਣ ਦੇ ਸਖਤ ਵਿਰੁਧ ਹਨ ਇਸ ਲਈ ਇਹ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਉਨ੍ਹਾਂ ਨੂੰ ਆਪਣੀ ਅਸਤੀਫਾ ਦੇਣ ਦੀ ਜ਼ਿਦ ਤੇ ਅੜੇ ਰਹਿਣ ਤੇ ਦਿੱਲੀ ਵਿਚ ਕੋਈ ਅਹੁਦਾ ਦੇ ਦਿਤਾ ਜਾਏ। ਪਤਾ ਲੱਗਾ ਹੈ ਕਿ ਸ੍ਰੀਮਤੀ ਗਾਂਧੀ ਸ੍ਰੀ ਰੈਡੀ ਦੇ ਅਸਤੀਫਾ ਦੇਣ ਦੇ ਵਿਰੁਧ ਹਨ।

ਸੇਠੀ ਅਕਾਲੀ ਦਲ ਦੇ ਨੇਤਾਵਾਂ ਨੂੰ ਚੰਡੀਗੜ੍ਹ 'ਚ ਮਿਲਣ ਲਈ ਰਾਜ਼ੀ

ਨਵੀਂ ਦਿੱਲੀ:- ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੇ ਅਜ ਕਿਹਾ ਕਿ ਜੇ ਕਰ ਅਕਾਲੀ ਨੇਤਾ ਤਿਆਰ ਹੋਣ ਤਾਂ ਉਹ ਪੰਜਾਬ ਦੇ ਮਸਲਿਆਂ ਬਾਰੇ ਗੱਲਬਾਤ ਕਰਨ ਲਈ ਰੱਖਿਆ ਮੰਤਰੀ ਸ੍ਰੀ ਵੈਂਕਟਮਨ ਨਾਲ ਚੰਡੀਗੜ੍ਹ ਪੁੱਜਣ ਲਈ ਤਿਆਰ ਹਨ।

ਸ਼੍ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਇਕ ਵਫਦ ਨੇ ਇਕ ਪਾਰਟੀ ਪ੍ਰਧਾਨ ਜੱਥੇਦਾਰ ਰਛਪਾਲ ਸਿੰਘ ਦੀ ਅਗਵਾਈ ਹੇਠ ਅੱਜ ਸਵੇਰੇ ਸ੍ਰੀ ਸੇਠੀ ਨਾਲ ਮੁਲਕਾਤ ਕੀਤੀ ਸੀ।

ਅਕਾਲੀ ਵਫਦ ਨੇ ਸ੍ਰੀ ਸੇਠੀ ਨੂੰ ਕਿਹਾ ਕਿ ਦਲ ਨੇ ਹੁਣ 26 ਜਨਵਰੀ ਤੱਕ ਸਰਕਾਰ ਨੂੰ ਸਮਾਂ ਦੇ ਦਿਤਾ ਹੈ ਇਸ ਲਈ ਸਰਕਾਰ ਨੂੰ ਸਿੱਖਾਂ ਦੀਆਂ ਧਾਰਮਿਕ ਮੰਗਾਂ ਮੰਨਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਅਤੇ ਬਾਕੀ ਮਸਲਿਆਂ ਬਾਰੇ ਦਲ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ।

ਜਥੇਦਾਰ ਰਛਪਾਲ ਸਿੰਘ ਨੇ ਸ੍ਰੀ ਸੇਠੀ ਦੇ ਹਵਾਲੇ ਨਾਲ ਕਿਹਾ ਕਿ ਸਰਕਾਰ ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਮੰਨਣ ਲਈ ਤਿਆਰ ਹੈ ਪਰ ਬਾਕੀ ਗੱਲਾਂ ਉਤੇ ਗੱਲਬਾਤ ਕੀਤੀ ਜਾਣੀ ਜ਼ਰੂਰੀ ਹੈ।

ਕੇਂਦਰ ਨੇ ਧਾਰਮਿਕ ਮੰਗਾਂ, ਚੰਡੀਗੜ੍ਹ ਅਤੇ ਹੋਰ ਮਸਲਿਆਂ ਬਾਰੇ ਉੱਕਾ ਪੁੱਕਾ ਸਮਝੌਤਾ ਕਰਨ ਦਾ ਫੈਸਲਾ ਕਰ ਲਿਆ ਹੈ ਅਤੇ ਅਕਾਲੀ ਦਲ ਨੂੰ ਇਸ ਸਬੰਧ ਵਿਚ ਸੂਚਿਤ ਕਰ ਦਿਤਾ ਗਿਆ ਹੈ। ਦਲ ਨੂੰ ਕਿਹਾ ਗਿਆ ਕਿ ਉਹ ਮੋਰਚਾ ਵਾਪਸ ਲੈ ਕੇ ਮਾਮਲਿਆਂ ਦਾ ਨਿਪਟਾਰਾ ਗੱਲਬਾਤ ਰਾਹੀਂ ਕਰ ਲੈਣ।

ਉਚ ਸੂਤਰਾਂ ਅਨੁਸਾਰ ਕੇਂਦਰ, ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਦੀ ਪ੍ਰਵਾਨਗੀ ਅਤੇ ਹੋਰ ਅੰਤਰਰਾਜੀ ਮਾਮਲਿਆਂ ਬਾਰੇ ਗੱਲਬਾਤ ਕਰਨ ਦਾ ਐਲਾਨ ਉਸ ਸਮੇਂ ਕਰੇਗਾ ਜਦੋਂ ਅਕਾਲੀ ਦਲ ਕੇਂਦਰ ਨੂੰ ਭਰੋਸਾ ਦੇਵੇਗਾ ਕਿ ਉਹ ਆਪਣਾ ਮੋਰਚਾ ਨਾਲ ਹੀ ਵਾਪਸ ਲੈ ਲਵੇਗਾ ਨਹੀਂ ਤਾਂ ਕੋਈ ਵੀ ਗੱਲਬਾਤ ਨਹੀਂ ਹੋਵੇਗੀ।

ਲੁਧਿਆਣਾ ਤੋਂ ਸਾਡੇ ਵਿਸ਼ੇਸ਼ ਪ੍ਰਤੀਨਿਧ ਅਨੁਸਾਰ ਅਕਾਲੀ ਨੇਤਾ ਸ੍ਰੀ ਬਲਵੰਤ ਸਿੰਘ ਨੇ ਅਜ ਇਥੇ ਕਿਹਾ ਕਿ ਪੰਜਾਬ ਦੇ ਮਸਲਿਆਂ ਦਾ ਹੱਲ ਲੱਭੇ ਜਾਣਾ ਕੌਮੀ ਹਿਤ ਵਿਚ ਹੈ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਏਸ਼ੀਆਡ ਦੌਰਾਨ ਸਿੱਖਾਂ ਨੂੰ ਦਿਲੀ ਜਾਣੋਂ ਰੋਕਣ ਦਾ ਸਿੱਖਾਂ ਦੇ ਮਨਾਂ ਉਤੇ ਬੁਰਾ ਅਸਰ ਪਿਆ।

ਮਿਟ ਜਾਣ ਆਪੇ ਬੋਲੀਆਂ
ਵਰਨਾਂ ਦੇ ਵਿਤਕਰੇ,
ਮਰਦਾਨੇ ਵਾਂਗ ਛੇੜੀਏ
ਜੇ ਸੁਰ ਰਬਾਬ ਦਾ।

ਉਠੋ ਕਿ ਉਠ ਕੇ ਦੇਸ਼ ਦਾ
ਮੂੰਹ ਮੱਥਾ ਡੋਲੀਏ।
ਮੁੜ ਕੇ ਪੰਜਾਬ ਸਾਜੀਏ
ਨਾਨਕ ਦੇ ਖਾਬ ਦਾ।

ਕ੍ਰਿਸਮਿਸ ਵਾਲੇ ਦਿਨ....

ਸਰੀ ਵਿਚ ਨਵੇਂ ਖੁਲ੍ਹਣ ਵਾਲੇ ਸਟੋਰ ਦੇ ਸ਼ੀਸ਼ੇ ਤੋੜ ਦਿਤੇ ਗਏ

ਸੀ.ਬੀ.ਸੀ. ਅਨੁਸਾਰ 25 ਦਸੰਬਰ ਕ੍ਰਿਸਮਿਸ ਵਾਲੇ ਦਿਨ ਇਕ ਨਵੇਂ ਖੁਲ੍ਹਣ ਵਾਲੇ ਸਟੋਰ ਦੇ ਸ਼ੀਸ਼ੇ ਤੋੜ ਦਿਤੇ ਗਏ ਹਨ। ਸ੍ਰੀ ਚਰਨਪਾਲ ਗਿੱਲ ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਪ੍ਰਧਾਨ ਉਥੇ ਖਬਰ ਸੁਣਦੇ ਸਾਰ ਮੌਕੇ ਤੇ ਪਹੁੰਚੇ। ਉਨਾਂ ਦੀ ਪੈਰਵਹੀ ਜਾਰੀ ਹੈ। ਪੁਲਸ ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਸਾਡੇ ਲੋਕਾਂ ਦੀ ਰੱਖਿਆ ਕੀਤੀ ਜਾਵੇ ਤੇ ਇਸ ਮਸਲੇ ਬਾਰੇ ਸਰੀ ਦੇ ਮੇਅਰ ਰੌਸ ਨਾਲ 6 ਜਨਵਰੀ ਨੂੰ ਮੀਟਿੰਗ ਨੀਯਤ ਕੀਤੀ ਗਈ ਹੈ। ਇਹ ਵੀ ਕਿਹਾ ਗਿਆ ਕਿ ਸਾਡੀ ਕ੍ਰਿਸਮਿਸ ਨਸਲਵਾਦੀਆਂ ਨੇ ਭੰਗ ਕਰ ਦਿਤੀ ਹੈ ਜਿਥੇ ਕਿ ਹੋਰ ਲੋਕ ਖੁਸ਼ੀਆਂ ਮਨਾਂਉਂਦੇ ਹਨ। ਆਪ ਭਰੱਪਣਤਾ, ਅਮਨ ਤੇ ਬਰਦਾਸ਼ਤ ਕਰਨ ਦੀ ਸ਼ਕਤੀ ਦਾ ਪੈਗਾਮ ਦਿੰਦੇ ਹਨ, ਪਰ ਸਾਨੂੰ ਏਥੋਂ ਦੇ ਨਸਲੀ ਗੋਰੇ ਵੱਖਰਾ ਸੁਨੇਹਾ ਦਿੰਦੇ ਹਨ।

17 ਵੱਡੇ ਸ਼ੀਸ਼ੇ ਤੋੜ ਦਿਤੇ ਗਏ ਹਨ। ਇਹ ਵੇਲਾ ਹੈ ਕਿ ਅਸੀਂ ਸਾਰੇ ਆਪਣਾ ਇਕੱਠ ਰੱਖੀਏ ਤੇ ਇਸ ਨਸਲੀ ਵਿਤਕਰੇ ਦਾ ਇਲਾਜ ਮੇਅਰ ਜਾਂ ਪੁਲੀਸ ਨਹੀਂ ਕਰ ਸਕੇਗੀ। ਇਹ ਸਾਡਾ ਫਰਜ਼ ਬਣਦਾ ਹੈ ਕਿ ਮੌਕੇ ਦੇ ਅਫ਼ਸਰਾਂ ਨੂੰ ਤੇ ਚੁਣੇ ਹੋਏ ਰਾਜਨੀਤਕ ਆਗੂਆਂ ਨੂੰ ਦੱਸਿਆ ਜਾਵੇ ਪਰ ਇਨ੍ਹਾਂ ਤੇ ਪੂਰਾ ਨਿਰਭਰ ਕਰਨਾ ਸਾਡੀ ਗਲਤੀ ਹੋਵੇਗੀ।

ਸਿੱਖ ਮਿਸ਼ਨ ਆਫ਼ ਕੈਨੇਡਾ ਵਲੋਂ ਤੀਜੀ ਪੁਸਤਕ ਰੀਲੀਜ਼

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ੁਭ ਪ੍ਰਕਾਸ਼ ਦਿਵਸ ਤੇ ਬੱਚਿਆਂ ਅਤੇ ਗੋਰਿਆ ਵਿਚ ਫਰੀ ਵੰਡਣ ਲਈ ਅੰਗਰੇਜ਼ੀ ਵਿਚ "Guru Nanak's Sikh Religion" 16 ਸਫੇ ਦੀ ਇਹ Booklet ਰੀਲੀਜ਼ ਕਰ ਦਿਤੀ ਗਈ ਹੈ।

ਜੈਸਾ ਕਿ ਆਪ ਸਭ ਨੂੰ ਪਤਾ ਹੈ ਕਿ ਸਿੱਖ ਮਿਸ਼ਨ ਆਫ ਕੈਨੇਡਾ ਨਿਰੋਲ ਮਿਸ਼ਨਰੀ ਸੇਵਾ ਦੀ ਇਕ ਸੰਸਥਾ ਹੈ ਜਿਸਦਾ ਮੁਖ ਕੰਮ ਸਾਡੇ ਬੱਚਿਆਂ ਅਤੇ ਹੋਰ ਕੌਮਾਂ ਵਿਚ ਸਿੱਖ ਧਰਮ ਅਤੇ ਸਿੱਖ ਜੀਵਨ ਬਾਰੇ ਛੋਟੇ ਛੋਟੇ ਪੈਂਫਲਿਟ ਵੰਡਕੇ ਪਰਚਾਰ ਕਰਨਾ ਹੈ। ਇਹ ਸੰਗਤਾਂ ਦੀ ਭੇਟਾ ਸਾਡਾ ਚੌਥਾ ਉਦਮ ਹੈ।

ਸਾਡੇ ਭਾਰਤੀ ਵਰਗ ਦੇ ਸਮੂੰਹ ਵਪਾਰੀ ਅਤੇ ਹੋਰ ਮਿੱਤਰਾਂ ਨੇ ਹੁਣ ਤੱਕ ਸਹਾਇਤਾ ਕੀਤੀ ਹੈ ਜਿਸਦੇ ਅਸੀਂ ਅਤੀ ਧੰਨਵਾਦੀ ਹਾਂ। ਸੋ, ਗੁਰਦੁਆਰਾ ਕਮੇਟੀਆਂ ਅਤੇ ਆਪ ਸਮੂੰਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮਿਸ਼ਨਰੀ ਸੇਵਾ ਵਿਚ ਯੋਗਦਾਨ ਪਾਉ ਤਾਂ ਕਿ ਅੱਗੇ ਨੂੰ ਵੀ ਅਤੀ ਲੋੜੀਂਦੀ ਸੇਵਾ ਚਲਦੀ ਰਹੇ। ਵਾਹਿਗੁਰੂ ਆਪ ਸਭ ਲਈ ਨਵਾਂ ਸਾਲ ਖੁਸ਼ੀਆਂ ਅਤੇ ਬਰਕਤਾਂ ਭਰਿਆ ਲਿਆਵੇ।

ਗੁਰ ਫਤਿਹ ਅਤੇ ਧੰਨਵਾਦ ਸਹਿਤ,

ਸੰਗਤਾਂ ਦੇ ਦਾਸ
ਰਾਜਿੰਦਰ ਸਿੰਘ ਪਧੇਰ
ਬੰਤਾ ਸਿੰਘ ਸੱਭਰਵਾਲ
Sikh Mission Of Canada
P.O.Box. 67672. Stn. 'O'
Vancouver, B.C. V5W 3V2

ਦਸੰਬਰ 26, 1982

ਕਿਤਾਬਾ ਮੰਗਾਉਣ ਅਤੇ ਮਾਇਆ ਭੇਜਣ ਲਈ ਪਤਾ ਹੈ :–

ਇਹ 16 ਸਫ਼ੇ ਦੀ ਪੋਥੀ ਤੁਹਾਨੂੰ ਮੁਫਤ ਮਿਲ ਸਕਦੀ ਹੈ

ਸਿੱਖ ਮਿਸ਼ਨ ਆਫ਼ ਕੈਨੇਡਾ
ਬੌਕਸ 67672, Stn. O
ਵੈਨਕੂਵਰ, ਬੀ. ਸੀ.

ਗੁਲਾਬ ਸਿੰਘ ਦਾ ਸਨਮਾਨ

ਚੰਡੀਗੜ੍ਹ:—78 ਸਾਲਾਂ ਬਜ਼ੁਰਗ ਅਥਲੀਟ ਗੁਲਾਬ ਸਿੰਘ, ਜਿਸਨੇ ਪਿਛਲੇ ਸਾਲਾਂ ਵਿਚ ਵੱਖ ਵੱਖ ਕੌਮਾਂਤਰੀ ਵੈਟਰਨ ਅਥਲੈਟਿਕ ਪ੍ਰਤੀਯੋਗਤਾਵਾਂ ਦੌਰਾਨ ਸੋਨੇ ਦੇ 13 ਚਾਂਦੀ ਦਾ ਇਕ ਤਮਗਾ ਜਿਤਿਆ ਸੀ, ਦਾ ਸਥਾਨਕ ਡੀ. ਏ. ਵੀ. ਕਾਲਜ ਸਨਮਾਨ ਕੀਤਾ ਗਿਆ

ਕਾਲਜ ਦੇ ਪ੍ਰਿੰਸੀਪਲ ਕੇ. ਐਸ. ਆਰੀਆ ਨੇ ਉਨ੍ਹਾਂ ਨੂੰ ਇਕ ਦਸਤਾਰ ਤੇ 1001 ਰੁਪਏ ਭੇਟ ਕੀਤੇ।

ਸਦਾਤ ਦਾ ਭਰਾ ਕਰੋੜ ਪਤੀ ਕਿਵੇਂ ਬਣ ਗਿਆ !

ਮਾਸਕੋ:—ਮਿਸਰ ਦੇ ਸਾਬਕਾ ਪ੍ਰਧਾਨ ਅਨਵਰ ਸਦਾਤ ਦੇ ਇਕ ਭਰਾ ਅਸਮਤ ਸਦਾਤ ਤੇ ਕਰਪਸ਼ਨ ਅਤੇ ਦੇਸ ਦੇ ਅਰਥਚਾਰੇ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਾਇਆ ਗਿਆ ਹੈ।

ਅਸਮਤ ਜੋ ਪਹਿਲਾਂ ਕਾਰ ਡਰਾਈਵਰ ਹੁੰਦਾ ਸੀ, ਹੁਣ ਕਰੋੜਪਤੀ ਬਣ ਗਿਆ ਹੈ ਉਸ ਦੇ ਪੁਤਰ ਵੀ ਗ੍ਰਿਫਤਾਰ ਕੀਤੇ ਜਾਣਗੇ ਕਿਉਂ ਜੋ ਉਹਨਾਂ ਤੇ ਦੋਸ਼ ਹੈ ਕਿ ਉਹ ਸਮਾਜ ਲਈ ਖਤਰਾ ਹਨ।

ਇਸਤੋਂ ਇਲਾਵਾ ਸ੍ਰੀ ਸਦਾਤ ਦੀ ਅਤੇ ਉਸਦੇ ਪ੍ਰਵਾਰ ਦੀ ਜਾਇਦਾਦ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ।

ਨਵਾਂ ਸਾਲ ਮੁਬਾਰਕ

ਅੱਜ ਦਾ ਸਾਲ ਮੁਬਾਰਕ ਚੜ੍ਹਿਆ ।
ਜਿਉਂ ਉਡੱਦੀ ਤਿਤਲੀ ਨੂੰ ਫੜਿਆ

ਅੱਜ ਉਮੰਗਾਂ ਤੇ ਚਾਅਵਾਂ ਦਾ,
ਸੂਹਾ ਰੰਗ ਜ਼ਿੰਦਗੀ ਵਿਚ ਰਲਿਆ ।

ਮੇਰੇ ਗ਼ਮ ਦਾ ਤੀਖਣ ਸੂਰਜ,
ਤਿੱਖੜ ਦੁਪਹਿਰੇ ਦਿਸਦਾ ਢਲਿਆ

ਜਿਉਂ ਪੀਲੱਤਣ, ਉਦਾਸੀ ਤੇ,
ਖੁਸ਼ੀਆਂ ਦੇ ਗਿਆ ਲੇਪਣ ਕਰਿਆ ।

ਹੁਸਨ-ਬਹਾਰਾਂ ਨੇ ਗੁਲਦਸਤਾ,
ਬਾਰਾਂ ਫੁੱਲਾਂ ਦਾ ਲਿਆ ਧਰਿਆ ।

ਅੱਜ ਫਿਰ ਏਸ ਮੁਬਾਰਕ ਘਰ ਨੂੰ,
ਚਹੁੰ ਮੌਸਮਾਂ ਆਕੇ ਵਰਿਆ ।

ਅੱਜ ਜ਼ਿੰਦਗੀ ਦੇ ਮਾਰੂ-ਥਲ ਵਿਚ,
ਬੁਕੀਂ ਸੀਤਲ ਪਾਣੀ ਵਰ੍ਹਿਆ ।

ਅੱਜ ਇਸ ਦਿਲ-ਧਰਤੀ ਦਾ ਸੀਨਾ,
ਅੱਗਤਪਸ਼ ਦੇ ਪਿਛੋਂ ਠਰਿਆ ।

ਅੱਜ ਦਾ ਸਾਲ ਮੁਬਾਰਕ ਚੜ੍ਹਿਆ ।



ਸੰਪਾਦਕੀ

ਪੱਤਰਕਾਰੀ ਤੇ ਟੀਰੀ ਅੱਖ

ਜ਼ਿੰਦਗੀ ਇਕ ਤਾਲ ਦਾ ਨਾਂ ਹੈ। ਜਿਸ ਜਿਸਮ ਵਿਚ ਰੂਹ ਨਹੀਂ, ਸੁਰ ਨਹੀਂ ਉਹ ਜ਼ਿੰਦਗੀ ਦੇ ਸੰਗੀਤ ਦੀ ਥਿਰਕਣ ਨੂੰ ਮਹਿਸੂਸ ਨਹੀਂ ਸਕਦਾ। ਕੁਝ ਬੰਦੇ, ਕੁਝ ਸਾਹਿਤਕਾਰ ਤੇ ਕੁਝ ਪੱਤਰਕਾਰ ਜ਼ਿੰਦਗੀ ਨੂੰ ਹਮੇਸ਼ਾ ਟੀਰੀ ਅੱਖ ਨਾਲ ਵੇਖਦੇ ਹਨ। ਆਮ ਸਿਧ ਪਧਰਾ ਬੰਦਾ ਜ਼ਿੰਦਗੀ ਨੂੰ ਸਿੱਧੇ ਪੱਧਰੇ ਢੰਗ ਨਾਲ ਜਿਉਂ ਕੇ ਨਿਰਬਾਹ ਕਰ ਲੈਂਦਾ ਹੈ ਪਰ ਕੁਝ 'ਸਾਹਿਤਕਾਰ' ਕਿਸਮ ਤੇ 'ਪੱਤਰਕਾਰ' ਕਿਸਮ ਦੇ ਬੰਦੇ ਅਜੀਬ ਸ਼ੈਅ ਹੁੰਦੇ ਹਨ। ਕਿਉਂਕਿ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀਆਂ ਤਾਰਾਂ ਵਿਚ ਝਰਨਾਹਟ ਨਹੀਂ ਹੁੰਦੀ ਇਸ ਲਈ ਉਹ ਅਜਿਹਾ ਬੇਸੁਰਾ ਸੰਗੀਤ ਲੋਕਾਂ ਦੀ ਜ਼ਿੰਦਗੀ ਵਿਚ ਭਰਨ ਤੋਂ ਗੁਰੇਜ਼ ਨਹੀਂ ਕਰ ਸਕਦੇ। ਕਈਆਂ ਦੀਆਂ ਦਿਮਾਗ਼ੀ ਸ਼ਕਤੀਆਂ ਜੁਆਬ ਦੇ ਚੁੱਕੀਆਂ ਹੋਣ ਦੇ ਬਾਵਜੂਦ, ਉਹ ਕਲਮ-ਘਸਾਈ ਲਈ ਮਜਬੂਰ ਹੁੰਦੇ ਹਨ। ਜ਼ਿੰਦਗੀ ਦੀਆਂ ਭਾਰੀ ਤ੍ਰਾਸਦੀਆਂ ਵਿਚ ਇਕ ਤ੍ਰਾਸਦੀ ਇਹ ਹੁੰਦੀ ਹੈ ਕਿ ਉਨਾਂ ਦੀ ਘਸੀ ਪਿਟੀ ਆਵਾਜ਼, ਥੋਥੀ ਵਿਚਾਰਧਾਰਾ, ਲਕਸ਼ਹੀਣ ਜ਼ਿੰਦਗੀ ਸਿੱਧ ਪੱਧਰੇ ਲੋਕਾਂ ਲਈ ਕੁਰਾਹੇ ਪੈਣ ਦਾ ਵਸੀਲਾ ਵੀ ਬਣ ਸਕਦੀ ਹੈ।

ਸਿਰਜਣਾ ਕਰਨ ਸਮੇਂ ਵਚਿੱਤਰਤਾ, ਵਿਲੱਖਣਤਾ ਤੇ ਨਿਵੇਕਲਪਣ ਜ਼ਰੂਰੀ ਹੈ। ਪੱਤਰਕਾਰੀ ਲਈ ਵੀ ਇਨ੍ਹਾਂ ਗੁਣਾਂ ਦਾ ਹੋਣਾ ਲਾਜਮੀ ਹੈ। ਪੱਤਰਕਾਰੀ, ਖਬਰਾਂ ਇਕੱਠੀਆਂ ਕਰਕੇ ਛਾਪਣ ਦਾ ਨਾਂ ਨਹੀਂ। ਸਿਰਜਣਤਾਮਕ ਪੱਤ੍ਰਕਾਰੀ ਲਈ ਘਾਲ ਘਾਲਣੀ ਪੈਂਦੀ ਹੈ। ਜ਼ਿੰਦਗੀ ਦੇ ਸਰੋਵਰ ਵਿਚ ਤਾਰੀਆਂ ਲਾਉਣੀਆਂ ਪੈਂਦੀਆਂ ਹਨ। ਉਸ ਸਮੁੰਦਰ ਵਿਚੋਂ ਰਸ ਨਿਚੋੜ ਕੇ ਉਸ ਮਿਠਾਸ ਨੂੰ ਲੋਕਾਂ ਤੱਕ ਪਹੁੰਚਾਣਾ ਹੁੰਦਾ ਹੈ।

ਇਸ ਲਈ ਪੱਤਕਾਰੀ ਦੇ ਸੰਸਾਰ ਵਿਚ ਪੱਤਰਕਾਰ ਲਈ ਛੱਪੜ ਦੇ ਸਮੁੰਦਰ ਦਾ ਫ਼ਰਕ ਸਮਝਣਾ ਜ਼ਰੂਰੀ ਹੈ— ਬਗ਼ਲੇ ਤੇ ਹੰਸ ਦਾ ਅੰਤਰ ਲੱਭਣਾ ਜ਼ਰੂਰੀ ਹੈ, ਧਰੇਕ ਤੇ ਗੁਲਾਬ ਦਾ ਵਰਗੀਕਰਣ ਕਰਨਾ ਲਾਜ਼ਮੀ ਹੈ। **ਟੀਰੀ ਅੱਖ ਵਾਲੇ ਛੱਪੜ ਦੇ ਤਾਰੂ ਤਾਂ ਹੋ ਸਕਦੇ ਹਨ ਸਮੁੰਦਰ ਦੇ ਨਹੀਂ, ਬਗਲੇ ਤੇ ਸ਼ਿਕਰੇ ਬਣ ਕੇ ਛੱਪੜ ਦੁਆਲੇ ਘੁੰਮਣ ਘੇਰੀ 'ਚ ਫਸੇ ਰਹਿ ਸਕਦੇ ਹਨ ਪਰ ਹੰਸ ਦੀ ਚਾਲ ਤੱਕ ਇਨ੍ਹਾਂ ਦੀ ਪਹੁੰਚ ਨਹੀਂ ਹੋ ਸਕਦੀ। ਕੰਡੇ ਬਣ ਕੇ ਜ਼ਿੰਦਗੀ ਨੂੰ ਲੀਰਾਂ ਲੀਰਾਂ ਤਾਂ ਕਰ ਸਕਦੇ ਹਨ, ਪਰ ਗੁਲਾਬ ਵਾਂਗ ਮਹਿਕ ਦੇਣ ਦੀ ਇਨ੍ਹਾਂ ਵਿਚ ਸਮਰੱਥਾ ਨਹੀਂ ਹੋ ਸਕਦੀ।**

ਇਸੇ ਲਈ ਸਿਰਜਣਾ ਜੀਵਨ ਦੀ ਆਹੂਤੀ ਮੰਗਦੀ ਹੈ। ਜੋ ਰਾਜਨੀਤਕ ਸਿਰਜਣਾ ਕਰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਆਪਣੇ ਲਈ ਨਹੀਂ ਹੁੰਦੀ, ਆਮ ਲੋਕਾਈ ਲਈ ਹੁੰਦੀ ਹੈ। ਤੇ ਉਨ੍ਹਾਂ ਨੂੰ ਮੌਤ ਤੋਂ ਖੌਫ ਨਹੀਂ ਆਉਂਦਾ ਤੇ ਮੌਤ ਉਨ੍ਹਾਂ ਲਈ ਜ਼ਿੰਦਗੀ ਦਾ ਦੂਜਾ ਨਾਂ ਹੈ। ਜੋ ਸਮਾਜਿਕ ਸਿਰਜਣਾ ਦਾ ਬੀੜਾ ਚੁੱਕਦੇ ਹਨ। ਉਹ ਸਮਾਜਿਕ ਯਥਾਰਥ ਲਈ ਜੂਝਦੇ ਹਨ। ਇਸੇ ਤਰਾਂ ਸਾਹਿਤਕਾਰ ਜ਼ਿੰਦਗੀ ਦੀ ਸਮੁੱਚਤਾ ਨੂੰ ਪਕੜ 'ਚ ਲਿਆਉਣ ਲਈ ਸਾਹਿਤਕ ਘਾਲਣਾ ਘਾਲਦਾ ਹੈ। ਸਿਰਜਣਾਤਮਕ ਪੱਤਰਕਾਰੀ ਸਭ ਤੋਂ ਵੱਡੀ ਅਹੂਤੀ ਮੰਗਦੀ ਹੈ। ਕਿਉਂਕਿ ਇਸ ਵਿਚ ਜ਼ਿੰਦਗੀ ਦੇ ਸਭੇ ਸੱਚ ਸਮਾਏ ਹੁੰਦੇ ਹਨ :—

ਪੱਤਰਕਾਰੀ ਦੇ ਖੇਤਰ ਵਿਚ ਬੁਜ਼ਦਿਲਾਂ, ਫਸਲ੍ਹੀ ਬਟੇਰਿਆਂ, ਤੇ ਬਗਲੇ ਭਗਤਾਂ ਲਈ ਅਸਲੋਂ ਹੀ ਕੋਈ ਥਾਂ ਨਹੀਂ। ਜਿਨ੍ਹਾਂ ਪੱਤਰਕਾਰਾਂ ਦੇ ਆਪਣੇ ਜੀਵਨ ਦਾ ਕੋਈ ਆਦਰਸ਼ ਨਹੀਂ, ਜਿਹੜੇ ਆਪਣੇ ਨਿਕਾਰੇਪਣ ਕਾਰਨ ਆਪਣੀ ਜ਼ਿੰਦਗੀ ਨੂੰ ਸੇਧ ਦੇਣ ਦੇ ਸਮਰੱਥ ਨਹੀਂ, ਜੋ ਸਾੜੇ, ਈਰਖਾ ਤੇ ਹੋਰ ਕਰੂਰਾਂ ਦੇ ਆਪ ਮਰੀਜ਼ ਹਨ, ਉਹ ਪੱਤਰਕਾਰੀ ਦੇ ਨਾਂ ਤੇ ਧੱਬਾ ਜ਼ਰੂਰ ਹੋ ਸਕਦੇ ਹਨ। ਉਹ ਵਿਚਾਰਿਆਂ ਵਿਚ ਦੂਜਿਆਂ ਨੂੰ ਸੇਧ ਦੇਣ ਦੀ ਕੀ ਸਮਰੱਥਾ ਹੋ ਸਕਦੀ ਹੈ।

ਇਹ ਸ਼ਾਇਦ ਕਿਸੇ ਨੇ ਸੱਚ ਹੀ ਕਿਹਾ ਹੈ ਕਿ ਤੁਸੀਂ ਲੋਕਾਂ ਨੂੰ ਕੁਝ ਚਿਰ ਲਈ ਕੁਰਾਹੇ ਜ਼ਰੂਰ ਪਾ ਸਕਦੇ ਹੋ, ਪਰ ਸਦਾ ਲਈ ਲੋਕਾਂ ਨੂੰ ਕੁਰਾਹੇ ਪਾਉਣਾ ਮੁਮਕਿਨ ਨਹੀਂ! ਇਸ ਸੱਚ ਦਾ ਸਾਹਮਣਾ ਹਰ ਪੱਤਰਕਾਰ ਨੂੰ ਇਕ ਨਾ ਇਕ ਦਿਨ ਕਰਨਾ ਪੈਂਦਾ ਹੈ।

"ਫੱਕਰ"

ਮੂੰਹ ਆਈ ਬਾਤ ਨਾ ਰਹਿੰਦੀ ਹੈ !

—ਗੋਆ ਦਾ ਸੁੰਦਰ ਸ਼ਹਿਰ ਵਾਸਕੋਡੇਗਾਮਾ ਗੰਦੀ ਬਸਤੀ ਬਣ ਗਿਆ ਹੈ। ਸਰਕਾਰੀ ਅਸੈਂਬਲੀ ਮੈਂਬਰ ਗੈਰ ਕਾਨੂੰਨੀ ਖੋਖਿਆਂ ਵਾਲਿਆਂ ਤੋਂ ਹਜ਼ਾਰਾਂ ਰੁਪਏ ਮਹੀਨਾ ਉਗਰਾਹੀ ਕਰਦਾ ਹੈ।

—ਇਕ ਖਬਰ

ਹਾਕਮ ਦਾਦਾਗੀਰੀ ਨਾ ਕਰਨਗੇ ਤਾਂ ਹੋਰ ਕੌਣ ਕਰੇਗਾ ?

—ਲੋਕ ਨਾਟਕ

—ਬਲਵੰਤ ਗਾਰਗੀ

ਲੋਕ ਤੁਹਾਡਾ ਨਾਟਕ ਦੇਖਦੇ ਦੇਖਦੇ ਥੱਕ ਗਏ ਹਨ। ਅਸਲੀ ਗੱਲ ਵੱਲ ਆਓ!


—ਸਰਕਾਰੀ ਚਮਚੇ ਨੂੰ ਲੱਕ ਤੋੜਵੀਂ ਹਾਰ ਦਿਓ

—ਇਕ ਸੁਰਖੀ

ਸੰਗਤੋ ਸੁਣ ਲਿਆ ਜੇ ?

82ਵੇਂ ਜਨਮ ਦਿਨ ਤੇ ਵਿਸ਼ੇਸ਼

ਸ੍ਰ: ਸੋਭਾ ਸਿੰਘ ਦੀ ਚਿੱਤਰਕਲਾ



—ਹਰਬੀਰ ਸਿੰਘ ਭੰਵਰ—

ਇਸ ਸਦੀ ਦੇ ਸ਼ੁਰੂ ਵਿਚ ਜਿਸ ਤਰ੍ਹਾਂ ਧਾਰਮਿਕ ਤੇ ਪੁਰਾਤਨ ਪੰਜਾਬੀ ਕਵਿਤਾ ਦੇ ਘੇਰੇ ਵਿਚੋਂ ਕੱਢਕੇ ਭਾਈ ਵੀਰ ਸਿੰਘ ਨੇ ਨਵੀਨ ਕਵਿਤਾ ਸ਼ੁਰੂ ਕੀਤੀ। ਸ੍ਰੀ ਗੁਰਬਖਸ਼ ਸਿੰਘ ਨੇ ਨਵੀਨ ਵਾਰਤਕ ਅਤੇ ਸ੍ਰੀ ਨਾਨਕ ਸਿੰਘ ਨੇ ਨਵੀਨ ਨਾਵਲ ਕਲਾ ਦਾ ਆਰੰਭ ਕੀਤਾ, ਉਸੇ ਤਰ੍ਹਾਂ ਹੀ ਪੰਜਾਬ ਵਿਚ ਪੁਰਾਤਨ ਮੁਗਲਕਾਲ ਅਤੇ ਕਾਂਗੜਾ ਕਲਮ ਦੀ ਸ਼ੈਲੀ ਦੇ ਘੇਰੇ ਵਿਚੋਂ ਨਵੀਨ "ਫਾਈਨਆਰਟ" ਦੇ ਆਰੰਭ ਲਈ ਸਾਰਾ ਸਿਹਰਾ 82 ਸਾਲਾ ਬਜ਼ੁਰਗ ਕਲਾਕਾਰ ਸ੍ਰ: ਸੋਭਾ ਸਿੰਘ ਨੂੰ ਜਾਂਦਾ ਹੈ।

ਕਲਾ ਖੇਤਰ ਵਿਚ ਆਉਣ ਤੋਂ ਪਹਿਲਾਂ ਪਹਿਲੀ ਵੱਡੀ ਜੰਗ ਵੇਲੇ ਸ੍ਰ: ਸੋਭਾ ਸਿੰਘ ਨੇ ਭਾਰਤੀ ਫੌਜ ਵਿਚ ਡਰਾਫਟਸਮੈਨ ਵਜੋਂ ਕੰਮ ਕੀਤਾ ਸੀ ਤੇ ਇਸ ਨੌਕਰੀ ਦੇ ਸਿਲਸਲੇ ਵਿਚ ਉਹ ਬਗਦਾਦ(ਇਰਾਕ) ਚਾਰ ਸਾਲ ਰਹੇ ਸਨ। ਉਥੇ ਪੱਛਮੀ ਦੇਸ਼ਾਂ ਦੇ ਕਈ ਕਲਾਕਾਰਾਂ ਨੂੰ ਮਿਲਣ ਅਤੇ ਉਹਨਾਂ ਦੀ ਕਲਾ ਨੂੰ ਸੋਚ ਨਾਲ ਵੇਖਣ ਦਾ ਅਵਸਰ ਮਿਲਿਆ। ਕਲਾ ਦਾ ਸ਼ੌਕ ਤਾਂ ਬਚਪਨ ਤੋਂ ਹੀ ਸੀ। ਉਹਨਾਂ ਦੇ ਪਿਤਾ ਜੋ ਇਕ ਰੀਟਾਇਰਡ ਜੇ. ਸੀ. ਓ. ਸੀ. ਕਦੀ ਕਦੀ ਤਸਵੀਰ ਵੀ ਬਣਾਇਆ ਕਰਦੇ ਸਨ। ਪਛਮੀ ਕਲਾ ਤੋਂ ਪ੍ਰਭਾਵਤ ਤੇ ਉਤਸ਼ਾਹਤ ਹੋਕੇ ਜਦੋਂ ਸ੍ਰ: ਸੋਭਾ ਸਿੰਘ ਨੇ 1923 ਵਿਚ ਅੰਮ੍ਰਿਤਸਰ ਸੁਤੰਤਰ ਤੌਰ ਤੇ ਕਲਾ ਦਾ ਕੰਮ ਸ਼ੁਰੂ ਕੀਤਾ ਤਾਂ ਕਮਰਸ਼ਲ ਆਰਟ ਦੇ ਨਾਲ ਨਾਲ ਫਾਈਨ ਆਰਟ ਨੂੰ ਵੀ ਜਾਰੀ ਰੱਖਿਆ।

ਸੋਭਾ ਸਿੰਘ ਨੇ ਸਭ ਤੋਂ ਪਹਿਲਾਂ ਪੁਸਤਕਾਂ ਅਤੇ ਰਸਾਲਿਆਂ ਦੇ ਮੁਖ ਚਿੱਤਰ ਅਤੇ ਡੀਜ਼ਾਈਨ ਬਣਾਉਣੇ ਸ਼ੁਰੂ ਕੀਤੇ ਸਨ। ਰਸਾਲਿਆਂ ਦੇ ਮੁਖ ਚਿਤਰਣ ਲਈ ਵੀ ਉਹਨਾਂ ਨੇ ਪੰਜਾਬ ਦੇ ਜੀਵਨ ਨੂੰ ਚਿਤਰਿਆ। ਆਮ ਤੌਰ ਤੇ ਉਹਨਾਂ ਨੇ ਪੰਜਾਬ ਦੇ ਪੀਰ, ਫਕੀਰ, ਸ਼ਹੀਦ, ਮੁਰੀਦ, ਭਗਤ, ਲੇਖਕ ਅਤੇ ਆਸ਼ਕਾਂ ਦੇ ਚਿੱਤਰ ਬਣਾਏ ਹਨ। ਇਨ੍ਹਾਂ ਵਿਚੋਂ 'ਸੋਹਣੀ ਮਹੀਵਾਲ' ਅੰਤਰਰਾਸ਼ਟਰੀ ਪ੍ਰਸਿਧੀ ਹਾਸਲ ਕਰ ਚੁਕੀ ਹੈ। ਭਾਵੇਂ ਇਹ ਪੁਛਣ ਤੇ ਤੁਹਾਡੀ ਸਭ ਤੋਂ ਚੰਗੀ ਤਸਵੀਰ ਕਿਹੜੀ ਹੈ ਇਹੋ ਜਵਾਬ ਦਿੰਦੇ ਹਨ, ਮਾਂ ਨੂੰ ਸਭ ਬੱਚੇ ਇਕੋ ਜਿੰਨੇ ਹੀ ਪਿਆਰੇ ਹੁੰਦੇ ਹਨ। ਪਰ ਕਲਾ ਆਲੋਚਕ ਸਰਦਾਰ ਸ਼ਮਸ਼ੇਰ ਸਿੰਘ ਨੇ ਟਰਬਿਊਨ ਅਖਬਾਰ ਵਿਚ ਛਪੇ ਇਕ ਲੇਖ ਵਿਚ ਲਿਖਿਆ ਸੀ "ਉਨ੍ਹਾਂ ਦੇ ਸਾਰੇ ਚਿੱਤਰਾਂ ਵਿਚੋਂ ਕੇਵਲ 'ਸੋਹਣੀ ਮਹੀਵਾਲ' ਦਾ ਚਿੱਤਰ ਹੀ ਸਦੀਵੀ ਪ੍ਰਸਿਧੀ ਲਈ ਅਤੇ ਕਲਾ ਵਿਚ ਸਿੱਕਾ ਜਮਾਉਣ ਲਈ ਕਾਫੀ ਹੈ। ਮਹਾਰਾਜਾ ਕਰਨ ਸਿੰਘ ਦੇ ਮਹਿਲਾਂ ਵਿਚ ਇਸ ਚਿੱਤਰ ਨੂੰ ਵੇਖ ਕੇ ਮਹਾਰਾਣੀ ਦੀ ਇਕ ਸਹੇਲੀ ਨੇ ਹੈਰਾਨ ਹੋਕੇ ਕਿਹਾ ਸੀ, "ਕਮਾਲ ਹੈ! ਇਹ ਕਲਾ ਦਾ ਅੰਤ ਹੈ, ਇਸ ਚਿੱਤਰਕਾਰ ਨੂੰ ਹੁਣ ਆਪਣੇ ਬੁਰਸ਼ ਤੋੜ ਦੇਣੇ ਚਾਹੀਦੇ ਹਨ।" ਚਿੱਤਰਕਾਰ ਦੇ ਇਕ ਮਿੱਤਰ ਡਾ: ਕਰਮ ਸਿੰਘ ਗਰੇਵਾਲ ਕਿਹਾ ਕਰਦੇ ਸਨ, "ਕੌਣ ਕਹਿੰਦਾ ਹੈ...ਸੋਹਣੀ ਮਹੀਵਾਲ ਦੀ ਹੈ, ਸੋਹਣੀ ਤਾਂ ਮੇਰੇ ਯਾਰ ਦੀ ਹੈ !!" ਵਾਰਸ ਸ਼ਾਹ ਦੀ ਹੀਰ ਵਾਂਗ ਸਰਦਾਰ ਸੋਭਾ ਸਿੰਘ ਦੀ 'ਸੋਹਣੀ' ਪ੍ਰਸਿਧ ਹੋ ਚੁਕੀ ਹੈ।

ਇਸਤਰੀਆਂ ਬਾਰੇ ਉਨ੍ਹਾਂ ਦੇ ਹੋਰ ਚਿੱਤਰਾਂ ਵਿਚੋਂ 'ਦੁਲਹਨ', 'ਕਾਂਗੜਾ ਬਰਾਈਡ', 'ਪ੍ਰਭਾਤ ਦੀ ਦੇਵੀ' ਅਤੇ 'ਵਿਧਵਾ' ਪ੍ਰਸਿਧ ਹਨ। ਕਲਾਕਾਰ ਨੂੰ ਫ਼ਿਲਾਸਫ਼ੀ ਦੇ ਅਧਿਅਨ ਦਾ ਬੜਾ ਸ਼ੌਕ ਹੈ ਇਸੇ ਕਰਕੇ ਉਨ੍ਹਾਂ ਦੇ ਚਿੱਤਰਾਂ ਵਿਚੋਂ ਫ਼ਿਲਾਸਫ਼ੀ ਦੀ ਇਕ ਝਲਕ ਮਿਲਦੀ ਹੈ, ਖਾਸ ਕਰ 'ਅਖਰੀਲਾ ਤਰਲਾ', 'ਪ੍ਰਭਾਤ ਦੀ ਦੇਵੀ' 'ਸ਼ਾਹ ਜਹਾਨ ਤੇ ਮੁਮਤਾਜ਼' ਅਤੇ 'ਸਮਾਜ ਦਾ ਨੀਂਹ-ਪੱਥਰ' ਵਾਲੇ ਚਿੱਤਰਾਂ ਵਿਚੋਂ।

ਚਿੱਤਰਕਾਰ ਦੇ ਇਕ ਸਮਕਾਲੀ ਐਸ. ਜੀ. ਠਾਕਰ ਸਿੰਘ ਨੇ ਲਿਖਿਆ ਹੈ, "ਉਹ ਪੁਰਾਤਨ ਮਹਾਨ ਕਲਾਕਾਰਾਂ ਨਾਲ ਸਬੰਧ ਰਖਦਾ ਹੈ ਜਿਨਾਂ ਦੀਆਂ ਇਕਸਾਰ ਤਾਂ ਕੋਸ਼ਿਸ਼ਾਂ ਕਾਰਨ ਕਲਾ ਸੰਸਾਰ ਵਿਚੋਂ ਪੰਜਾਬ ਸਿਰ ਉੱਚਾ ਕਰਨ ਦੇ ਕਾਬਲ ਹੋ ਗਿਆ ਹੈ। ਉਹ ਆਪਣੇ ਵਿਸ਼ੇ ਤੇ ਬਹੁਤ ਸਾਧਨਾ ਕਰਦਾ ਹੈ ਅਤੇ ਕੰਮ ਵਿਚ ਬਰੀਕੀ, ਪੂਰਨਤਾ ਅਤੇ ਦੋਸ਼-ਰਹਿਤ ਨਕਸ਼ਾਂ ਨਵੀਸੀ ਹੁੰਦੀ ਹੈ ਉਸਦਾ ਕੰਮ ਕਈ ਰੰਗਾਂ ਦਾ ਸੁਰਮੇਲ ਹੈ।

ਪਿਛਲੇ ਮਹੀਨੇ ਹੀ ਪੰਜਾਬ ਲਲਿਤ ਕਲਾ ਅਕਾਦਮੀ ਨੇ ਉਹਨਾਂ ਨੂੰ ਸਾਲ 1982 ਲਈ ਸ਼ਰੋਮਣੀ ਚਿਤਰਕਾਰ ਵਜੋਂ ਸਨਮਾਨਿਆ ਹੈ

—'ਵਾਸਤਾ ਈ ਰੱਬ ਦਾ....'

ਇਕ ਸੁਰਖੀ

ਯੂਬਾ ਜਾਈਂ ਵੀ ਕਬੂਤਰਾ
ਚਿੱਠੀ ਸਾਡੇ ਢੋਲ ਨੂੰ ਪੁਚਾਈ ਵੇ ਕਬੂਤਰਾ !

—ਹੋਰ ਸਮਾਚਾਰ ਦਾ ਇੰਤਜ਼ਾਰ ਕਰੋ

—ਇਕ ਸੁਰਖੀ

ਇੰਤਜ਼ਾਰ.....ਇੰਤਜ਼ਾਰ.....ਇੰਤਜ਼ਾਰ...ਕਰੋ.....

—ਸਰੇ—ਬਜ਼ਾਰ ਕਤਲ

—ਕੈਨੇਡਾ ਦਰਪਣ

ਭਾਸ਼ਾ ਦਾ ? ਪਿਆਰਿਓ, ਕਿਉਂ ਰੌਲਾ ਪਾਉਂਦੇ ਹੋ, ਤੁਸੀਂ ਵੀ ਧਰ ਲਏ ਜਾਓਗੇ !

ਪੰਜਾਬੀ ਪੱਤਰਕਾਰੀ



ਸੋਹਨ ਸਿੰਘ ਜੋਸ਼

ਪੰਜਾਬੀ ਪੱਤਰਕਾਰੀ ਹੁਣ ਇਕ ਫਿਰਕੇ ਨਾਲ ਬੱਝੀ ਨਹੀਂ ਰਹਿ ਸਕੇਗੀ। ਇਸ ਨੂੰ ਨਵੇਂ ਜ਼ਮਾਨੇ ਵਾਲਾ ਦੁਨਿਆਵੀ ਪੱਤਰਕਾਰੀ ਵਾਲਾ ਰਾਹ ਅਪਨਾਣਾ ਪਏਗਾ। ਮੈਂ ਨਹੀਂ ਕਹਿੰਦਾ ਕਿ ਮਜ਼ਬੀ ਪੱਤਰਕਾਰੀ ਖਤਮ ਹੋ ਜਾਵੇਗੀ। ਮਜ਼ਬੀ ਫਿਰਕੇ ਆਪਣਾ ਪ੍ਰਚਾਰ ਕਰਦੇ ਰਹਿਣਗੇ, ਪਰ ਭਵਿਖ ਪੰਜਾਬੀ ਦੀ ਦੁਨਿਆਵੀ ਪੱਤਰਕਾਰੀ ਦਾ ਉੱਜਲ ਹੈ, ਫਿਰਕੂ ਪਤਰਕਾਰੀ ਦਾ ਨਹੀਂ। ਸਾਂਝਾ ਪੰਜਾਬੀ ਸਭਿਆਚਾਰ ਨਿਰਮਾਣ ਕਰਨ ਦਾ ਉਦੇਸ਼ ਵੀ ਏਹੋ ਰਾਹ ਦਰਸਾਂਦਾ ਹੈ।

ਕੌਮੀ ਆਜ਼ਾਦੀ ਦੇ ਪਿਛਲੇ ਇੱਕੀਆਂ ਬਾਈਆਂ ਸਾਲਾਂ ਵਿਚ ਪੰਜਾਬੀ ਪਰਤਕਾਰੀ ਨੇ ਤਰੱਕੀ ਤੇ ਉਨਤੀ ਦੇ ਮੈਦਾਨ ਵਿਚ, ਬਹੁਤ ਵੱਡੀ ਉਲਾਂਘ ਪੁੱਟੀ ਹੈ। ਹੁਣ ਪੰਜਾਬੀ ਪਤਰਕਾਰੀ ਉੱਨਤ ਬੋਲੀਆਂ ਦੀ ਪਤਰਕਾਰੀ ਨਾਲ ਮੁਕਾਬਲਾ ਕਰਨ ਜੋਗੀ ਹੋ ਚੁਕੀ ਹੈ। ਭਾਵੇਂ ਇਸ ਪਾਸ ਉਹਨਾਂ ਸਾਧਨਾਂ ਦੀ ਕਮੀ ਹੈ ਜਿਹੜੇ ਗੈਰ-ਇਜਾਰਾਦਾਰ ਪਰੈਸਾਂ ਨੂੰ ਮੁਹੱਈਆਂ ਹਨ। ਇਜਾਰਾਦਾਰ ਪਤਰਕਾਰੀ ਨਾਲ ਤਾਂ ਇਹ ਕਦੇ ਵੀ ਮੁਕਾਬਲਾ ਨਹੀਂ ਕਰ ਸਕੇਗੀ ਕਿਉਂਕਿ ਇਜ਼ਾਰਾਦਾਰਾਂ ਨੂੰ ਸਾਧਨਾ ਦੀ ਕੋਈ ਪਰਵਾਹ ਨਹੀਂ। ਇਜਾਰੇਦਾਰ ਸਿਰਫ ਸਨਅਤ ਉਤੇ ਕਬਜ਼ਾ ਕਰਕੇ ਹੀ ਅਰਾਮ ਨਹੀਂ ਕਰਦੇ, ਸਮਾਜ ਦੇ ਹਰ ਖੇਤਰ ਨੂੰ ਖਾਸ ਕਰ ਪ੍ਰਚਾਰ ਤੇ ਪ੍ਰਾਪੇਗੰਡੇ ਦੇ ਸਭ ਸਾਧਨਾਂ ਨੂੰ ਆਪਣੇ ਕਬਜ਼ੇ ਵਿਚ ਲਿਆਣ ਦੇ ਉਪਰਾਲੇ ਕਰਦੇ ਹਨ। ਅਤੇ ਆਪਣੀ ਵਿਚਾਰ-ਧਾਰਾ ਦਾ ਲੋਕਾਂ ਦੇ ਮਨਾਂ ਉਤੇ ਕਬਜ਼ਾ ਜਮਾ ਕੇ ਉਹਨਾਂ ਦੀ ਰੱਤ ਚੂਸਦੇ ਹਨ ਅਤੇ ਮਾਨਸ-ਖਾਣੇ ਸਮਾਜ ਦੇ ਖਿਲਾਫ ਬਗਾਵਤਾਂ ਰੋਕ ਕੇ ਇਸ ਨੂੰ ਸਦੀਵੀ ਤੇ ਪਾਇਦਾਰ ਬਨਾਣ ਦਾ ਯਤਨ ਕਰਦੇ ਹਨ। ਅਣਗਿਣਤ ਸਹੂਲਤਾਂ ਕਰਕੇ ਇਜਾਰਾਦਾਰ ਪੱਤਰਕਾਰੀ ਛੋਟੇ ਅਖਬਾਰਾਂ ਦਾ ਗਲਾ ਘੁੱਟਦੀ ਹੈ ਅਤੇ ਇਸ ਨਾ ਬਰਾਬਰ ਮੁਕਾਬਲੇ ਵਿਚ ਉਹਨਾਂ ਨੂੰ ਬਿਸਤਰਾ ਗੋਲ ਕਰਣ ਲਈ ਮਜਬੂਰ ਕਰ ਦੇਂਦੀ ਹੈ। ਏਹੋ ਕਾਰਣ ਹੈ ਕਿ ਇਜਾਰਾਦਾਰ ਪ੍ਰੈਸ ਦੀਆਂ ਮੁਸ਼ਕਾਂ ਬੰਨਣ ਲਈ ਆਵਾਜ਼ ਉਠ ਰਹੀ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਇਹਨਾਂ ਅਖਬਾਰਾਂ ਦੇ ਕਾਗਜ਼ ਦੇ ਕੋਟੇ ਘਟਾਏ ਜਾਣ। ਕੀਮਤ ਪੰਨਿਆਂ ਦੇ ਹਿਸਾਬ ਨਾਲ ਬੰਨ੍ਹੀ ਜਾਵੇ ਤਾਂ ਜੋ ਇਹ ਛੋਟੀ ਪੱਤਰਕਾਰੀ ਦਾ ਗਲਾ ਨਾ ਘੁੱਟ ਸਕਣ। ਪਰ ਇਹ ਮੰਗ ਇਜਾਰਾਦਾਰ ਪ੍ਰੈਸ ਦੇ ਕੌਮੀ ਕਰਨ ਲਈ ਹੋਣੀ ਚਾਹੀਦੀ ਹੈ ਤਾਂ ਜੋ ਛੋਟੇ ਅਖਬਾਰ ਵਧ ਫੁੱਲ ਸਕਣ।

ਪੰਜਾਬੀ ਪੱਤਰਕਾਰੀ ਦੀ ਸਭ ਤੋਂ ਵੱਡੀ ਬੀਮਾਰੀ ਇਸ ਦੇ ਪਾਠਕਾਂ ਦੀ ਅਣਹੋਂਦ ਹੈ। ਪੰਜਾਬ ਦੇ ਲੋਕ ਗਰੀਬ ਨਹੀਂ, ਚੰਗੇ ਖਾਂਦੇ ਪੀਂਦੇ ਲੋਕ ਹਨ। ਇਹਨਾਂ ਨੇ ਘਰਾਂ ਵਿਚ ਮੇਜ਼ ਕੁਰਸੀਆਂ ਲੈ ਆਂਦੀਆਂ ਹਨ। ਰੇਡੀਓ ਖਰੀਦ ਕੇ ਰੱਖ ਲਏ ਹਨ। ਸ਼ਾਇਦ ਹੀ ਕੋਈ ਘਰ ਹੋਵੇਗਾ ਜਿਥੇ ਚਾਹ ਦਾ ਸਮਾਨ ਨਾ ਹੋਵੇ! ਇਹ ਲੱਖਾਂ ਰੁਪਏ ਸ਼ਰਾਬ ਦੇ ਮੂੰਹ ਬਰਬਾਦ ਕਰਦੇ ਹਨ। ਪਰ ਤੁਸੀਂ ਟਾਵੇਂ ਟਾਵੇਂ ਘਰੀ ਹੀ ਮੇਜ਼ ਉਤੇ ਅਖਬਾਰ ਜਾਂ ਕੋਈ ਸਾਹਿਤਕ ਪੁਸਤਕ ਵੇਖੋਗੇ— ਪੰਜਾਬੀਆਂ ਦੇ ਹੋਰ ਪਾਸੇ ਨਰੋਏ ਹਨ ਸਭਿਆਚਾਰ ਦੀ ਉਨਤੀ ਦੇ ਦਰਸਾਊ ਹਨ —ਪਰ ਇਹ ਪਾਸਾ ਬਹੁ-ਗਿਣਤੀ ਦਾ ਮਾਰਿਆ ਹੋਇਆ ਹੈ! ਇਸ ਦਾ ਇਲਾਜ ਸੋਚਣਾ ਚਾਹੀਦਾ ਹੈ ਕਿਉਂਕਿ ਪੰਜਾਬੀ ਅਖਬਾਰਾਂ ਤੇ ਪੁਸਤਕਾਂ ਪੜ੍ਹਨ ਦੀ ਇਹ ਅਰੁਚੀ ਪੰਜਾਬੀ ਦੀ ਤਰੱਕੀ ਦਾ ਰਾਹ ਰੋਕੀ ਖਲੋਤੀ ਹੈ। ਘਰ ਦੇ ਮੇਜ਼ ਉਤੇ ਪਈਆਂ ਅਖਬਾਰਾਂ ਅਤੇ ਪੁਸਤਕਾਂ ਆਕੇ ਮਿਹਮਾਨਾਂ ਦਾ ਸੁਆਗਤ ਕਰਕੇ ਕਹਿੰਦੀਆਂ ਹਨ ਇਹ ਵਿਦਵਾਨਾਂ ਦਾ ਘਰ ਹੈ। ਜਾਹਲ ਦਾ ਘਰ ਨਹੀਂ। ਆਓ ਬੈਠੋ।

ਸਾਡੇ ਅਖਬਾਰਾਂ ਦੇ ਘੱਟ ਛਪਣ ਦਾ ਕਾਰਨ ਇਕ ਇਹ ਹੈ ਕਿ ਅੰਗਰੇਜ਼ੀ ਪੜੇ ਹੋਏ ਬਾਹਲੇ ਆਦਮੀ, ਪੰਜਾਬੀ ਅਖਬਾਰ ਨਹੀਂ ਪੜ੍ਹਦੇ, ਉਹ ਅੰਗਰੇਜ਼ੀ ਅਖਬਾਰ ਖਰੀਦਦੇ ਤੇ ਪੜ੍ਹਦੇ ਹਨ ਅਤੇ ਆਪਣੀ ਵਿਦਿਆ ਦੇ ਵਿਖਾਲੇ ਰਾਹੀਂ ਇਕ ਤਰ੍ਹਾਂ ਪੰਜਾਬੀ ਪਤਰਕਾਰੀ ਨੂੰ ਨੱਕ ਉਤੇ ਹੀ ਨਹੀਂ ਚੜ੍ਹਾਂਦੇ। ਢੇਰ ਸਾਰੇ ਅੱਜ ਉਰਦੂ ਦੇ ਅਖਬਾਰ ਹੀ ਪੜ੍ਹਦੇ ਹਨ, ਜਦੋਂ ਕਿ ਉਰਦੂ ਦੇ ਅਖਬਾਰ ਫਿਰਕਾ ਪਰਸਤ ਹਨ ਅਤੇ ਪੰਜਾਬੀ ਦੇ ਅਖਬਾਰਾਂ ਨਾਲੋਂ ਕਿਸੇ ਪਹਿਲੂ ਵਿਚ ਚੰਗੇਰੇ ਨਹੀਂ ਪਰ ਇਹ ਵਾਦੜੀਆਂ ਸਜਾਦਾੜੀਆਂ ਦੇ ਸਿਰਾਂ ਨਾਲ ਨਿਭਣ ਵਾਲੀ ਗੱਲ ਹੈ। ਹੋਰ ਕੁਛ ਨਹੀਂ!

ਇਸ ਪਛੜੇਵੇਂ ਦਾ ਵੱਡਾ ਕਾਰਣ ਸਾਡੇ ਲੋਕਾਂ ਦੀ ਬਹੁ ਗਿਣਤੀ ਦੀ ਅਨਪੜ੍ਹਤਾ ਹੈ। ਪੰਜਾਬੀ ਸੌ ਵਿਚੋਂ ਪੱਝੀ ਛੱਬੀ ਪੜ੍ਹੇ ਹੋਏ ਹਨ ਜਦੋਂ ਕਿ ਕੇਰਲਾ ਦੇ ਲੋਕ ਸੌ ਪਿਛੇ ਬਵੰਜਾ ਪੜ੍ਹੇ ਹੋਏ ਹਨ—ਸਾਡੇ ਨਾਲੋਂ ਦੂਗਣੇ! ਗੁਰਦੁਆਰਿਆਂ ਦੀ ਆਜ਼ਾਦੀ ਪਿਛੋਂ ਹਰ ਇਕ ਸਿੱਖ ਨੂੰ ਪੰਜਾਬੀ ਪੜ੍ਹਨ ਦੇ ਨਾਹਰੇ ਨੂੰ ਚਾਲੀ ਸਾਲ ਹੋ ਗਏ। ਕੌਮੀ ਆਜ਼ਾਦੀ ਹਾਸਲ ਹੋਇਆ ਨੂੰ 22 ਸਾਲ ਹੋ ਗਏ ਹਨ। ਪੰਜਾਬੀ ਲੋਕਾਂ ਦੀ ਵਿਦਿਆ ਪੜ੍ਹਾਈ ਦੀ ਚਾਲ ਇਤਨੀਂ ਤੇਜ ਹੋ ਗਈ ਹੈ ਕਿ ਹੁਣ ਤੱਕ ਪੰਜਾਬੀ ਵਿਚ ਸੌ ਵਿਚੋਂ ਸਿਰਫ ਪੱਝੀ ਛੱਬੀ ਤਕ ਹੀ ਪਹੁੰਚੇ ਹਨ। ਇਸ ਤੇਜ ਰਫਤਾਰ ਨਾਲ ਅਗਲੇ ਸੌ ਸਾਲ ਤਕ ਵੀ ਪੰਜਾਬ ਵਿਚੋਂ ਅਨਪੜ੍ਹਤਾ ਦਾ ਡੇਰਾ ਡੰਡਾ ਨਹੀਂ ਚੁੱਕਿਆ ਜਾ ਸਕਦਾ।

ਮਿਤੀ 7 ਸਤੰਬਰ, 1969

ਗਾਲਿਬ ਐਵਾਰਡ ਲਈ ਕਵੀ ਦੀ ਚੋਣ

ਨਵੀਂ ਦਿੱਲੀ:-ਪ੍ਰਸਿਧ ਉਰਦੂ ਕਵੀ ਗੁਲਾ ਰਾਬਬਾਨੀ ਨੂੰ ਕਵਿਤਾ ਲਈ 1981 ਗਾਲਿਬ ਐਵਾਰਡ ਲਈ ਚੁਣਿਆ ਗਿਆ ਹੈ। ਇਹ ਐਲਾਨ ਗਾਲਿਬ ਸੰਸਥਾ ਵਲੋਂ ਕੀਤਾ ਗਿਆ ਹੈ। ਪਰੋਜ ਵਾਸਤੇ ਅਹਿਮਦ ਸਰੂਰ ਅਤੇ ਡਰਾਮੇ ਵਾਸਤੇ ਮਹਸ਼ੇਵਰ ਦਿਆਲ ਨੂੰ ਚੁਣਿਆ ਗਿਆ ਹੈ। ਉਰਦੂ ਅਤੇ ਪਰਸ਼ੀਅਕ ਸਾਹਿਤ ਵਿਚ ਖੋਜ ਦੇ ਐਵਾਰਡ ਲਈ ਐਤਿਕ ਸਿਧਕੀ ਨੂੰ ਚੁਣਿਆ ਗਿਆ।

ਦਲ ਵਲੋਂ ਘੱਟ ਗਿਣਤੀਆਂ ਦੀ ਹਮਾਇਤ ਲਈ ਖਰੜਾ ਤਿਆਰ

ਚੰਡੀਗੜ੍ਹ:- ਸ਼ਰੋਮਣੀ ਅਕਾਲੀ ਦਲ ਨੇ ਆਪਣੀਆਂ ਮੰਗਾਂ ਦੀ ਹਮਾਇਤ ਵਿਚ ਘੱਟ ਗਿਣਤੀਆਂ, ਵਿਰੋਧੀ ਪਾਰਟੀਆਂ ਅਤੇ ਗੈਰਕਾਂਗਰਸੀ ਰਾਜ ਸਰਕਾਰਾਂ ਦੀ ਹਮਾਇਤ ਹਾਸਲ ਕਰਨ ਲਈ ਇਕ ਖਰੜਾ ਲਗਭਗ ਤਿਆਰ ਕਰ ਲਿਆ ਹੈ ਤਾਂ ਜੋ ਉਨ੍ਹਾਂ ਦੀਆਂ ਮੰਗਾਂ ਬਾਰੇ ਕਿਸੇ ਕਿਸਮ ਦਾ ਭੁਲੇਖਾ ਨਾ ਰਹੇ।

ਭੁਲੇਖੇ ਦੂਰ ਕਰਨ ਲਈ ਜਿਨਾਂ ਬੰਦਿਆਂ ਦੀ ਡਿਊਟੀ ਲਾਈ ਗਈ ਹੈ, ਉਹਨਾਂ ਨੂੰ ਦਲ ਦੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿਘ ਲੌਂਗੋਵਾਲ ਨੇ ਲੋੜੀਂਦੀਆਂ ਹਦਾਇਤਾਂ ਦੇ ਦਿਤੀਆਂ ਹਨ।

ਅਕਾਲੀ ਦਲ ਦੇ ਉਚ ਸੂਤਰਾਂ ਅਨੁਸਾਰ ਮੰਗਾਂ ਨੂੰ ਸੰਖੇਪ ਰੂਪ ਦਿਤਾ ਹੈ ਅਤੇ ਹੁਣ ਇਨਾਂ ਦੀ ਗਿਣਤੀ 10 ਰਹਿ ਗਈ ਹੈ। ਇਨਾਂ ਵਿਚੋਂ 4 ਮੰਗਾਂ ਧਾਰਮਿਕ ਹਨ ਜਿਨਾਂ ਨੂੰ ਮੰਨਣ ਨਾਲ ਕਿਸੇ ਦੂਜੇ ਫਿਰਕੇ ਜਾਂ 'ਧਰਮ' ਤੇ ਅਸਰ ਨਹੀਂ ਪੈਂਦਾ। ਇਨ੍ਹਾਂ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਕਰਾਰ ਦੇਣ, ਰੇਡੀਓ ਤੋਂ ਗੁਰਬਾਣੀ ਕੀਰਤਨ ਦੇ ਪ੍ਰਸਾਰਨ, ਸਰਬ ਹਿੰਦ ਗੁਰਦੁਆਰਾ ਐਕਟ ਬਨਾਉਣ ਦੀ ਮੰਗ ਸ਼ਾਮਲ ਹੈ।

ਬਾਕੀ 6 ਮੰਗਾਂ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ, ਰਾਵੀ ਬਿਆਸ ਦੇ ਪਾਣੀਆਂ ਦੀ ਵੰਡ ਦਾ ਮਸਲਾ ਸੁਪਰੀਮ ਕੋਰਟ ਦੇ ਜੱਜਾਂ ਨੂੰ ਸੌਂਪਣ ਦੀ ਮੰਗ ਸ਼ਾਮਲ ਹੈ।

ਅਨੰਦਪੁਰ ਸਾਹਿਬ ਦੇ ਮਤੇ ਦੀ ਨਵੀਂ ਰੂਪ ਰੇਖਾ ਦੇਕੇ ਮੰਗ ਕੀਤੀ ਗਈ ਹੈ ਕਿ ਸੂਬਿਆਂ ਨੂੰ ਵੱਧ ਮਾਲੀ ਅਧਿਕਾਰ ਦਿਤੇ ਜਾਣ।

ਪਾਕਿਸਤਾਨ ਪ੍ਰਮਾਣੂ ਤਕਨਾਲੋਜੀ ਲੈਣ ਲਈ ਬਜ਼ਿਦ

ਟਰਾਂਟੋ:—ਪਾਕਿਸਤਾਨ ਦੇ ਪ੍ਰਧਾਨ ਮੁਹੰਮਦ ਜੀਆ-ਉਲ-ਹੱਕ ਨੇ ਆਪਣੇ ਕੈਨੇਡਾ ਦੇ ਪੰਜ-ਰੋਜ਼ਾ ਦੌਰੇ ਦੌਰਾਨ ਕਿਹਾ ਕਿ ਚਾਹੇ ਵਿਕਸਿਤ ਦੇਸ਼ ਮਦਦ ਕਰਨ ਜਾਂ ਨਾ ਕਰਨ, ਪਰ ਪਾਕਿਸਤਾਨ ਪ੍ਰਮਾਣੂ ਤਕਨਾਲੋਜੀ ਜ਼ਰੂਰ ਪ੍ਰਾਪਤ ਕਰੇਗਾ।

ਜ਼ੀਆਂ ਅਨੁਸਾਰ ਇਕ ਤਕਨਾਲੋਜੀ "ਅਮਨ" ਲਈ ਪ੍ਰਾਪਤ ਕਰਨੀ ਜ਼ਰੂਰੀ ਹੈ।

ਉਸਨੇ ਕਿਹਾ 'ਜੇਕਰ ਕੈਨੇਡਾ ਵਰਗੇ ਦੇਸ਼ ਪ੍ਰਮਾਣੂ ਤੌਰ ਤੇ ਸਾਡੀ ਸਹਾਇਤਾ ਨਹੀਂ ਕਰਨਗੇ, ਪਾਕਿਸਤਾਨ ਕੋਲ ਇਸਨੂੰ ਪ੍ਰਾਪਤ ਕਰਨ ਦੇ ਹੋਰ ਬਹੁਤ ਰਾਹ ਹਨ।'

ਯਾਦ ਰਹੇ ਕਿ ਕੈਨੇਡਾ ਨੇ 1976 ਵਿਚ ਪਾਕਿਸਤਾਨ ਨੂੰ ਇਹ ਤਕਨਾਲੋਜੀ ਦੇਣ ਤੋਂ ਇਨਕਾਰ ਕਰ ਦਿਤਾ ਸੀ। ਉਸ ਸਮੇਂ ਪਾਕਿਸਤਾਨ ਨੇ ਅੰਤਰਰਾਸ਼ਟਰੀ ਪ੍ਰਮਾਣੂ ਹਥਿਆਰਾਂ ਦੀ ਰੋਕ ਸਬੰਧੀ ਸੰਧੀ ਤੇ ਦਸਤਖਤ ਕਰਨ ਤੋਂ ਨਾਂਹ ਕੀਤੀ ਸੀ। ਜ਼ੀਆਂ ਨੇ ਕਿਹਾ ਕਿ ਜੇ ਭਾਰਤ ਅਜੇਹੀ ਸੰਧੀ ਦਸਤਖਤ ਕਰੇਗਾ ਤਾਂ ਹੀ ਪਾਕਿਸਤਾਨ ਅਜਿਹਾ ਕਦਮ ਉਠਾਵੇਗਾ। ਇਸ ਪੰਜ ਦਿਨਾਂ ਦੌਰੇ ਵਿਚ ਜ਼ੀਆਂ ਦੀ ਮਨੁਖੀ ਹੱਕਾਂ ਨੂੰ ਕੁਚਲਣ ਦੀ ਪਾਲਿਸੀ ਵਿਰੁਧ ਮੁਜ਼ਾਹਰੇ ਹੋਏ।

ਦਲ ਖਾਲਸਾ ਦੇ ਵਰਕਰਾਂ ਬਾਰੇ ਕੌਮਾਂਤਰੀ ਪੁਲੀਸ ਚੌਕਸ

ਨਵੀਂ ਦਿੱਲੀ:- ਭਾਰਤ ਦੀਆਂ ਖੁਫੀਆਂ ਏਜੰਸੀਆਂ ਨੇ ਦਲ ਖਾਲਸਾ ਦੇ ਵਰਕਰਾਂ ਦੀਆਂ ਸਰਗਰਮੀਆਂ ਉਤੇ ਨਿਗਾਹ ਰੱਖਣ ਲਈ ਕੌਮਾਂਤਰੀ ਪੁਲੀਸ ਦੀਆਂ ਸੇਵਾਵਾਂ ਮੰਗੀਆਂ ਹਨ।

ਜਾਣਕਾਰ ਸੂਤਰਾਂ ਅਨੁਸਾਰ ਕੌਮਾਂਤਰੀ ਪੁਲੀਸ ਨੂੰ ਤੋੜ ਫੋੜ ਅਤੇ ਹਵਾਈ ਜਹਾਜ਼ਾਂ ਦੇ ਅਗਵਾਕਾਰਾਂ ਦੀਆਂ ਸਰਗਰਮੀਆਂ ਉਤੇ ਨਿਗਾਹ ਰੱਖਣ ਲਈ ਏਸ਼ੀਆਡ ਖੇਡਾਂ ਤੋਂ ਪਹਿਲਾਂ ਬੇਨਤੀ ਕੀਤੀ ਗਈ ਸੀ ਅਤੇ ਹੁਣ ਦੁਬਾਰਾ ਬੇਨਤੀ ਕੀਤੀ ਗਈ ਹੈ।

ਦਲ ਖਾਲਸਾ ਦੇ ਬਹੁਤੇ ਸਮਰਥਕ ਕੈਨੇਡਾ, ਪੱਛਮੀ ਜਰਮਨੀ ਤੇ ਬਰਤਾਨੀਆਂ ਵਿਚ ਦੱਸੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਆਪਣੀਆਂ ਸਰਗਰਮੀਆਂ ਮੁੜ ਤੇਜ ਕਰ ਦਿਤੀਆਂ ਹਨ।

ਖੁਫੀਆਂ ਏਜੰਸੀਆਂ ਨੂੰ ਸੂਚਨਾ ਮਿਲੀ ਹੈ ਕਿ ਦਲ ਖਾਲਸਾ ਦੇ ਵਰਕਰ ਯੂਰਪ ਵਿਚ ਤੋੜ-ਫੋੜ ਦੀਆਂ ਕਾਰਵਾਈਆਂ ਕਰਕੇ ਖਬਰਾਂ ਦਾ ਕੇਂਦਰ ਬਣ ਸਕਦੇ ਹਨ।

ਭਾਵੇਂ ਅਧਿਕਾਰੀ ਦਲ ਖਾਲਸਾ ਦੇ ਇਨ੍ਹਾਂ ਸਰਗਰਮ ਵਰਕਰਾਂ ਬਾਰੇ ਕੁਝ ਕਹਿਣ ਤੋਂ ਝਿਜਕਦੇ ਹਨ ਪਰ ਸਮਝਿਆ ਜਾਂਦਾ ਹੈ ਕਿ ਇਨਾਂ ਵਿਚ ਸਰਵ ਸ੍ਰੀ ਤਰਸੇਮ ਸਿੰਘ, ਸੇਵਾ ਸਿੰਘ, ਗੁਰਨਾਮ ਸਿੰਘ, ਵਧਾਵਾ ਸਿੰਘ ਅਤੇ ਬਲਵਿੰਦਰ ਸਿੰਘ ਦੇ ਨਾਂ ਵੀ ਸ਼ਾਮਲ ਹਨ।

ਪੰਜ ਮੈਂਬਰੀ ਕਮੇਟੀ ਭੰਗ ਕਰਨ ਦੀ ਮੰਗ

ਫਰੀਦਕੋਟ:-ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਮਹੰਤ ਸੇਵਾਦਾਸ ਨੇ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅਪੀਲ ਕੀਤੀ ਹੈ ਕਿ ਉਹ ਦਲ ਦੀ ਪੰਜ ਮੈਂਬਰੀ ਕਮੇਟੀ ਭੰਗ ਕਰ ਦੇਣ ਕਿਉਂਕਿ ਇਹ ਆਪਣੇ ਉਦੇਸ਼ ਵਿਚ ਅਸਫਲ ਰਹੀ ਹੈ।

ਕੱਲ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਹੰਤ ਸੇਵਾਦਾਸ ਨੇ ਇਹ ਵੀ ਦੋਸ਼ ਲਾਇਆ ਕਿ ਉਕਤ ਕਮੇਟੀ ਦੇ ਬਹੁਤ ਸਾਰੇ ਮੈਂਬਰ ਅਕਾਲੀ ਦਲ ਦੀਆਂ ਮੰਗਾਂ ਪ੍ਰਤੀ ਇਮਾਨਦਾਰ ਨਹੀਂ ਹਨ। ਉਨਾਂ ਸੰਤ ਲੌਂਗੋਵਾਲ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਵਿਚੋਲਿਆਂ ਨਾਲ ਗੱਲਬਾਤ ਕਰਨ ਦੀ ਥਾਂ ਸਿੱਧੀ ਪ੍ਰਧਾਨ ਮੰਤਰੀ ਨਾਲ ਗਲਬਾਤ ਕਰਨ।



ਜਗਜੀਤ ਸਿੰਘ ਦੇ ਕਾਤਲ ਪੁਲਸੀਏ ਗ੍ਰਿਫਤਾਰ ਕਰ ਲਏ

ਅੰਮ੍ਰਿਤਸਰ 29 —ਐਸ. ਪੀ. ਸਿਟੀ ਸ: ਹਰਜੀਤ ਸਿੰਘ ਨੇ ਦਸਿਆਂ ਹੈ ਕਿ ਜਗਜੀਤ ਸਿੰਘ ਕਤਲ ਕੇਸ ਵਿਚ ਸੀ. ਆਈ. ਏ. ਸਟਾਫ ਦੇ ਚਾਰ ਪੁਲਸ ਕਰਮਚਾਰੀਆਂ ਇੰਸਪੈਕਟਰ ਕੁਲਵੰਤ ਸਿੰਘ ਏ. ਐਸ. ਆਈ. ਪਰਮਾਨੰਦ ਹੈਡ-ਕਾਂਸਟੇਬਲ ਮਦਨ ਲਾਲ ਅਤੇ ਕਾਂਸਟੇਬਲ ਸਵਰਨ ਸਿੰਘ ਨੂੰ ਧਾਰਾ 302 ਦੇ ਅਧੀਨ ਗਿਰਫਤਾਰ ਕਰ ਲਿਆ ਗਿਆ ਹੈ। ਇਹਨਾਂ ਨੂੰ ਸਰੀਰਿਕ ਰਿਮਾਂਡ ਲਈ ਕਲ ਅਦਾਲਤ ਵਿਚ ਪੇਸ਼ ਕੀਤਾ ਜਾਏਗਾ। ਤਾਂ ਕਿ ਉਹਨਾਂ ਕੋਲੋਂ ਜਗਜੀਤ ਸਿੰਘ ਦੀ ਲਾਸ਼ ਬਰਾਮਦ ਕੀਤੀ ਜਾਏ।

ਜਾਂਚ ਵਿਚ ਪਤਾ ਲਗਾ ਹੈ ਕਿ ਮੁਲਾਜ਼ਮਾਂ ਨੇ ਜਗਜੀਤ ਸਿੰਘ ਦੀ ਮੌਤ ਦੇ ਬਾਦ ਉਸਦੀ ਲਾਸ਼ ਹਰੀ ਦੇ ਪਤਨ ਦੇ ਨਹਿਰ ਵਿਚ ਸੁਟ ਦਿਤੀ। ਇਸ ਨਹਿਰ ਦਾ ਪਾਣੀ ਇਤਨਾ ਤੇਜ਼ ਹੈ ਕਿ ਦੋ-ਚਾਰ ਮਿੰਨਟਾਂ ਵਿਚ ਹੀ ਰੋੜੀ ਚੀਜ਼ ਦੋ ਮੀਲ ਦੂਰ ਚਲੀ ਜਾਂਦੀ ਹੈ ਅਤੇ ਇਸ ਦਾ ਕੋਈ ਨਿਸ਼ਾਨ ਬਾਕੀ ਨਹੀਂ ਰਹਿੰਦਾ। ਇਹ ਨਹਿਰ ਰਾਜਸਥਾਨ ਵਿਚ ਜਾ ਕੇ ਖਤਮ ਹੁੰਦੀ ਹੈ। ਅਤੇ ਇਤਨੇ ਸਮੇਂ ਵਿਚ ਲਾਸ਼ ਇਨੀ ਗਲ-ਸੜ ਜਾਂਦੀ ਹੈ ਕਿ ਇਸ ਨੂੰ ਮਛਲੀਆ ਖਾਂ ਜਾਂਦੀਆਂ ਹਨ। ਇਸ ਕੇਸ ਵਿਚ ਐਸ. ਪੀ. ਡਿਟੈਕਟਿਵ ਸ੍ਰੀ ਏ. ਪੀ. ਪਾਂਡੇ ਦੀ ਗਵਾਹੀ ਵੀ ਹੋਏਗੀ ਕਿ ਜਿਹਨਾਂ ਦੇ ਇਹ ਮੰਨਿਆਂ ਹੈ ਕਿ ਜਗਜੀਤ ਸਿੰਘ ਜਾਂਚ ਲਈ ਕੁਲਵੰਤ ਸਿੰਘ ਦੇ ਕੋਲ ਸੀ।

ਦਲ ਦੇ ਫੈਸਲੇ ਦੀ ਤਿੱਖੀ ਆਲੋਚਨਾ

ਅੰਮ੍ਰਿਤਸਰ:—ਅਕਾਲੀ ਦਲ ਵਲੋਂ ਮੋਰਚੇ ਦੀ ਨਵੀਂ ਨੀਤੀ ਦਾ ਐਲਾਨ 26 ਜਨਵਰੀ ਨੂੰ ਕਰਨ ਦੇ ਫੈਸਲੇ ਦੀ ਇਥੇ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ ਅਤੇ ਇਹ ਧਾਰਨਾ ਆਮ ਹੀ ਪਾਈ ਜਾ ਰਹੀ ਹੈ ਕਿ ਅਕਾਲੀਆਂ ਵਿਚ ਹੁਣ ਮੋਰਚਾ ਜਾਰੀ ਰੱਖਣ ਦੀ ਤਾਕਤ ਨਹੀਂ ਰਹਿ ਗਈ।

ਮੋਰਚੇ ਨੂੰ ਜਾਰੀ ਰੱਖਣ ਵਿਚ ਆਰਥਿਕ ਪਹਿਲੂ ਵੀ ਕਾਫੀ ਮਹੱਤਵ ਰੱਖਦਾ ਹੈ। ਸਮਝਿਆ ਜਾ ਰਿਹਾ ਹੈ ਕਿ ਅਕਾਲੀ ਮੋਰਚੇ ਲਈ ਹੁਣ ਆਰਥਿਕ ਸਮੱਸਿਆਵਾਂ ਪੈਦਾ ਹੋ ਗਈਆਂ ਹਨ।

ਨੌਵਾਂ ਪੰਜਾਬੀ ਫਿਲਮ ਮੇਲਾ ਅਪਰੈਲ 1983 ਵਿਚ

ਚੰਡੀਗੜ੍ਹ:—ਪੰਜਾਬ ਨਾਟ ਸੰਘ ਨੇ ਨੌਵਾਂ ਪੰਜਾਬੀ ਫਿਲਮ ਮੇਲਾ ਅਪਰੈਲ 1983 ਵਿਚ ਕਰਨ ਦਾ ਫੈਸਲਾ ਕੀਤਾ ਹੈ। ਜਿਸ ਵਿਚ ਪਿਛਲੇ ਪੰਜ ਸਾਲਾਂ ਵਿਚ ਪ੍ਰਦਰਸ਼ਤ ਹੋਈਆਂ ਵਧੀਆ ਪੰਜਾਬੀ ਫਿਲਮਾਂ ਅਤੇ ਇਸ ਸਾਲ ਰਿਲੀਜ਼ ਹੋ ਰਹੀਆਂ ਪੰਜਾਬੀ ਫਿਲਮਾਂ ਦੇ ਨਿਰਮਾਤਾਵਾਂ, ਨਿਰਦੇਸ਼ਕਾਂ ਅਤੇ ਮੁਖ ਕਲਾਕਾਰਾਂ ਨੂੰ ਇਨਾਮ ਦੇਕੇ ਸਨਮਾਨਤ ਕੀਤਾ ਜਾਏਗਾ।

ਨਾਟ ਸੰਘ ਦੇ ਪ੍ਰਧਾਨ ਗੁਰਚਰਨ ਸਿੰਘ ਦੇਵ ਨੇ ਇਹ ਐਲਾਨ ਕਰਦੇ ਹੋਏ ਦੱਸਿਆ ਕਿ ਇਸ ਮੇਲੇ ਵਿਚ ਪਾਕਿਸਤਾਨ ਦੇ ਫਿਲਮੀ ਕਲਾਕਾਰਾਂ ਨੂੰ ਵੀ ਸ਼ਾਮਲ ਹੋਣ ਦਾ ਸੱਦਾ ਦਿਤਾ ਜਾਏਗਾ।

ਨੌਵੇ ਮੇਲੇ ਦੀ ਪ੍ਰਧਾਨਗੀ ਚੋਟੀ ਦਾ ਫਿਲਮ ਅਭਿਨੇਤਾ ਕਰੇਗਾ ਜਦ ਕਿ ਮੁਖ ਪ੍ਰਾਹੁਣਾ ਬਣਨ ਲਈ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਬੇਨਤੀ ਕੀਤੀ ਜਾਏਗੀ।

ਸ੍ਰੀ ਦੇਵ ਨੇ ਦੱਸਿਆ ਕਿ ਐਮਰਜੈਂਸੀ ਵਿਚ ਮੇਲੇ ਤੇ ਰੋਕ ਲਾਈ ਗਈ ਸੀ ਤੇ ਬਾਦ 'ਚ ਪੰਜਾਬ ਸਰਕਾਰ ਨੇ ਇਹ ਕੰਮ ਆਪਣੇ ਹੱਥ ਵਿਚ ਲੈ ਕੇ ਪੰਜਾਬੀ ਫਿਲਮਾਂ ਤੇ ਕਲਾਕਾਰਾਂ ਨੂੰ ਸਨਮਾਨਤ ਕਰਨ ਦਾ ਐਲਾਨ ਕੀਤਾ ਸੀ ਜਿਸ ਕਾਰਨ ਨਾਟ ਸੰਘ ਪਿਛੇ ਹਟ ਗਿਆ। ਪਰ ਸਰਕਾਰ ਮਹਾਰਾਸ਼ਟਰ, ਮਦਰਾਸ ਤੇ ਬੰਗਾਲ ਆਦਿ ਰਾਜ ਸਰਕਾਰਾਂ ਵਾਂਗ ਮੇਲੇ ਕਰਨ ਤੋਂ ਅਸਮਰਥ ਰਹੀ ਹੈ ਜਿਸ ਕਰਕੇ ਨਾਟ ਸੰਘ ਨੂੰ ਹੁਣ ਫਿਰ ਮੈਦਾਨ ਵਿਚ ਆਉਣਾ ਪਿਆ ਹੈ

2 ਲੱਖ ਏਕੜ ਜ਼ਮੀਨ ਬੇਜ਼ਮੀਨਿਆਂ 'ਚ ਵੰਡੀ

ਬਰੇਟਾ:—ਪੰਜਾਬ ਵਿਚ 20 ਨੁਕਾਤੀ ਆਰਥਿਕ ਪ੍ਰੋਗਰਾਮ ਅਨੁਸਾਰ ਹੁਣ ਤੱਕ ਤਕਰੀਬਨ 2 ਲੱਖ 89 ਹਜ਼ਾਰ ਏਕੜ ਭੂਮੀ ਕੱਢੀ ਗਈ ਜਿਸ ਵਿਚੋਂ 2 ਲੱਖ 12 ਹਜ਼ਾਰ ਏਕੜ ਭੂਮੀ 64 ਹਜ਼ਾਰ ਬੇਜ਼ਮੀਨੇ ਪਰਵਾਰਾਂ ਨੂੰ ਵੰਡੀ ਗਈ। ਇਹ ਜਾਣਕਾਰੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਗੁਲਜ਼ਾਰ ਸਿੰਘ ਨੇ ਜ਼ਿਲਾ ਬਠਿੰਡਾ ਦੇ ਪਿੰਡ ਪੂਹਲਾ ਵਿਖੇ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਸਮੇਂ ਦਿਤੀ। ਉਨ੍ਹਾਂ ਕਿਹਾ ਕਿ ਖੇਤੀ ਦੀ ਸੰਜਾਈ ਲਈ ਕਈ ਸਕੀਮਾਂ 20 ਨੁਕਾਤੀ ਪਰੋਗਰਾਮ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਪੰਜਾਬ ਦੀ ਵਾਹੀ ਯੋਗ ਭੂਮੀ ਦੇ ਲਗਭਗ 80 ਪ੍ਰਤੀਸ਼ਤ ਤੋਂ ਵੱਧ ਹਿੱਸੇ ਨੂੰ ਨਹਿਰਾਂ ਅਤੇ ਟਿਊਬਵੈੱਲਾਂ ਰਾਹੀਂ ਪਾਣੀ ਮਿਲਦਾ ਹੈ।

ਬ੍ਰਿਟਿਸ਼ ਪਾਰਲੀਮੈਂਟ 'ਚ ਥੈਚਰ ਸਰਕਾਰ ਨੂੰ ਹਾਰ

ਲੰਦਨ:- ਬਰਤਾਨੀਆਂ ਦੇ ਪ੍ਰਵਾਸੀ ਕਾਨੂੰਨ ਵਿਚ ਸੋਧ ਕਰਨ ਦੇ ਸਵਾਲ ਉਤੇ ਹਾਊਸ ਆਫ ਕਾਮਨਜ਼ ਵਿਚ ਥੈਚਰ ਸਰਕਾਰ ਨੂੰ 292-272 ਵੋਟਾਂ ਦੇ ਫਰਕ ਨਾਲ ਹਾਰ ਦਾ ਮੂੰਹ ਦੇਖਣਾ ਪਿਆ। ਥੈਚਰ ਸਰਕਾਰ ਨੂੰ 1979 ਪਿਛੋਂ ਪਹਿਲੀ ਵੇਰ ਹਾਰ ਹੋਈ ਹੈ।

ਬਰਤਾਨਵੀ ਸਰਕਾਰ ਪ੍ਰਵਾਸੀ ਨਿਯਮਾਂ ਵਿਚ ਢਿਲ ਦੇਕੇ ਬਰਤਾਨੀਆਂ ਦੀਆਂ ਨਾਗਰਿਕ ਔਰਤਾਂ ਨੂੰ ਮੰਗੇਤਰ ਪਤੀ ਬਾਹਰੋਂ ਮੰਗਉਣ ਦੀ ਇਜਾਜ਼ਤ ਦੇਣਾ ਚਾਹੁੰਦੀ ਸੀ ਪਰ ਲੇਬਰ ਪਾਰਟੀ ਅਤੇ ਹਾਕਮ ਪਾਰਟੀ ਦੇ 23 ਮੈਂਬਰਾਂ ਨੇ ਸਰਕਾਰ ਦੀ ਇਸ ਨੀਤੀ ਨੂੰ ਨਸਲ ਪ੍ਰਸਤੀ ਦੀ ਨੀਤੀ ਕਰਾਰ ਦਿਤਾ ਅਤੇ ਸਰਕਾਰ ਨੂੰ ਹਰਾ ਦਿਤਾ।

ਇਸ ਹਾਰ ਨਾਲ ਸ੍ਰੀਮਤੀ ਥੈਚਰ ਦੀ ਸਰਕਾਰ ਉਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਇਸਨੂੰ ਬੇਭਰੋਸਗੀ ਦਾ ਮਤਾ ਕਰਾਰ ਨਹੀਂ ਦਿਤਾ ਜਾ ਸਕਦਾ।

ਹਾਈਕੋਰਟ ਮੁਲਾਜ਼ਮ 58 ਸਾਲ ਦੀ ਉਮਰ 'ਚ ਰਿਟਾਇਰ ਹੋਣਗੇ

ਚੰਡੀਗੜ੍ਹ:—ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਮੁਲਾਜ਼ਮਾਂ ਦੀ ਉਮਰ ਦੀ ਹੱਦ 60 ਸਾਲ ਤੋਂ ਘਟਾ ਕੇ 58 ਸਾਲ ਕਰਨ ਦਾ ਫੈਸਲਾ ਕੀਤਾ ਹੈ। ਹਾਈਕੋਰਟ ਨੇ 1978 ਵਿਚ ਮੁਲਾਜ਼ਮਾਂ ਦੀ ਉਮਰ ਦੀ ਹੱਦ 58 ਸਾਲ ਤੋਂ ਵਧਾ ਕੇ 60 ਸਾਲ ਕਰਨ ਦਾ ਫੈਸਲਾ ਕੀਤਾ ਸੀ ਪਰ ਅਕਾਊਂਟੈਂਟ ਜਨਰਲ ਨੇ ਇਸ ਕਾਰਵਾਈ ਨੂੰ ਭਾਰਤੀ ਸੰਵਿਧਾਨ ਦੀ ਧਾਰਾ 229(2) ਦੀ ਉਲੰਘਣਾ ਕਰਾਰ ਦਿਤਾ ਸੀ ਅਤੇ ਪੈਨਸ਼ਨਾਂ ਪ੍ਰਵਾਨ ਕਰਨ ਤੋਂ ਨਾਹ ਕਰ ਦਿਤੀ ਸੀ।

ਵੀਤਨਾਮ ਭਾਰਤ ਨੂੰ ਸੀਮੈਂਟ ਤੇ ਕਾਜੂ ਸਪਲਾਈ ਕਰੇਗਾ

ਨਵੀਂ ਦਿੱਲੀ :—ਭਾਰਤ ਅਤੇ ਵੀਤਨਾਮ ਨੇ ਅੱਜ ਇਥੇ 60 ਲੱਖ ਡਾਲਰਾਂ ਦੇ ਮੁਲ ਦੀਆਂ ਵਸਤਾਂ ਦੇ ਵਪਾਰ ਬਾਰੇ ਇਕ ਸਮਝੌਤੇ ਤੇ ਦਸਖਤ ਕੀਤੇ ਹਨ।

ਇਸ ਸਮਝੌਤੇ ਉਤੇ ਭਾਰਤ ਦੇ ਵਪਾਰ ਸਕੱਤਰ ਆਬਿਦ ਹੁਸੈਨ ਅਤੇ ਵੀਅਤਨਾਨੀ ਉਪ ਬਦੇਸ਼ ਮੰਤਰੀ ਦਾਓ ਗੋ ਸੁਆਨ ਨੇ ਦਸਖਤ ਕੀਤੇ।

ਭਾਰਤ ਇਸ ਸਮਝੌਤੇ ਅਨੁਸਾਰ ਵੀਅਤਨਾਮ ਨੂੰ ਕਾਸਟਿਕ ਸੋਡਾ, ਸੂਤੀ ਧਾਗਾ, ਕੀੜੇ ਮਾਰ ਦਵਾਈਆਂ, ਇਹਨਾਂ ਦਵਾਈਆਂ ਲਈ ਹੋਰ ਮਾਲ, ਟੈਕਸਟਾਈਲ ਮਸ਼ੀਨਰੀ ਲਈ ਪੁਰਜ਼ੇ ਅਤੇ ਸਨਅਤੀ ਕੰਮਾਂ ਲਈ ਰਸਾਇਣਕ ਪਦਾਰਥ ਭੇਜੇਗਾ। ਜਦ ਕਿ ਵੀਤਨਾਮ ਭਾਰਤ ਨੂੰ ਸੀਮੈਂਟ, ਰਬੜ ਅਤੇ ਕਾਜੂ ਦੀਆਂ ਗਿਰੀਆਂ ਦੇਵੇਗਾ।



ਗੁਰੂ ਗੋਬਿੰਦ ਸਿੰਘ ਸਤੰਭ

ਕੋਟਕਪੂਰਾ:-ਗੁਰੂ ਗੋਬਿੰਦ ਸਿੰਘ ਤੇ ਪੈਂਦੇ ਸਾਰੇ ਮਹੱਤਵ ਪੂਰਨ ਸ਼ਹਿਰਾਂ ਜਾਂ ਪਿੰਡਾਂ ਵਿਚ ਉਸ ਵੇਲੇ ਦੀ ਪੰਜਾਬ ਸਰਕਾਰ ਵਲੋਂ ਕੁਝ ਸਤੰਭ ਬਣਾਏ ਗਏ ਸਨ। ਅਜਿਹਾ ਹੀ ਇਕ ਸਤੰਭ ਸਥਾਨਕ ਬੱਸ ਸਟੈਂਡ ਤੇ ਬਣਿਆ ਹੋਇਆ ਹੈ। ਇਸ ਸਤੰਭ ਤੇ ਆਲੇ ਦੁਆਲੇ ਦੀ ਦੇਖ ਭਾਲ ਕਿਸ ਨੇ ਕਰਨੀ ਸੀ, ਪਾਲਿਕਾ ਨੇ ਜਾਂ ਲੋਕ ਨਿਰਮਾਣ ਵਿਭਾਗ ਨੇ, ਇਹ ਗੱਲ ਦੋਵਾਂ ਲਈ ਇਕ ਲੰਮਾ ਸਮਾਂ ਬੁਝਾਰਤ ਬਣੀ ਰਹੀ ਤੇ ਇਸਦੇ ਆਲੇ ਦੁਆਲੇ ਏਨਾਂ ਗੰਦ ਫੈਲ ਗਿਆ ਕਿ ਕੁਝ ਧਾਰਮਿਕ ਭਾਵਨਾਵਾਂ ਰਖਣ ਵਾਲੇ ਲੋਕਾਂ ਦੇ ਦਿਲਾਂ ਨੂੰ ਹੀ ਠੇਸ ਨਹੀਂ ਸੀ ਪੁਜਦੀ ਸਗੋਂ ਕੁਝ ਸੁਹਜ ਸੁਆਦ ਰੱਖਣ ਵਾਲੇ ਵਿਅਕਤੀ ਵੀ ਦੁਖੀ ਹੁੰਦੇ ਸਨ। ਲੋਕ ਨਿਰਮਾਣ ਵਿਭਾਗ ਨੇ ਇਸਦਾ ਆਲਾ ਦੁਆਲਾ ਤਾਂ ਸਾਫ ਕਰ ਦਿਤਾ ਪਰ ਚਾਹੀਦਾ ਹੈ ਕਿ ਇਥੇ ਖੂਬਸੂਰਤ ਫੁੱਲ ਪੌਦੇ ਲਾਏ ਜਾਣ ਤਾਂ ਕਿ ਇਸਦੇ ਚੌਗਿਰਦੇ ਦੀ ਹਰਿਆਵਲ ਇਸ ਦੇ ਦਿਲ ਕਸ਼ ਆਰਕੀਟੈਕਚਰ ਨਾਲ ਮੇਲ ਖਾ ਸਕੇ।

ਆਪਣੀ ਧਰਤੀ ਤੋਂ

ਏਸ਼ੀਆਡ ਅਤੇ ਅਕਾਲੀ ਮੋਰਚਾ

ਨਵੰਬਰ ਦੇ ਪਿਛਲੇ ਅੱਧ ਅਤੇ ਦਸੰਬਰ ਦੇ ਪਹਿਲੇ ਹਫਤੇ ਦੌਰਾਨ ਏਸ਼ੀਆਈ ਖੇਡਾਂ ਅਤੇ ਅਕਾਲੀ ਮੋਰਚੇ ਨੇ ਲੋਕਾਂ ਧਿਆਨ ਮੱਲੀ ਰੱਖਿਆ। ਨੌਵਾਂ ਏਸ਼ੀਆਈ ਖੇਡ ਮੇਲਾ ਨਵੀਂ ਦਿੱਲੀ ਵਿਖੇ 19 ਨਵੰਬਰ ਨੂੰ ਆਰੰਭ ਹੋਕੇ 4 ਦਸੰਬਰ ਨੂੰ ਬੜੀ ਧੂਮ ਧਾਮ ਨਾਲ ਸਮਾਪਤ ਹੋਇਆ। ਇਸ ਖੇਡ ਮੇਲੇ ਵਿਚ 33 ਦੇਸ਼ਾਂ ਦੇ ਪੰਜ ਹਜ਼ਾਰ ਦੇ ਲਗਭਗ ਖਿਡਾਰੀਆਂ ਨੇ ਭਾਗ ਲਿਆ। ਇਨ੍ਹਾਂ ਵਿਚੋਂ 23 ਦੇਸ਼ਾਂ ਦੇ ਖਿਡਾਰੀਆਂ ਨੇ ਇਕ ਜਾਂ ਇਕ ਤੋਂ ਵੱਧ ਤਮਗੇ ਜਿੱਤ ਕੇ ਆਪਣੇ ਤੇ ਆਪਣੇ ਦੇਸ਼ ਲਈ ਨਾਮਣਾ ਖੱਟਿਆ ਜਦੋਂ ਕਿ ਬਾਕੀ ਦੇ ਦਸ ਦੇਸ਼ਾਂ ਦੇ ਖਿਡਾਰੀ ਜੇਤੂਆਂ ਦੀ ਸੂਚੀ ਵਿਚ ਨਾ ਆ ਸਕੇ। ਸੋਨੇ, ਚਾਂਦੀ ਤੇ ਕਾਂਸੀ ਦੇ ਦਿੱਤੇ ਗਏ ਕੁਲ 614 ਤਗਮਿਆਂ ਵਿਚੋਂ ਚੀਨ ਸੋਨੇ ਦੇ 61, ਚਾਂਦੀ ਦੇ 51 ਅਤੇ ਕਾਂਸੀ ਦੇ 41 ਭਾਵ ਕੁੱਲ 153 ਤਗਮੇਂ ਜਿੱਤ ਕੇ ਏਸ਼ੀਆਡ ਵਿਚੋਂ ਪਹਿਲੇ ਨੰਬਰ ਦੇ ਰਿਹਾ ਜਦ ਕਿ ਜਾਪਾਨ ਨੇ ਸੋਨੇ ਦੇ 57, ਚਾਂਦੀ ਦੇ 52 ਅਤੇ ਕਾਂਸੀ ਦੇ 44 ਤਗਮੇ ਜਿੱਤ ਕੇ ਦੂਜੇ ਨੰਬਰ ਤੇ ਰਿਹਾ। ਇਸ ਪਿਛੋਂ ਦੱਖਣੀ ਤੇ ਉੱਤਰੀ ਕੋਰੀਆ ਨੇ ਕ੍ਰਮਵਾਰ ਤੀਜਾ ਤੇ ਚੌਥਾ ਸਥਾਨ ਪ੍ਰਾਪਤ ਕੀਤਾ। ਭਾਰਤ ਪੰਜ-ਵੇ ਨੰਬਰ ਤੇ ਰਿਹਾ ਜਿਸ ਨੇ ਸੋਨੇ ਦੇ 13, ਚਾਂਦੀ ਦੇ 19 ਅਤੇ ਕਾਂਸੀ ਦੇ 25 ਭਾਵ ਕੁੱਲ 57 ਤਗਮੇ ਜਿੱਤੇ।

ਭਾਰਤੀਆਂ ਲਈ ਸਭ ਤੋਂ ਵੱਧ ਦਿਲਚਸਪੀ ਵਾਲਾ ਮੁਕਾਬਲਾ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਇਆ ਹਾਕੀ ਦਾ ਅੰਤਿਮ ਮੈਚ ਸੀ ਜਿਸ ਵਿਚ ਭਾਰਤੀ ਹਾਕੀ ਟੀਮ ਨੇ ਸ਼ੁਰੂ ਵਿਚ ਹੀ ਪਾਕਿਸਤਾਨ ਸਿਰ ਇਕ ਗੋਲ ਕਰ ਦਿਤਾ। ਪਰ ਇਸ ਮਗਰੋਂ ਪਾਕਿਸਤਾਨੀ ਹਾਕੀ ਟੀਮ ਨੇ ਲਗਾਤਾਰ 7 ਗੋਲ ਭਾਰਤ ਸਿਰ ਕਰਕੇ ਕਰਾਰੀ ਹਾਰ ਦਿਤੀ।

ਅਕਾਲੀ ਆਗੂਆਂ ਨੇ ਏਸ਼ੀਆਡ ਦੌਰਾਨ ਨਵੀਂ ਦਿੱਲੀ ਵਿਖੇ ਮੁਜ਼ਾਹਰੇ ਕਰਨ ਤੇ ਗ੍ਰਿਫਤਾਰੀਆਂ ਦੇਣ ਦੇ ਆਪਣੇ ਐਲਾਨ ਨੂੰ ਪੂਰਾ ਕਰਕੇ ਦਿਖਾ ਦਿਤਾ ਹੈ। ਕੇਂਦਰ ਨੇ ਹਰਿਆਣਾ ਸਰਕਾਰ ਦੀ ਮਦਦ ਨਾਲ ਅਕਾਲੀਆਂ ਨੂੰ ਦਿੱਲੀ ਆਉਣੋ ਰੋਕਣ ਲਈ ਪੂਰੀ ਵਾਹ ਲਾਈ। ਥਾਂ ਥਾਂ ਬੈਰੀਅਰ ਬਣਾ ਕੇ ਗੱਡੀਆਂ, ਬੱਸਾਂ ਦੀ ਸਖਤ ਚੈਕਿੰਗ ਕੀਤੀ। ਪਰ ਕਈ ਅਕਾਲੀ ਆਗੂ ਤੇ ਵਾਲੰਟੀਅਰ ਫਿਰ ਵੀ ਕਿਸੇ ਨਾ ਕਿਸੇ ਤਰ੍ਹਾਂ ਦਿੱਲੀ ਪੁੱਜ ਕੇ ਆਪਣੀਆਂ ਮੰਗਾਂ ਦੇ ਹੱਕ ਵਿਚ ਮੁਜ਼ਾਹਰੇ ਕਰਨ, ਪੋਸਟਰ ਤੇ ਪੈਂਫਲਿਟ ਵੰਡਣ ਅਤੇ ਨਾਅਰ੍ਹੇ ਲਾਉਣ ਵਿਚ ਕਾਮਯਾਬ ਹੋ ਗਏ। ਸਭ ਤੋਂ ਪਹਿਲਾਂ 21 ਨਵੰਬਰ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਆਪਣੇ 100 ਦੇ ਲਗਭਗ ਪੈਰੋਕਾਰਾਂ ਸਮੇਤ ਦਿੱਲੀ ਵਿਖੇ ਗ੍ਰਿਫਤਾਰੀ ਦਿਤੀ। ਸਾਬਕਾ ਵਿਤ ਮੰਤਰੀ ਸ. ਬਲਵੰਤ ਸਿੰਘ ਆਪਣੇ ਕੁਝ ਸਾਥੀਆਂ ਸਮੇਤ ਚੰਡੀਗੜ੍ਹ ਵਿਖੇ ਹੀ ਗ੍ਰਿਫਤਾਰ ਕਰ ਲਏ ਗਏ। 4 ਦਸੰਬਰ ਨੂੰ ਏਸ਼ੀਆਈ ਖੇਡਾਂ ਦੀ ਸਮਾਪਤੀ ਵਾਲੇ ਦਿਨ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਡੇਢ ਹਜ਼ਾਰ ਅਕਾਲੀ ਵਲੰਟੀਅਰਾਂ ਸਮੇਤ ਗ੍ਰਿਫਤਾਰੀ ਦੇਕੇ ਦਿੱਲੀ ਮੋਰਚੇ ਨੂੰ ਅੰਤਿਮ ਛੋਹ ਦਿਤੀ। 5 ਦਸੰਬਰ ਨੂੰ ਸ. ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ ਤੇ ਸ. ਬਲਵੰਤ ਸਿੰਘ 1600 ਅਕਾਲੀਆਂ ਸਮੇਤ ਰਿਹਾ ਕਰ ਦਿਤੇ ਗਏ।

ਕੇਂਦਰ ਸਰਕਾਰ ਦੇ ਵਿਚੋਲੇ ਸ. ਸਵਰਨ ਸਿੰਘ ਅਤੇ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਅਕਾਲੀ ਨਾਲ ਸਮਝੌਤੇ ਲਈ ਮੁੜ ਸਰਗਰਮ ਹੋ ਗਏ ਦੱਸੇ ਜਾਂਦੇ ਹਨ ਜਦੋਂ ਕਿ ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਨੇ ਸਿੱਖਾਂ ਨੂੰ ਲੰਮੀ ਜਦੋਜਹਿਦ ਲਈ ਤਿਆਰ ਰਹਿਣ ਦਾ ਸੱਦਾ ਦਿਤਾ ਹੈ।

ਇਸੇ ਦੌਰਾਨ 30 ਨਵੰਬਰ ਵਾਲੇ ਦਿਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਬਾਡੀ ਦੀ ਅੰਮ੍ਰਿਤਸਰ ਵਿਖੇ ਹੋਈ ਮੀਟਿੰਗ ਵਿਚ ਸ. ਗੁਰਚਰਨ ਸਿੰਘ ਟੌਹੜਾ ਨੂੰ 11ਵੀਂ ਵਾਰ ਪ੍ਰਧਾਨ ਚੁਣ ਲਿਆ ਗਿਆ। ਜਦੋਂ ਕਿ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਕੈਦ ਸਨ। ਬਾਕੀ ਦੇ ਪੁਰਾਣੇ ਆਹੁਦੇਦਾਰ ਵੀ ਦੁਬਾਰਾ ਚੁਣ ਲਏ ਗਏ ਹਨ।

ਇਸ ਅਰਸੇ ਵਿਚ 27 ਨਵੰਬਰ ਨੂੰ ਫਰਾਂਸ ਦੇ ਰਾਸ਼ਟਰਪਤੀ ਸ੍ਰੀ ਫਰਾਂਸਵਾ ਮਿੱਤਰਾਂ ਚਾਰ ਦਿਨਾਂ ਲਈ ਭਾਰਤ ਯਾਤਰਾ ਤੇ ਆਏ ਅਤੇ ਦੋਹਾਂ ਦੇਸ਼ਾਂ ਦੇ ਆਪਸੀ ਹਿਤਾਂ ਲਈ ਵਿਚਾਰ ਵਟਾਂਦਰਾ ਹੋਇਆ। ਅਖਬਾਰਾਂ ਨੇ ਸ੍ਰੀ ਮਿੱਤਰਾਂ ਦੀ ਇਸ ਯਾਤਰਾ ਨੂੰ ਦੋਹਾਂ ਦੇਸ਼ਾਂ ਦੇ ਸਬੰਧਾਂ ਵਿਚ "ਨਵੇ ਕਾਂਡ" ਦੀ ਸ਼ੁਰੂਆਤ ਕਿਹਾ ਹੈ।

ਮਾਰਚ 1983 ਵਿਚ ਨਵੀਂ ਦਿੱਲੀ ਵਿਖੇ ਹੋਣ ਵਾਲੀ ਨਿਰਪੱਖ ਦੇਸ਼ਾਂ ਦੀ ਕਾਨਫਰੰਸ ਸਬੰਧੀ ਮੁਢਲਾ ਵਿਚਾਰ ਵਟਾਂਦਰਾ ਕਰਨ ਲਈ ਮਿਸਰ ਦੇ ਪ੍ਰਧਾਨ ਸ੍ਰੀ ਹੁਸਨੀ ਮੁਬਾਰਕ ਵੀ ਤਿੰਨ ਦਿਨਾਂ ਲਈ ਭਾਰਤ ਯਾਤਰਾ ਤੇ ਆਏ ਸਨ।

ਹਰਭਜਨ ਹਲਵਾਰਵੀ

ਚੰਡੀਗੜ੍ਹ

ਪਾਕਿਸਤਾਨ ਦੇ ਪ੍ਰਧਾਨ ਦਾ ਬਿਆਨ

.,—ਪਾਕਿਸਤਾਨ ਦੇ ਪ੍ਰਧਾਨ ਜੈਨਰਲ ਜ਼ਿਆ ਨੇ ਕਿਹਾ ਹੈ ਕਿ ਜੇ ਹਿੰਦ ਐਟਮੀ ਹਥਿਆਰਾਂ ਦੇ ਪਸਾਰ ਉਤੇ ਰੋਕ ਬਾਰੇ ਸੰਧੀ ਉਤੇ ਦਸਤਖਤ ਕਰ ਦੇਵੇ ਤਾਂ ਉਹਨਾਂ ਦਾ ਦੇਸ਼ ਵੀ ਦਸਖਤ ਕਰ ਦੇਵੇਗਾ।

ਇਕ ਮੁਲਾਕਾਤ

ਸੰਗੀਤ ਵਿਦਿਆ ਦੇਣ ਵਾਲਾ

ਇਕ ਪ੍ਰਯੋਗਵਾਦੀ ਕਲਾਕਾਰ

ਕ੍ਰਿਪਾਲ ਸਿੰਘ ਜੰਡੂ

ਸ. ਕ੍ਰਿਪਾਲ ਸਿੰਘ ਜੰਡੂ ਉਚਦੇਵੀ ਦੇ ਸੰਗੀਤ ਵਿਦਿਆ ਦੇ _ਹਿਰ ਹਨ। ਅੱਜ ਕਲ ਗੁਰੂ ਨਾਨਕ ਨੈਸ਼ਨਲ ਕਾਲਜ ਫਾਰ ਵੌਮੈਨ ਨਕੋਦਰ (ਪੰਜਾਬ) ਵਿਚ ਅਧਿਆਪਕ ਹਨ। ਪਿਛੇ ਜਿਹੇ "ਕਨੇਡਾ ਦਰਪਣ" ਦੇ ਵਿਸ਼ੇਸ਼ ਪ੍ਰਤੀਨਿਧ ਮਨਜੀਤ ਸਿੰਘ ਰੱਤੂ ਨਾਲ ਇਕ ਗਲਬਾਤ ਹੋਈ। ਜਿਸ ਤੋਂ ਇਹ ਸਿਟਾ ਨਿਕਲਿਆ ਕਿ ਪੰਜਾਬ ਇਕ ਸੰਗੀਤ ਵਿਦਿਆਂ ਤੋਂ ਨੌਜਵਾਨ ਦੂਰ ਜਾ ਰਹੇ ਹਨ ਤੇ ਇਸ ਦੀ ਥਾਂ ਤੇ ਡਿਸਕੋ ਵਰਗੀ ਵਿਦਿਆ ਨੂੰ ਵਧੇਰੇ ਥਾਂ ਦੇ ਰਹੇ ਹਨ। ਉਹਨਾਂ ਦੀ ਗਲ ਬਾਤ ਵਿਚੋਂ ਕੁਝ ਅੰਸ਼ ਕਨੇਡਾ ਦਰਪਣ ਦੇ ਪਾਠਕਾ ਦੀ ਨਜ਼ਰ ਪੇਸ਼ ਕਰ ਰਹੇ ਹਾਂ।

ਪੰਜਾਬ ਨੇ ਸੁਘੜ ਬੁੱਤ ਘੜੇ, ਲੋਕ ਗਾਇਕ ਬਹੁਤ ਪੈਦਾ ਕੀਤੇ ਹਨ ਪਰ ਸੰਗੀਤ ਦੀਆਂ ਧੁੰਨਾਂ ਨੂੰ ਸਾਡੇ ਤੱਕ ਪਹੁੰਚਾਣ ਵਾਲੇ ਕਲਾਕਾਰ ਬਹੁਤ ਘੱਟ ਪੈਦਾ ਕੀਤੇ ਹਨ। ਧਰਤੀ ਦੀ ਆਵਾਜ਼ ਹੀ ਉਸ ਧਰਤੀ ਤੇ ਵਸਦੇ ਵਸਨੀਕਾਂ ਦੇ ਸੰਗੀਤ ਹੁੰਦੇ ਹਨ। ਜਿਹੜੇ ਉਹਨਾਂ ਦੇ ਦਿਲਾਂ ਦੀਆਂ ਤਰੰਗਾਂ ਵਿਚੋਂ ਫੁਟਕੇ, ਜੁਆਨੀ ਚੜਦੇ ਨੇ ਤੇ ਜੇਕਰ ਇਹ ਕਿਸੇ ਵਿਰਲੇ ਸੰਗੀਤ ਤੇ ਚੜ ਜਾਣ ਤਾਂ ਵਧੇਰੇ ਸੰਗੀਤ ਪੈਦਾ ਕਰਦੇ ਹਨ।

ਅੱਜ ਰੌਲੇ ਰੱਪੇ ਵਿਚ ਗੁਆਚੀ ਹੋਈ ਮਨੁਖਤਾ ਆਪਣੀਆਂ ਬੇ-ਨੇੜ ਲੋੜਾਂ ਦੀ ਪੂਰਤੀ ਲਈ ਮਨੁਖਤਾ ਇੰਝ ਵਧ ਗਈ ਹੈ ਜਿਵੇਂ ਉਹਨਾਂ ਨੂੰ ਆਪਣੇ ਸੰਗੀਤ ਵਿਰਸੇ ਵੱਲ ਝਾਤ ਮਾਰਨ ਦੀ ਵਿਹਲ ਨਹੀਂ ਉਹ ਰਿਵਾਜ਼ਾਂ ਰਸਮਾਂ ਨੂੰ ਖਤਮ ਕਰਦੀ ਹੋਈ ਕਿਸੇ ਅਣਡਿਠੀ ਇਮਾਰਤ ਵਲ ਦੌੜ ਰਹੀ ਹੈ। ਪਰ ਜਦੋਂ ਦੌੜਦੀ ਦੌੜਦੀ ਡਿਗਦੀ ਢਹਿੰਦੀ ਖਤਮ ਹੋ ਜਾਂਦੀ ਹੈ ਤੇ ਉਸ ਨੇ ਹੋਰ ਹੌਸਲਾ ਦੇਣ ਲਈ ਸੰਗੀਤ ਧੁਨੀਆਂ ਦੀ ਲੋੜ ਪੈਂਦੀ ਹੈ।

ਪਿਛਲੇ ਦਿਨੀ ਪੰਜਾਬ ਦੇ ਪ੍ਰਸਿਧ ਸੰਗੀਤਕ ਉਸਤਾਦ ਪ੍ਰੋ: ਕ੍ਰਿਪਾਲ ਸਿੰਘ ਜੰਡੂ ਨਾਲ ਮੇਰੀ ਮੁਲਾਕਾਤ ਹੋਈ। ਬਹੁਤ ਸਾਊ ਜਿਹੇ ਸਰੀਫ ਜਿਹਾ ਚਿਹਰਾ ਮੈਨੂੰ ਜਾਪਿਆ। ਉਸ ਮੂੰਹ ਤੋਂ ਹੀ ਸੰਗੀਤਕ ਖਿਲਾਅ ਪੈਦਾ ਹੋਏ ਜਾਪੇ। ਪ੍ਰੋ: ਕ੍ਰਿਪਾਲ ਸਿੰਘ ਜੰਡੂ ਸਧਾਰਨ ਜਿਹੀ ਪੋਸ਼ਾਕ ਤੇ ਸਾਧਾਰਨ ਹੀ ਬੋਲ ਬਾਲੇ ਵਾਲੇ ਵਿਅਕਤੀ ਹਨ। ਉਹਨਾਂ ਦਾ ਜਨਮ 6 ਮਈ 1938 ਨੂੰ ਹੋਇਆ। ਤਕਰੀਬਨ ਅੱਜ ਤੋਂ 25 ਵਰ੍ਹੇ ਪਹਿਲਾਂ ਤੋਂ ਸੰਗੀਤ ਨਾਲ ਜੁੜੇ ਹੋਏ ਹਨ। ਤੇ ਅੱਜ ਕਲ ਵੀ ਇਹੀ ਸੰਗੀਤ ਕਲਾ ਦੇ ਮੁਖੀ ਪ੍ਰੋ: ਵਜੋ ਗੁਰੂ ਨਾਨਕ ਨੈਸ਼ਨਲ ਕਾਲਜ ਫਾਰ ਵੌਮੈਨ ਨਕੋਦਰ ਵਿਚ ਸੰਗੀਤ ਸਿਖਲਾਈ ਹੀ ਸੇਵਾ ਕਰ ਰਹੇ ਹਨ। ਮੇਰੇ ਕੁਝ ਸੁਆਲਾ ਦੇ ਜੁਆਬ ਉਹਨਾਂ ਨੇ ਕਿਹਾ —

ਸੰਗੀਤ ਸਿੱਖਣ ਲਈ ਤੁਹਾਨੂੰ ਕਿਸ ਤੋ ਪ੍ਰੇਰਨਾਂ ਮਿਲੀ। ਕੀ ਇਹ ਮਜ਼ਬੂਰੀ ਸੀ ? ਜਾਂ ਕੋਈ ਹੋਰ ਕਾਰਨ ਸੀ ?

ਤਾਂ ਮੇਰੇ ਇਸ ਸੁਆਲ ਦੇ ਜੁਆਬ ਵਿਚ ਉਹਨਾਂ ਨੇ ਕਿਹਾ ਇਹ ਸ਼ੌਕ ਮੈਨੂੰ ਬਚਪਨ ਤੋਂ ਸੀ। ਜਾਂ ਇੰਝ ਸਮਝ ਲਓ ਕਿ ਇਹ ਮੇਰੇ ਘਰੋ ਘਰੇਲੂ ਪ੍ਰਭਾਵ ਦਾ ਕਾਰਣ ਸੀ। ਅਸਲ ਮੇਰੇ ਪਿਤਾ ਜੀ ਦਾ ਘਰੇਲੂ ਇਹ ਸ਼ੌਕ ਸੀ। ਉਹਨਾਂ ਤੋਂ ਹੀ ਮੈਨੂੰ ਪ੍ਰੇਰਨਾ ਮਿਲੀ।

6 ਫਰਵਰੀ 1957 ਨੂੰ ਜਦੋ "ਹਰਬਲਵ ਸੰਗੀਤ ਅਕੈਡਮੀ ਦੇਵੀ ਤਲਾਬ ਜਲੰਧਰ" ਖੁਲ੍ਹੀ ਤਾਂ ਉਸ ਵਕਤ ਬਸੰਤ ਪੰਚਵੀ ਸੀ। ਤੇ ਮੈਂ ਉਸ ਅਕੈਡਮੀ ਦਾ ਪਹਿਲਾ ਵਿਦਿਆਰਥੀ ਸੀ।

ਤੁਹਾਨੂੰ ਸੰਗੀਤ ਸਿਖਾਉਣ ਦੀ ਪ੍ਰੇਰਨਾ ਕਿਸ ਤੋਂ ਪ੍ਰਾਪਤ ਹੋਈ ?

ਸੰਗੀਤ ਸਿਖਾਉਣ ਦੀ ਪ੍ਰੇਰਨਾ ਮੇਰੀ ਸ਼ੁਗਲ ਸੀ। ਪਰ ਕੁਝ ਘਰੇਲੂ ਹਲਾਤਾਂ ਮੁਤਾਬਿਕ ਵੀ।

ਤਾਂ ਤੁਹਾਨੂੰ ਪਹਿਲਾਂ ਕਿਥੇ ਸੰਗੀਤ ਦੀ ਕਲਾ ਸਿਖਾਉਣ ਦਾ ਮੌਕਾ ਮਿਲਿਆ ?

ਸਭ ਤੋਂ ਪਹਿਲਾਂ ਮੈਨੂੰ "ਹਰਬਲਬ ਸੰਗੀਤ ਅਕੈਡਮੀ" ਵਿਚ ਮੌਕਾ ਮਿਲਿਆ ਤੇ ਅੱਜ ਕੱਲ ਕਾਲਜ ਤੋਂ ਬਿਨਾਂ ਬਾਬਾ ਜਗਜੀਤ ਸਿੰਘ ਕਾਮਦਾਰੀ ਨੇ ਸੰਗੀਤ ਪ੍ਰਚਾਰ ਲਈ ਉਹਨਾਂ ਦੀ ਡਿਊਟੀ ਲਾਈ ਹੈ। ਜਿਥੇ ਸੰਗੀਤ ਸਿਖਾਉਣ ਲਈ ਕੋਈ ਪੈਸਾ ਨਹੀਂ ਲਿਆ ਜਾਂਦਾ।

ਫਿਰ ਮੈਨੂੰ "ਭੈਣੀ ਸਾਹਿਬ" ਵਿਖੇ ਸੰਗੀਤ ਸੁਨਾਉਣ ਦਾ ਮੌਕਾ ਮਿਲਿਆ। ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਵੀ ਸੰਗੀਤ ਸੁਨਾਉਣ ਦਾ ਕਈ ਵਾਰ ਮੌਕਾ ਮਿਲਿਆ।

ਤੁਹਾਡੇ ਖਿਆਲ ਮੁਤਾਬਿਕ ਸੰਗੀਤ ਸਿਖਾਉਣ ਦਾ ਮੁੱਢ ਕਿਵੇਂ ਬੱਝਾਂ ?

ਤੁਸੀਂ ਦੇਖਿਆ ਹੋਣਾ ਹੈ ਕਿ ਕਈ ਵਾਰ ਸਾਧੂ ਸੰਤ ਹਰਮੋਨੀਆ ਵਗੈਰਾ ਵਜਾਉਦੇ ਹਨ। ਪਰ ਉਹ ਪ੍ਰਚਾਰ ਘਟੀਆ ਢੰਗ ਹੈ। ਅੱਜ ਕਲ ਤਾਂ ਸਕੂਲਾਂ ਤੇ ਕਾਲਜਾਂ ਵਿਚ ਇਹ ਬਹੁਤ ਵਧੀਆਂ ਢੰਗ ਸਿਧ ਹੋਇਆ। ਸੰਗੀਤ ਸਿਖਾਉਣ ਦਾ ਮੁੱਢ ਇਵੇ ਹੋਇਆ ਕਿ ਸੰਗੀਤ ਸਾਡੇ ਜੀਵਨ ਤੋਂ ਅਲੱਗ ਨਹੀਂ ਹੋ ਸਕਦਾ। ਇਹ ਸਰੀਰ ਦੀਆਂ ਬਾਕੀ ਲੋੜਾਂ ਵਾਂਗ ਇਕ ਲੋੜ ਹੀ ਬਣ ਗਈ ਹੈ।

ਕਲਾਸੀਕਲ ਸੰਗੀਤ ਦਾ ਜਨਮ ਕਿਵੇਂ ਹੋਇਆ ?

ਲਾਈਟ ਸੰਗੀਤ ਵਿਚੋ ਹੀ ਕਲਾਸੀ ਕਲ ਸੰਗੀਤ ਦਾ ਜਨਮ ਹੋਇਆ। ਲੋਕ ਧੁੰਨਾਂ ਤੋਂ ਹੀ ਸੰਗੀਤ ਦਾ ਪ੍ਰਚਾਰ ਹੋਇਆ। ਇਸ ਦੇ ਨਾਲ ਨਾਲ ਹੀ ਜਦੋਂ ਤਰੱਕੀ ਸ਼ਸਤਰ ਚੀਜ਼ ਬਣ ਗਈ ਤਾਂ ਸ਼ਾਸ਼ਤਰ ਦੇ ਅਧਾਰ ਤੇ ਕਲਾਸੀ ਕਲ ਸੰਗੀਤ ਹੀ ਕਿਹਾ ਜਾਣ ਲੱਗਾ।

ਕੀ ਤੁਹਾਡੇ ਮੁਤਾਬਿਕ ਜਲੰਧਰ ਵਿਚ ਕਿਉਂ ਸੰਗੀਤ ਦਾ ਜ਼ਿਆਦਾ ਪ੍ਰਚਾਰ ਹੋਇਆ।

ਜਲੰਧਰ ਸਾਰੇ ਪੰਜਾਬ ਦਾ ਪ੍ਰਸਿਧ ਸ਼ਹਿਰ ਹੈ। ਇਥੋ ਸੰਗੀਤ ਦਾ ਪ੍ਰਚਾਰ ਵਧੇਰੇ ਰੇਡੀਓ ਰਾਹੀਂ ਫਿਰ ਟੈਲੀਵੀਜਨ ਰਾਹੀਂ ਹੋਇਆ ਹੈ। ਹਾਂ ਪਿਛੋਂ ਜਿਹੇ ਹੀ ਤੁਹਾਨੂੰ ਯਾਦ ਜਦੋਂ ਰਫੀ ਨਾਈਟ ਇਸੇ ਕਰਕੇ ਹੀ ਹੋਈ ਸੀ।

ਹਾਂ ਯਾਦ ਆਇਆ ਰਫੀ ਟਾਈਟ ਦਾ ਮੁੱਖ ਕਾਰਣ ਸੀ ?

ਇਹ ਕੁਝ ਕਲਾਕਾਰਾਂ ਦੀ ਆਪਣੀ ਹੀ ਸੋਚਣੀ ਸੀ। ਕੋਈ ਇਹ ਨਹੀਂ ਸੋਚਦਾ। ਕਲਾ ਕੀ ਚੀਜ ਹੈ। ਕਲਾਕਾਰ ਦਾ ਚਰਿਤਰ ਕੀ ਹੈ। ਰਫੀ ਨਾਈਟ ਲਈ ਬਹੁਤਾ ਤਾਂ ਪਿੰਡਾਂ ਦੇ ਲੋਕਾਂ ਨੂੰ ਸਿਰਫ ਅਖਬਾਰ ਰਾਹੀਂ ਹੀ ਪਤਾ ਲੱਗਾ। ਰਫੀ ਨਾਈਟ ਦਾ ਅਸਲ ਮਨੋਰਥ ਤਾਂ ਕਲਾਕਾਰਾਂ ਦਾ ਆਪਣਾ ਹੀ ਉਲੂ ਸਿੱਧਾ ਕਰਨਾ ਸੀ। ਰਫੀ ਨਾਈਟ ਦਾ ਲੋਕਾਂ ਤੇ ਬਹੁਤ ਭੈੜਾ ਅਸਰ ਪਿਆ। ਇਥੋਂ ਤਕ ਕਿ ਰਫੀ ਨੂੰ ਕਿਸੇ ਨੂੰ ਉਟ ਪਟਾਂਗ ਗੀਤਾਂ ਤੋਂ ਬਿਨਾਂ ਸਰਧਾਂਜਲੀ ਵੀ ਅਰਪਿਤ ਨਹੀਂ ਕੀਤੀ।

ਪਰ ਪ੍ਰੋਗਰਾਮ ਦੇ ਸ਼ੁਰੂ ਵਿਚ ਗੀਤ ਵਧੀਆਂ ਸੀ। ਉਹ ਸੁਰਾਂ ਸੰਗੀਤ ਦਾ ਰਾਜਾ ਸੀ। ਧਰਤੀ ਨੇ ਖਾ ਲਿਆ।

ਇਸ ਤੋਂ ਇਲਾਵਾ ਸਭ ਲੱਚਰ ਗੀਤ ਹੀ ਗਾਏ। ਗਏ।

ਤੁਸੀ ਪਹਿਲਾਂ ਸੰਗੀਤ ਵਿਦਿਆ ਕਿਥੇ ਸਿਖਾਉਣੀ ਸ਼ੁਰੂ ਕੀਤੀ ?

ਮੈਂ ਸੰਗੀਤ ਸਭ ਤੋਂ ਪਹਿਲਾਂ ਐਮ. ਐਮ. ਵੀ ਕਾਲਜ ਜਲੰਧਰ ਵਿਚ ਇਕ ਪੂਰਾ ਸਸ਼ਨ ਸੰਗੀਤ ਦਾ ਪ੍ਰੋ: ਰਿਹਾ ਹਾਂ। ਉਥੇ ਐਮ ਏ ਤੇ ਪਰੈਪ ਦਾ ਮੈਂ ਪ੍ਰੋ: ਸੀ।

ਐਮ. ਏ ਸੰਗੀਤ ਦਾ ਦਰਜਾ ਉਚਾ ਸੀ। ਪਰਖ ਲਈ ਜ਼ਿਆਦਾ ਮਿਹਨਤ ਦੀ ਲੋੜ ਸੀ। ਐਚ. ਐਮ. ਵੀ ਕਾਲਜ, ਜਲੰਧਰ 'ਚ ਮੇਰੇ ਨਾਲ ਬਲਵੰਤ ਰਾਏ ਜਸਪਾਲ ਸਾਹਿਬ ਤੇ ਸ੍ਰੀ ਲਛਮਣ ਸਿੰਘ ਸੀਨ ਚੰਗੇ ਸੰਗੀਤਕ ਵਿਦਵਾਨ ਸਨ।

ਕੀ ਪਿੰਡਾਂ ਦੇ ਵਿਦਿਆਥੀਆਂ ਨੇ ਸ਼ਹਿਰਾਂ ਦੇ ਵਿਦਿਆਰਥੀਆਂ ਤਰ੍ਹਾਂ ਸੰਗੀਤ ਸਿੱਖਣ ਦੀ ਰੁਚੀ ਹੁੰਦੀ ਹੈ ?

ਹਾਂ ਕਿਸੇ ਵਿਦਿਆਰਥੀ ਨੇ 10 ਮੀਲ ਤੋਂ ਆਉਣਾ ਸ਼ਹਿਰ ਵਿਚ ਰਹਿਣ ਵਾਲਾਂ ਤਾਂ ਲੋਕਲ ਹੈ। ਇਸ ਕਰਕੇ ਉਹਨਾਂ ਦੀ ਵਧੇਰੇ ਰੁਚੀ ਪਤਾ ਹੈ ਪਰ ਉਹ ਇਸ ਰੁੱਚੀ ਦਾ ਵਧੇਰੇ ਅਨੰਦ ਇਸ ਕਰਕੇ ਨਹੀਂ ਮਾਣ ਸਕਦੇ ਕਿ ਉਹਨਾਂ ਕੋਲ ਵਕਤ ਬਹੁਤ ਘੱਟ ਹੁੰਦਾ ਹੈ। ਉਹਨਾਂ ਦੀ ਕਲਾ ਅਧੂਰੀ ਰਹਿ ਜਾਂਦੀ ਹੈ।

ਹਾਂ ਤੁਸੀ ਇਥੇ ਤਕਰੀਬਨ 10 ਸਾਲ ਤੋਂ ਸੰਗੀਤ ਵਿਦਿਆ ਸਿਖ ਰਹੇ ਹੋ ? ਕਦੇਂ ਇਸ ਕਲਾ ਵਿਚ ਥੱਕੇ ਨਹੀਂ ?

ਹਾਂ ਸੰਗੀਤ ਮੈਂ ਜਦੋਂ ਇਹਦਾ ਕਾਲਜ ਬਣਿਆਂ ਉਸ ਵਕਤ ਦਾ ਹੀ ਸਿਖ ਰਿਹਾ ਹਾਂ। ਅੱਕਣ ਥੱਕਣ ਵਾਲੀ ਤਾਂ ਗੱਲ ਕਦੇ ਮਨ 'ਚ ਆਈ ਹੀ ਨਹੀਂ ਸੀ।

ਮਨਜੀਤ ਸਿੰਘ ਰੱਤੂ

ਸ਼ਹੀਦ ਕਾਂਸ਼ੀ ਰਾਮ

ਇਹ ਸ਼ਾਇਦ ਜੂਨ 1982 ਦੀ ਗੱਲ ਹੈ ਕਿ ਸ਼ਹੀਦ ਕਾਂਸ਼ੀ ਰਾਮ ਟਰੱਸਟ ਨੇ ਸ਼ਹੀਦ ਕਾਂਸ਼ੀ ਰਾਮ ਦਾ ਜਨਮ ਸ਼ਤਾਬਦੀ ਵਰ੍ਹਾ, ਜੋ ਕਿ 13 ਅਕਤੂਬਰ 1982 ਤੋਂ ਸ਼ੁਰੂ ਹੁੰਦਾ ਹੈ, ਵੱਡੀ ਪੱਧਰ ਤੇ ਮਨਾਉਣ ਦਾ ਫੈਸਲਾ ਕੀਤਾ ਇਸ ਸਬੰਧ ਵਿਚ ਜਿਥੇ ਅਨੇਕਾਂ ਸਮਾਰੋਹਾਂ ਦਾ ਪਰੋਗਰਾਮ ਉਲੀਕਿਆ ਗਿਆ, ਉਥੇ ਵੀ ਇਹ ਵੀ ਨਿਰਣਾ ਲਿਆ ਗਿਆ ਕਿ ਸ਼ਹੀਦ ਦੇ ਜੀਵਨ ਸੰਗਰਾਮ ਸਬੰਧੀ ਪੁਸਤਕ ਲਿਖ ਲਈ ਜਾਵੇ ਤਾਂ ਜੋ ਉਹਨਾਂ ਦੀ ਮਹਾਨ ਘਾਲਣਾ ਅਤੇ ਕੁਰਬਾਨੀ ਅਜ ਦੀ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸਾਹਮਣੇ ਲਿਆਂਦੀ ਜਾ ਸਕੇ। ਇਹ ਜੀਵਨੀ ਲਿਖਣ ਦਾ ਕੰਮ ਪੰਜਾਬ ਦੇ ਉਘੇ ਸਾਹਿਤਕਾਰਾਂ ਅਤੇ ਕਲਾ ਪਰੇਮੀ ਪ੍ਰੋਫੈਸਰ ਐਚ. ਐਸ. ਦਿਲਗੀਰ ਨੂੰ ਸੌਂਪਿਆ ਗਿਆ।

ਕਾਂਸ਼ੀ ਰਾਮ ਜੀ ਦੇ ਜੀਵਨ ਸਬੰਧੀ ਬਹੁਤ ਥੋੜੀ ਸਮੱਗਰੀ ਹੋਣ ਦੇ ਬਾਵਜੂਦ ਸ੍ਰੀ ਦਿਲਗੀਰ ਜੀ ਨੇ ਇਸ ਪੁਸਤਕ ਵਿਚ ਨਾ ਕੇਵਲ ਕਾਂਸ਼ੀ ਰਾਮ ਜੀ ਦਾ ਜੀਵਨ ਹੀ ਉਲੀਕਿਆ ਹੈ ਸਗੋਂ ਉਹਨੂੰ ਪੜ੍ਹਕੇ ਪਾਠਕ ਸਾਹਮਣੇ ਗ਼ਦਰ ਲਹਿਰ ਇਕ ਤਰਾਂ ਸ਼ੀਸ਼ੇ ਦੇ ਰੂਪ ਵਿਚ ਆ ਜਾਂਦੀ ਹੈ। ਮੈਂ ਗ਼ਦਰ ਲਹਿਰ ਦੇ ਇਤਿਹਾਸ ਨਾਲ ਸੰਬੰਧਤ ਹੋਰ ਕਈ ਪੁਸਤਕਾਂ ਵੀ ਪੜ੍ਹੀਆਂ ਹਨ ਪਰ ਦਿਲਗੀਰ ਜੀ ਦੀ ਇਹ ਪੁਸਤਕ ਪੜ੍ਹਕੇ ਮੈਨੂੰ ਗ਼ਦਰ ਪਾਰਟੀ ਬਾਰੇ ਕਈ ਅਚੰਭਾ ਪੈਦਾ ਕਰਨ ਵਾਲੇ ਨਵੇਂ ਤੱਥਾਂ ਦਾ ਪਤਾ ਲੱਗਾ ਹੈ।

ਸ਼ਹੀਦ ਕਾਂਸ਼ੀ ਰਾਮ ਅਤੇ ਉਹਨਾਂ ਦੇ ਹੋਰ ਗ਼ਦਰੀ ਸਾਥੀਆਂ ਨੇ ਜਿਸ ਸਮੇਂ 1913 ਵਿਚ ਗ਼ਦਰ ਪਾਰਟੀ ਦਾ ਮੁੱਢ ਬੰਨਿਆ ਅਤੇ ਦੇਸ਼ ਨੂੰ ਪੂਰਨ ਸਵਰਾਜ ਦਿਵਾਉਣ ਅਤੇ ਇਸ ਦੀ ਥਾਂ ਅਜ਼ਾਦ ਜਮਹੂਰੀ ਗਣਰਾਜ ਸਥਾਪਤ ਕਰਨ ਦਾ ਨਾਅਰਾ ਚੁੱਕਿਆ, ਓਦੋਂ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਇਸ ਦੇ ਆਗੂਆਂ ਨੇ ਅਜੇ ਡੋਮੀਨੀਅਨ ਸਟੇਟਸ(Dominion Status) ਦਾ ਨਿਸ਼ਾਨਾ ਵੀ ਨਹੀਂ ਮਿਥਿਆ ਸੀ। ਅੰਗਰੇਜ਼ ਜਰਮਨੀ ਨਾਲ ਪਹਿਲੀ ਸੰਸਾਰ ਜੰਗ ਵਿਚ ਰੁੱਝੇ ਹੋਏ ਸਨ, ਇੰਡੀਅਨ ਨੈਸ਼ਨਲ ਕਾਂਗਰਸ ਅਤੇ ਇਸਦੇ ਨੇਤਾ ਉਸ ਸਮੇਂ ਅੰਗਰੇਜ਼ੀ ਸਾਮਰਾਜ ਨੂੰ ਹਰ ਪ੍ਰਕਾਰ ਦਾ ਮਿਲਵਰਤਨ ਦੇਣ ਦੀਆਂ ਗੱਲਾਂ ਕਰ ਰਹੇ ਸਨ ਜਦੋਂ ਕਿ ਗ਼ਦਰੀ ਇਸ ਮੌਕੇ ਦਾ ਲਾਭ ਉਠਾਕੇ ਦੇਸ਼ ਵਿਚ ਗ਼ਦਰ ਪੈਦਾ ਕਰਕੇ ਵਿਦੇਸ਼ੀ ਰਾਜ ਨੂੰ ਮੁਕਾ ਦੇਣ ਦੀ ਪਾਲਿਸੀ ਉਤੇ ਚੱਲ ਰਹੇ ਸਨ। ਵਿਦੇਸ਼ਾਂ ਵਿਚ ਆਪਣੇ ਕਾਰੋਬਾਰਾਂ ਨੂੰ ਬੰਦ ਕਰਕੇ ਨਵੰਬਰ 1914 ਵਿਚ ਤੋਸ਼ਾਮਾਰੂ ਜਹਾਜ਼ ਰਾਹੀਂ ਭਾਰਤ ਪਰਤੇ। ਹਜ਼ਾਰਾਂ ਗ਼ਦਰੀ ਬੰਦਰਗਾਹਾਂ ਉਤੇ ਹੀ ਫੜ ਲਏ ਗਏ। ਹਜ਼ਾਰਾਂ ਪਿੰਡਾਂ ਵਿਚ ਨਜ਼ਰਬੰਦ ਕਰ ਦਿਤੇ ਗਏ ਦਰਜਨਾਂ ਨੂੰ ਫਾਂਸੀਆਂ ਉਤੇ ਲਟਕਾ ਦਿਤਾ ਗਿਆ ਪੰਡਤ ਕਾਂਸ਼ੀ ਰਾਮ ਉਹਨਾਂ ਵਿਚੋਂ ਇਕ ਸਨ। ਉਹਨਾਂ ਨੂੰ 6 ਹੋਰ ਸਾਥੀਆਂ ਨਾਲ 27 ਮਾਰਚ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਟਕਾ ਦਿਤਾ ਗਿਆ। ਸਾਨੂੰ ਮਾਣ ਹੈ ਕਿ ਮੜੌਲੀ ਕਲਾਂ (ਜੋ ਉਸ ਸਮੇਂ ਜ਼ਿਲਾ ਅੰਬਾਲਾ ਵਿਚ ਸੀ ਅਤੇ ਹੁਣ ਜ਼ਿਲਾ ਰੋਪੜ ਵਿਚ ਹੈ) ਦੇ ਨਿਵਾਸੀ ਸਨ ਅਤੇ ਉਹਨਾਂ ਨੇ ਇਹ ਕੁਰਬਾਨੀ ਦੇਕੇ ਸਾਡੇ ਇਲਾਕੇ ਦੇ ਨਾਂ ਨੂੰ ਉਹਨਾਂ ਉਚਾ ਕੀਤਾ ਹੈ।

ਗ਼ਦਰ ਪਾਰਟੀ ਨੇ ਸਾਡੇ ਅਜ਼ਾਦੀ ਦੇ ਇਤਿਹਾਸ ਵਿਚ ਜਿੰਨੀ ਭੂਮਿਕਾ ਨਿਭਾਈ ਹੈ, ਇਤਿਹਾਸਕਾਰਾਂ ਨੇ ਉਸਨੂੰ ਉਨੀ ਉਜਾਗਰਤਾ ਨਾਲ ਨਹੀਂ ਲਿਖਿਆ ਹੈ। ਗਾਂਧੀ ਜੀ ਦੀ ਅਗਵਾਈ ਵਿਚ ਕੌਮੀ ਲਹਿਰ ਦਾ ਅਹਿੰਸਾ ਨਾਲ ਪ੍ਰਣਾਇਆ ਜਾਣਾ ਵੀ ਇਸਦੀ ਇਕ ਵਜ੍ਹਾ ਹੈ। ਜਿਸ ਕਰਕੇ ਕੌਮੀ ਲਹਿਰ ਅਤੇ ਕੌਮੀ ਪ੍ਰੈਸ ਨੇ ਗ਼ਦਰੀਆਂ ਦੇ ਲੜਾਕੂ ਸਿਧਾਂਤ ਨੂੰ ਬੜੀ ਚੁਤਰਾਈ ਨਾਲ ਦੇਸ਼ ਸਾਹਮਣੇ ਨਹੀਂ ਆਉਣ ਦਿਤਾ। ਗ਼ਦਰੀਆਂ ਦੀ ਸੋਚ ਕਿੰਨੀ ਤਿੱਖੀ ਸੀ, ਇਸ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕਾਂਗਰਸ ਨੇ 1929 ਵਿਚ ਪੂਰਨ ਅਜ਼ਾਦੀ ਦਾ ਮਤਾ ਪਾਸ ਕੀਤਾ ਜਦੋਂ ਕਿ ਗ਼ਦਰੀਆਂ ਨੇ 1913 ਵਿਚ ਪੂਰਨ ਆਜ਼ਾਦੀ ਦਾ ਨਾਅਰਾ ਬੁਲੰਦ ਕੀਤਾ।

ਆਜ਼ਾਦੀ ਪ੍ਰਾਪਤੀ ਦੇ ਕਈ ਵਰ੍ਹਿਆਂ ਪਿਛੋਂ ਹੀ ਗ਼ਦਰ ਪਾਰਟੀ ਦੇ ਸੂਰਮਿਆਂ ਦੀਆਂ ਯਾਦਗਾਰਾਂ ਉਸਾਰਨ ਦਾ ਕੰਮ ਸ਼ੁਰੂ ਹੋਇਆ ਤੇ ਇਸ ਵਿਚ ਸਭ ਤੋਂ ਮੋਢੀ ਭੂਮਿਕਾ ਦੁਆਬੇ ਦੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਨਿਭਾਈ ਜਿਸ ਨੇ ਜਲੰਧਰ ਵਿਚ ਗ਼ਦਰੀ ਸ਼ਹੀਦਾਂ ਦੀ ਯਾਦ ਵਿਚ ਇਕ ਯਾਦਗਾਰ ਹਾਲ ਉਸਾਰਿਆਂ।

ਆਜ਼ਾਦ ਹੋਣ ਪਿਛੋਂ ਵੀ ਬਹੁਤ ਵਰ੍ਹੇ ਤੱਕ ਪੰਡਤ ਕਾਂਸ਼ੀ ਰਾਮ ਦੀ ਮਹਾਨ ਸ਼ਹਾਦਤ ਦੀ ਯਾਦ ਵਿਚ ਕੋਈ ਯਾਦਗਾਰ ਸਥਾਪਿਤ ਨਾ ਕੀਤੀ ਜਾ ਸਕੀ। ਜਦੋਂ ਮੈਂ 1972 ਵਿਚ ਖਰੜ ਤੋਂ ਵਿਧਾਇਕ ਚੁਣਿਆ ਗਿਆ ਤਾਂ ਮੈਨੂੰ ਇਹ ਫੁਰਨਾ ਫੁਰਿਆ ਕਿ ਸ਼ਹੀਦ ਦੀ ਯਾਦ ਵਿਚ, ਇਲਾਕੇ ਵਿਚ ਇਕ ਡਿਗਰੀ ਕਾਲਜ ਖੋਲ੍ਹਿਆ ਜਾਵੇ। ਇਸ ਵਿਚਾਰ ਨੂੰ ਅਮਲ ਵਿਚ ਲਿਆਉਣ ਲਈ ਸ਼ਹੀਦ ਨੈਸ਼ਨਲ ਐਜੂਕੇਸ਼ਨ ਸੁਸਾਇਟੀ ਜੋ ਬਾਅਦ ਵਿਚ ਸ਼ਹੀਦ ਕਾਂਸ਼ੀ ਰਾਮ ਐਜੂਕੇਸ਼ਨਲ ਟਰੱਸਟ ਵਿਚ ਬਦਲ ਦਿਤੀ ਗਈ(ਸਥਾਪਤ ਕੀਤੀ ਗਈ) ਜਿਸਨੇ ਉਦਮ ਕਰਕੇ ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਕਾਲਜ, ਸ਼ਹੀਦ ਕਾਂਸ਼ੀ ਰਾਮ ਕਾਲਜ ਔਫ ਫਿਜੀਕਲ ਐਜੂਕੇਸ਼ਨ ਸਥਾਪਤ ਕੀਤੇ ਜੋ ਖਰੜ ਲਾਗੇ ਪਿੰਡ ਭਾਗੂ ਮਾਜਰਾ ਵਿਖੇ ਸਥਿਤ ਹਨ ਜਿਥੋਂ ਦੇ ਕਿਸਾਨਾਂ ਨੇ ਇਹਨਾਂ ਕਾਲਜਾਂ ਲਈ 20 ਏਕੜ ਭੂਮੀ ਦਾਨ ਵਜੋਂ ਦਿਤੀ ਬਾਅਦ ਵਿਚ ਖਰੜ ਵਿਖੇ ਇਕ ਮਾਡਲ ਸਕੂਲ ਅਤੇ ਇਕ ਪੰਜਾਬੀ ਸਪਤਾਹਿਤ 'ਸਚਿੱਤਰ ਪੰਜਾਬ ਪੱਤਿਰਕਾ' ਵੀ ਚਾਲੂ ਕੀਤੇ ਗਏ। ਇਹ ਸਭ ਅਦਾਰੇ ਬੜੀ ਕੁਸ਼ਲਤਾ ਅਤੇ ਸਫਲਤਾ ਨਾਲ ਚੱਲ ਰਹੇ ਹਨ ਅਤੇ ਆਪੋ ਆਪਣੇ ਖੇਤਰਾਂ ਵਿਚ ਜਨਤਕ ਸੇਵਾ ਕਰ ਰਹੇ ਹਨ। ਸ਼ਹੀਦ ਦੇ ਪਿੰਡ ਉਹਨਾਂ ਦਾ ਬੁੱਤ ਸਥਾਪਿਤ ਕੀਤਾ ਗਿਆ ਹੈ ਅਤੇ ਉਹਨਾਂ ਦੀ ਜੀਵਨ ਕਥਾ ਲੋਕਾਂ ਤੱਕ ਪਹੁੰਚਣ ਲਈ ਇਹ ਪੁਸਤਕ ਪਰਕਾਸ਼ਿਤ ਕੀਤੀ ਗਈ ਹੈ।

ਪੰਡਤ ਕਾਂਸ਼ੀ ਰਾਮ ਉਹਨਾਂ ਦੇ ਸਾਥੀਆਂ ਅਤੇ ਗ਼ਦਰ ਲਹਿਰ ਬਾਰੇ ਇਸ ਪੁਸਤਕ ਵਿਚ ਕਈ ਐਸੀਆਂ ਗੱਲਾਂ ਅਤੇ ਤੱਥਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ ਜਿਸ ਬਾਰੇ ਹਾਲੇ ਤੱਕ ਕਿਸੇ ਨੂੰ ਵੀ ਕੋਈ ਜਾਣਕਾਰੀ ਨਹੀਂ ਸੀ। ਇਹੀ ਨਹੀਂ, ਭਾਰਤ ਵਿਚ ਗ਼ਦਰ ਲਹਿਰ ਦੀ ਪ੍ਰੇਰਣਾ ਬਣੀ 1857 ਦੀ ਕ੍ਰਾਂਤੀ ਦਾ ਉਹਨਾਂ ਵਰਨਣ ਕੀਤਾ ਹੈ। ਕ੍ਰਾਂਤੀ ਦੀ ਪਹਿਲੀ ਚਿਣਗ ਕੂਕਾ ਲਹਿਰ ਅਤੇ 1857 ਦੇ ਗ਼ਦਰ ਤੋਂ ਸ਼ੁਰੂ ਹੋਕੇ ਕ੍ਰਾਂਤੀ ਦੀ ਮਿਸਾਲ ਕਿਵੇਂ ਹੱਥੋਂ ਹੱਥੀ ਪੰਡਤ ਕਾਂਸ਼ੀ ਰਾਮ ਤੱਕ ਪੁੱਜੀ ਇਸ ਦਾ ਜ਼ਿਕਰ ਬਹੁਤ ਸੁਚੱਜੇ ਢੰਗ ਨਾਲ ਦਿਲਗੀਰ ਜੀ ਨੇ 'ਸ਼ਹੀਦ ਕਾਂਸ਼ੀ ਰਾਮ' ਵਿਚ ਕੀਤਾ ਹੈ। ਨਿਰਸੰਦੇਹ ਇਹ ਪੁਸਤਕ ਸ਼ਹੀਦਾਂ ਸਬੰਧੀ ਸਾਹਿਤ ਵਿਚ ਇਕ ਲੋੜੀਦਾ ਅਤੇ ਮਹੱਤਵ ਪੂਰਨ ਵਾਧਾ ਹੈ।

ਗਾਥਾ 'ਜਲਮੁਰਾਰੀ' ਦੇ ਡੁਬਣ ਦੀ..........

ਵੀਰਵਾਰ 16 ਦਸੰਬਰ ਨੂੰ ਭਾਰਤੀ ਕੰਪਨੀ ਸਕੈਂਡੀਆ ਸਟੀਮਸ਼ਿਪ ਨੈਵੀਗੇਸ਼ਨ ਲਿਮਟਿਡ ਦਾ ਭਾਰ ਢੋਣ ਵਾਲਾ ਜਹਾਜ਼ ਦੁਰਘਟਨਾ ਗ੍ਰਸਤ ਹੋਇਆ ਜਿਸ ਵਿਚ ਜਹਾਜ਼ ਦੇ ਚੀਫ਼ ਇੰਜਨੀਅਰ ਸ਼ੈਟੀ ਦੀ ਮੌਤ ਹੋ ਗਈ। ਇਸ ਜਹਾਜ਼ ਵਿਚ ਹਜ਼ਾਰ ਮੈਂਬਰਾਂ ਦੀ ਖੁਸ਼ਕਿਸਮਤੀ ਸੀ ਕਿ ਸਮੁੰਦਰੀ ਬੇੜੇ ਦੇ ਬਚਾਅ ਕਰਨ ਵਾਲੇ ਜਹਾਜ਼ 'ਤਿਮੂਰ ਗਰਲ' ਨੇ ਵੇਲੇ ਸਿਰ ਮਦਦ ਤੇ ਪਹੁੰਚ ਕੇ ਜਾਨੀ ਮਾਲ ਦਾ ਨੁਕਸਾਨ ਹੋਣ ਤੋਂ ਬਚਾਅ ਲਿਆ। ਬਚਾਅ ਦੇ ਕਾਰਵਾਈ ਦੇ ਬਾਅਦ ਹੀ ਚੀਫ਼ ਇੰਜਨੀਅਰ ਸ਼ੈਟੀ ਦੀ ਮੌਤ ਦਿਲ ਫੇਲ੍ਹ ਕਾਰਨ ਹੋਣ ਦੀ ਸੰਭਾਵਨਾ ਦੱਸੀ ਜਾਂਦੀ ਹੈ। ਬਾਕੀ ਸਾਰੇ ਮੈਂਬਰ ਠੀਕ ਹਨ। ਇਸ ਵਿਚ 60 ਵਿਅਕਤੀ ਸਨ ਜਿਨ੍ਹਾਂ ਵਿਚ ਦੋ ਔਰਤਾਂ ਤੇ ਇਕ ਬੱਚਾ ਬਬਲੂ ਵੀ ਸ਼ਾਮਲ ਹੈ।

'ਜਲਮੁਰਾਰੀ' ਸੁਕੈਮਿਸ਼ ਤੋਂ ਮੰਗਲਵਾਰ 14 ਦਸੰਬਰ ਨੂੰ ਪਲਪ ਤੇ ਬੋਰੈਕਸ ਲੱਦ ਕੇ ਤੁਰਿਆ। ਜਿਸ ਵੇਲੇ ਇਸ ਵਿਚ ਗਲੀਆਂ ਰਾਹੀਂ ਪਾਣੀ ਦਾਖਲ ਹੋਇਆ ਤਾਂ ਪਲਪ ਨੇ ਫੈਲਣਾ ਸ਼ੁਰੂ ਕਰ ਦਿਤਾ ਤੇ ਪੰਪ ਬੰਦ ਹੋ ਗਏ। ਇਹ ਮੁਸ਼ਕਲ 7 ਵਜੇ ਮੰਗਲਵਾਰ ਸ਼ਾਮ ਨੂੰ ਹੀ ਖੜੀ ਹੋ ਗਈ। ਇਸ ਦਾ ਕਾਰਨ ਸਮੁੰਦਰ ਵਿਚ ਤੂਫਾਨ ਸੀ ਜਿਸ ਵੇਲੇ ਤੂਫ਼ਾਨ 93 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲ ਰਿਹਾ ਸੀ।



ਕੈਪਟਨ ਸੱਜਣ ਸਿੰਘ



ਚੀਫ਼ ਇੰਜਨੀਅਰ ਮਿਸਟਰ ਸ਼ੈਟੀ ਜੋ ਹਾਦਸੇ ਦਾ ਸ਼ਿਕਾਰ ਹੋ ਗਏ।

ਪਾਕਿ 'ਚ ਮੁਜ਼ਾਹਰੇ

ਭਿੱਖਵਿੰਡ:—ਪਾਕਿਸਤਾਨ ਵਿਚ ਹੁਣ ਜਨਰਲ-ਜ਼ਿਆ-ਉਲ-ਹੱਕ ਦੇ ਵਿਰੁਧ ਪਾਕਿ ਜਨਤਾ ਵਿਚ ਭਾਰੀ ਰੋਹ ਪਾਇਆ ਜਾਂਦਾ ਹੈ। ਕਰਾਚੀ ਵਿਖੇ ਆਪੋਜ਼ੀਸ਼ਨ ਪਾਰਟੀਆਂ ਦੇ ਵਰਕਰਾਂ ਨੇ ਇਕ ਜ਼ਬਰਦਸਤ ਮੁਜ਼ਾਹਰਾ ਕੀਤਾ ਜਿਸ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ। ਵਿਖਾਵਾਕਾਰੀ ਮੰਗ ਕਰ ਰਹੇ ਸਨ ਕਿ ਪਾਕਿਤਸਾਨ ਵਿਚ ਲੋਕ-ਤੰਤਰ ਬਹਾਲ ਕੀਤਾ ਜਾਵੇ ਚੋਣਾਂ ਤੁਰੰਤ ਕਰਾਈਆ ਜਾਣ ਤੇ ਬੇਨਜ਼ੀਰ ਭੁੱਟੋ, ਅਸਗਰ ਖਾਨ, ਅਜੀਜ ਖਾਨ ਸਾਰੇ ਰਾਜਸੀ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ।

ਪੁਲਿਸ ਨੇ ਮੁਜ਼ਾਹਰਕਾਰੀਆਂ ਤੇ ਅੰਧਾ ਧੁੰਦ ਲਾਠੀਚਾਰਜ ਕੀਤਾ ਜਿਸ ਕਾਰਨ 100 ਦੇ ਕਰੀਬ ਆਪੋਜੀਸ਼ਨ ਹਮਾਇਤੀ ਜ਼ਖਮੀ ਹੋ ਗਏ। ਇਸਤੇ ਵਿਖਾਵਾਕਾਰੀ ਵੀ ਹਿੰਸਾ ਤੇ ਉਤਾਰੂ ਹੋ ਗਏ ਜਿਸ ਕਾਰਨ ਦਰਜਨ ਦੇ ਕਰੀਬ ਪੁਲਸੀਏ ਵੀ ਜਖਮੀ ਹੋ ਗਏ।

'ਮਾਵਾਂ ਠੰਡੀਆਂ ਛਾਵਾਂ'

ਟਰਾਂਟੋ— ਟਰਾਂਟੋ ਵਿਚ ਇਕ ਨਵ-ਜਨਮੀ ਬੱਚੀ ਨੂੰ ਜਨਮ ਦੇਕੇ ਇਕ ਮਾਂ ਠੰਡ ਵਿਚ ਉਸਨੂੰ ਟਰੇਲਰ ਥੱਲੇ ਸੁੱਟ ਕੇ ਤੁਰਦੀ ਹੋਈ। ਕੋਲੋਂ ਲੰਘਦੇ ਇਕ ਫੈਕਟਰੀ ਕਾਮੇ ਨੇ ਸਵੇਰੇ ਸੱਤ ਵਜੇ ਕੰਮ ਤੇ ਜਾਂਦਿਆਂ ਇਹ ਭਾਣਾ ਵਰਤਿਆ ਦੇਖਿਆ ਤਾਂ ਰੀਪੋਰਟ ਕੀਤੀ। ਬੱਚੀ ਸਾਢੇ ਪੰਜ ਪੌਂਡ ਦੀ ਸੀ ਤੇ ਹਸਪਤਾਲ ਵਾਲਿਆਂ ਉਸਦਾ ਨਾਂ ਡਾਨ ਐਲਿਜ਼ਬਿਥ ਲੀਅ ਰੱਖਿਆ ਹੈ। ਤਾਪਮਾਨ ਉਸ ਸਮੇਂ ਸਿਫ਼ਰ ਤੋਂ ਥੱਲੇ ਸੀ ਜਦ ਇਸ ਬੱਚੀ ਨੂੰ ਹਸਪਤਾਲ ਲਿਆਂਦਾ ਗਿਆ।

ਪੁਲੀਸ ਮਾਂ ਦੀ ਭਾਲ ਕਰ ਰਹੀ ਹੈ। ਪਰ ਕੈਨੇਡਾ ਦੇ ਹਰ ਸ਼ਹਿਰ ਤੋਂ ਉਸਨੂੰ ਅਪਨਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਕ੍ਰਿਸਮਿਸ ਸਮੇਂ ਤੋਹਫ਼ਿਆਂ ਨਾਲ ਬੱਚੀ ਨੂੰ ਲੱਦ ਦਿਤਾ ਗਿਆ।

ਕਮਿਊਨਿਸਟ ਵਿਚਾਰਧਾਰਾ ਪ੍ਰਚਾਰਨ ਦੇ ਦੋਸ਼ 'ਚ ਤੁਰਕੀ ਦੇ 17 ਲੇਖਕ ਗ੍ਰਿਫਤਾਰ

ਇਸਤਨਬੋਲ (ਏ. ਪੀ.) ਤੁਰਕੀ ਦੇ ਇਕ ਉਘੇ ਲੇਖਕ ਅਜ਼ੀਜ਼ ਨੇਸਿਨ ਅਤੇ ਤੁਰਕੀ ਲੇਖਕ ਯੂਨੀਅਨ ਦੇ 17 ਹੋਰ ਮੈਂਬਰਾਂ ਨੂੰ ਕਮਿਊਨਿਸਟ ਵਿਚਾਰਧਾਰਾ ਅਪਨਾਉਣ ਅਤੇ ਆਪਣੀ ਵਿਚਾਰਧਾਰਾ ਦੇ ਹਕ ਵਿਚ ਲਿਖਣ ਤੇ ਫੌਜੀ ਜੁੰਡੀ ਨੇ ਦੋਸ਼ੀ ਠਹਿਰਾਇਆ ਹੈ। ਇਹਨਾਂ ਵਿਚ ਇਕ ਵਕੀਲ ਇਕ ਪਤਰਕਾਰ ਅਤੇ 16 ਨਾਵਲਕਾਰ ਤੇ ਸ਼ਾਇਰ ਹਨ।

ਗ੍ਰਿਫਤਾਰ ਕੀਤੇ ਗਏ ਇਹਨਾਂ ਇਨਕਲਾਬੀਆਂ ਉਤੇ ਫੌਜ ਦੀ ਇਕ ਮਾਰਸ਼ਲ ਲਾਅ ਅਦਾਲਤ ਵਿਚ ਜਲਦੀ ਹੀ ਮੁਕੱਦਮਾ ਚਲਾਏ ਜਾਣ ਦੀ ਸੰਭਾਵਨਾ ਹੈ। ਇਹਨਾਂ ਅਦੀਬਾਂ ਨੂੰ ਅਜੇ ਗ੍ਰਿਫਤਾਰ ਨਹੀਂ ਕੀਤਾ ਗਿਆ ਤਾਂ 18 ਹੀ ਇਨਕਲਾਬੀਆਂ ਨੂੰ 15-15 ਸਾਲ ਜੇਹਲ ਵਿਚ ਭੇਜਿਆ ਜਾ ਸਕਦਾ ਹੈ।

1980 ਦੇ ਰਾਜਪਲਟੇ ਤੋਂ ਬਾਅਦ ਇਸ ਯੂਨੀਅਨ ਤੇ ਪਾਬੰਦੀ ਨਹੀਂ ਸੀ ਲਾਈ ਗਈ, ਪਰ ਸਰਗਰਮੀਆਂ ਘਟਾ ਦਿਤੀਆਂ ਗਈਆਂ ਸਨ।

'ਦੂਰ ਨਹੀਂ ਨਨਕਾਣਾ'

ਇੰਦਰਜੀਤ ਹਸਨਪੁਰੀ ਦੀ 'ਦਾਜ' ਤੇ ਬੂਟਾ ਸਿੰਘ ਸ਼ਾਦ ਦੀ 'ਸੈਦਾ ਜੋਗਣ' ਦੀ ਹੀਰੋਇਨ ਦਲਜੀਤ ਕੌਰ ਹੁਣ ਸਵਰਨ ਸਿੰਘ ਦੀ 'ਦੂਰ ਨਹੀਂ ਨਨਕਾਣਾ' ਵਿਚ ਆ ਰਹੀ ਹੈ। ਸੰਗੀਤ ਸੋਨਿਕ ਓਮੀ ਦਾ ਹੈ। ਲੇਖਕ ਹੈ ਕੇ. ਅੱਪੂ। ਸਵਰਨ ਸਿੰਘ ਕੰਵਰ ਛੇਤੀ ਹੀ ਪਾਕਿਸਤਾਨ ਵਿਚ ਸ਼ੂਟਿੰਗ ਲਈ ਜਾ ਰਿਹਾ ਹੈ।

ਬੋਲੇ ਵੀ ਸੁਣ ਸਕਣਗੇ

ਨਵੀਂ ਦਿੱਲੀ:- ਸਾਇੰਸ ਨੇ ਬੋਲਿਆਂ ਲਈ ਸੁਣਨ ਦਾ ਸੁਪਨਾ ਸਾਕਾਰ ਕਰ ਵਖਾਇਆ ਹੈ। ਭਾਰਤੀ ਪਾਰਲੀਮੈਂਟ ਵਲੋਂ ਕੰਨਾਂ ਦੇ ਪੜਦੇ ਅਤੇ ਹੱਡੀਆਂ ਆਦਿ ਦੇ ਤਬਾਦਲੇ ਬਾਰੇ ਪਾਸ ਕੀਤੇ ਗਏ ਬਿਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਮਿਲ ਚੁੱਕੀ ਹੈ ਅਤੇ ਹੁਣ ਇਸ ਕਾਨੂੰਨ ਨੂੰ ਅਮਲੀ ਰੂਪ ਦੇਣ ਲਈ ਕਦਮ ਚੁੱਕੇ ਜਾ ਰਹੇ ਹਨ।

ਅੱਖਾਂ ਦੇ ਕੌਮੀ ਬੈਂਕ ਵਾਂਗ ਦਿੱਲੀ ਦੇ ਲੋਕ ਨਾਇਕ ਜੈ ਪਰਕਾਸ਼ ਨਰਾਇਣ ਹਸਪਤਾਲ ਵਿਚ ਕੰਨਾਂ ਦੇ ਪੜਦੇ ਅਤੇ ਹੋਰ ਹਿੱਸੇ ਦਾਨ ਕੀਤੇ ਜਾ ਸਕਣਗੇ।

ਇਆਪਾ ਵਲੋਂ ਫ਼ਖਰ ਜ਼ਮਾਨ ਸਨਮਾਨ ਸਮਾਰੋਹ

ਪਾਕਿਸਤਾਨ ਦੇ ਪ੍ਰਸਿੱਧ ਪੰਜਾਬੀ ਸਾਹਿਤਕਾਰ ਸ੍ਰੀ ਫ਼ਖਰ ਜ਼ਮਾਨ ਆਪਣੀ ਦੋ ਮਹੀਨੇ ਦੀ ਵਿਦੇਸ਼ ਯਾਤਰਾ ਦੇ ਪਹਿਲੇ ਪੜਾ ਤੇ ਹਾਲੈਂਡ ਹੁੰਦੇ ਹੋਏ ਵੀਆਨਾ ਪਹੁੰਚ ਗਏ ਹਨ। ਆਪ ਯੂਰਪ ਦੇ ਹੋਰ ਦੇਸ਼ਾਂ ਤੋਂ ਹੁੰਦੇ ਹੋਏ ਅਮਰੀਕਾ ਅਤੇ ਕੈਨੇਡਾ ਪਹੁੰਚਣ ਦਾ ਇਰਾਦਾ ਵੀ ਰੱਖਦੇ ਹਨ।

ਆਪ ਦੇ ਕੈਨੇਡਾ ਆਉਣ ਤੇ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ ਇਨਕਾਰਪੋਰੇਟਿਡ (ਕੈਨੇਡਾ) ਵਲੋਂ ਇਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿਚ ਆਪਨੂੰ ਪ੍ਰੋਫੈਸਰ ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਅਭਿਨੰਦਨ ਕੀਤਾ ਜਾਵੇਗਾ। ਇਆਪਾ ਵਲੋਂ ਆਪਜੀ ਨੂੰ 500 ਡਾਲਰ, ਇਕ ਪਲੈਕ, ਸਿਰੋਪਾ ਤੇ ਐਵਾਰਡ ਪੱਤਰ ਭੇਟ ਕੀਤੇ ਜਾਣਗੇ। ਇਹ ਪੁਰਸਕਾਰ ਸ੍ਰੀ ਫ਼ਖਰ ਜ਼ਮਾਨ ਨੂੰ ਉਨ੍ਹਾਂ ਦੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਵਿਸ਼ੇਸ਼ ਦੇਣ ਤੇ ਉਨਾਂ ਦੇ ਆਧੁਨਿਕ ਕਲਾਸਕ ਨਾਵਲ 'ਬੰਦੀਵਾਨ' ਲਈ ਦੇਣ ਦੀ ਘੋਸ਼ਨਾ ਕੀਤੀ ਗਈ ਸੀ। 'ਬੰਦੀਵਾਨ' ਪਹਿਲੀ ਵਾਰ ਗੁਰਮੁਖੀ ਅੱਖਰਾਂ ਵਿਚ ਭਾਰਤ ਵਿਚ ਛਪਿਆ ਸੀ। ਇਸ ਨਾਵਲ ਵਿਚ ਫਖਰ ਜ਼ਮਾਨ ਨੇ ਅੱਵਾਮ ਦੀ ਆਜ਼ਾਦੀ ਅਤੇ ਹੱਕ ਦੀ ਲੜਾਈ ਅਤੇ ਪਾਕਿਸਤਾਨੀ ਜੇਲ੍ਹਾਂ ਵਿਚ ਭਿਆਨਕ ਅਤਿਆਚਾਰ ਦੀ ਹਿਰਦੇਵੇਧਕ ਦਾਸਤਾਨ ਬਿਆਨ ਕੀਤੀ ਹੈ!

ਪਾਕਿਸਤਾਨ ਦੀ ਮੌਜੂਦਾ ਹਕੂਮਤ ਨੇ ਫ਼ਖਰ ਜ਼ਮਾਨ ਦੀਆਂ ਚਾਰ ਪੰਜਾਬੀ ਪੁਸਤਕਾਂ ਅਤੇ ਇਕ ਹਫ਼ਤਾਵਾਰ ਅਖਬਾਰ ਉਤੇ ਬੈਨ ਲਾਇਆ ਹੋਇਆ ਹੈ। ਆਪ ਏਸ ਹਕੂਮਤ ਅਧੀਨ ਛੇ ਮਹੀਨੇ ਦੀ ਕੈਦ ਵੀ ਭੁਗਤ ਚੁੱਕੇ ਹਨ।

ਸੁਰਗੀ ਜ਼ੁਲਿਫਕਾਰ ਅਲੀ ਭੁੱਟੋ ਦੀ ਹਕੂਮਤ ਸਮੇਂ ਫ਼ਖਰ ਜ਼ਮਾਨ ਪਾਕਿਸਤਾਨੀ ਸੈਨੇਟ ਦੇ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਬੇਗਮ ਨੁਸਰਤ ਭੁੱਟੋ ਦੇ ਪੋਲੀਟੀਕਲ ਐਡਵਾਈਜ਼ਰ ਵੀ।

ਪੰਜਾਬੀਉ ਨਾ ਨੀਵੀਂਆਂ
ਗੱਲਾਂ ਦੀ ਤਕ ਰੱਖੋ
ਹੁੰਦਾ ਕਦੀ ਨਾ ਆਲ੍ਹਣਾ
ਝਿੱਕਾ ਉਕਾਬ ਦਾ।

ਗੰਗਾ ਬਣਾਵੇ ਦੇਵਤੇ
ਤੇ ਜਮਨ ਦੇਵੀਆਂ
ਆਸ਼ਕ ਮਗਰ ਬਣਾ ਸਕੇ
ਪਾਣੀ ਚੰਨਾਬ ਦਾ।

'ਸਿਵਲ ਨਾਫ਼ੁਰਮਾਨੀ' ਦਾ ਮੋਢੀ ਤਿਲਕ ਸੀ ਨਾ ਕਿ ਮਹਾਤਮਾ ਗਾਂਧੀ

ਨਵੀਂ ਦਿੱਲੀ-(ਪੀ. ਟੀ. ਆਈ.) ਦੇਸ਼ ਵਿਚ 'ਸਿਵਲ ਨਾਫ਼ੁਰਮਾਨੀ ਲਹਿਰ' ਦਾ ਮੋਢੀ ਬਾਲ ਗੰਗਾਧਰ ਤਿਲਕ ਸੀ ਨਾ ਕਿ ਮਹਾਤਮਾ ਗਾਂਧੀ।

ਇਹ ਗੱਲ ਹੁਣੇ ਜਿਹੇ ਛਪੀ ਇਕ ਪੁਸਤਕ 'ਸਵਰਾਜ ਦੇ ਨਿਰਮਾਤਾ' ਵਿਚ ਕਹੀ ਗਈ ਹੈ ਜਿਹੜੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਭੇਂਟ ਕੀਤੀ ਗਈ। ਇਹ ਪੁਸਤਕ ਸ੍ਰੀ ਬੀ. ਕੇ. ਆਹਲੂਵਾਲੀਆਂ ਅਤੇ ਸ਼ਸ਼ੀ ਆਹਲੂਵਾਲੀਆ ਵਲੋਂ ਸਾਂਝੇ ਤੌਰ ਤੇ ਲਿਖੀ ਗਈ ਹੈ। ਇਸ ਪੁਸਤਕ ਵਿਚ ਲਿਖਿਆ ਗਿਆ ਕਿ ਬਾਲ ਗੰਗਾਧਰ ਤਿਲਕ ਨੇ, 1906 ਵਿਚ ਹੀ ਸਿਵਲ ਨਾਫ਼ੁਰਮਾਨੀ ਦਾ ਨਾਅਰਾ ਲਾ ਦਿਤਾ ਸੀ ਜਿਸ ਦੇ ਅਧਾਰ ਉਤੇ 14 ਸਾਲ ਬਾਅਦ ਮਹਾਤਮਾ ਗਾਂਧੀ ਨੇ ਲਹਿਰ ਚਲਾਈ।

ਇਸ ਪੁਸਤਕ ਵਿਚ ਬਾਈਕਾਟ ਦੀ ਮੁਹਿੰਮ ਕਿਸੇ ਬਦੇਸ਼ੀ ਸਰਕਾਰ ਜਾਂ ਕਿਸੇ ਦੇਸ਼ ਵਿਰੁਧ ਕਿੰਨੀ ਅਤੇ ਕਿਵੇਂ ਕਾਰਗਰ ਸਿੱਧ ਹੋ ਸਕਦੀ ਹੈ, ਇਸ ਗੱਲ ਉਤੇ ਵਿਸਥਾਰ ਨਾਲ ਵਿਚਾਰ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਚੀਨ ਨੇ ਅਮਰੀਕਾ ਵਪਾਰ ਦਾ ਬਾਈਕਾਟ ਕਰਕੇ ਕਿਸੇ ਵੇਲੇ ਕਿਵੇਂ ਅਮਰੀਕਾ ਦੀਆਂ ਅੱਖਾਂ ਖੋਲ ਦਿਤੀਆਂ ਸਨ।

"ਇਤਿਹਾਸ ਇਨ੍ਹਾਂ ਗੱਲਾਂ ਤੋਂ ਪਰਦਾ ਚੁੱਕਦਾ ਹੈ ਕਿ ਲੋਕਾਂ ਦੀ ਏਕਤਾ ਕਿਵੇਂ ਆਪਣੇ ਪੱਕੇ ਇਰਾਦਿਆਂ ਨਾਲ ਬਿਨਾਂ ਕੋਈ ਹਥਿਆਰ ਚੁਕਿਆਂ ਵੀ ਸਰਕਾਰਾਂ ਦੇ ਨੱਕ ਵਿਚ ਦਮ ਕਰ ਸਕਦੀ ਹੈ। ਤਿਲਕ ਦਾ ਵਿਚਾਰ ਸੀ ਕਿ ਬਾਈਕਾਟ ਅਤੇ ਅਤੇ ਸਵਦੇਸੀ ਉਸ ਵੇਲੇ ਦਾ ਵੱਡਾ ਰਾਜਨੀਤਕ ਹਥਿਆਰ ਸੀ। ਕਾਂਗਰਸ ਦੀ ਦਿੱਲੀ ਕਾਂਗਰਸ ਵਿਚ ਦਿਤੇ ਭਾਸ਼ਨ ਵਿਚ ਤਿਲਕ ਨੇ ਕਿਹਾ ਸੀ "ਸਾਡੇ ਕੋਲ ਬਾਈਕਾਟ ਦਾ ਵੱਡਾ ਹਥਿਆਰ ਹੈ ਜਿਸ ਨੂੰ ਅਸੀਂ ਸਾਮਰਾਜ ਵਿਰੁਧ ਤਕੜੀ ਤਰ੍ਹਾਂ ਵਰਤ ਸਕਦੇ ਹਾਂ ਪੁਸਤਕ ਅਨੁਸਾਰ ਬਾਲ ਗੰਗਾਧਰ ਤਿਲਕ ਨੇ ਇਕ ਵਸਤ ਦਾ ਸਹਿਜ ਸਹਿਜ ਬਾਈਕਾਟ ਸ਼ੁਰੂ ਕਰ ਦਿਤਾ ਸੀ ਅਤੇ ਇਸ ਬਾਈਕਾਟ ਦਾ ਸਿਖਰ ਸੀ 1920 ਦੀ ਸਿਵਲ ਨਾ ਫ਼ੁਰਮਾਨੀ ਲਹਿਰ ਜਿਸਨੂੰ ਮਹਾਤਮਾ ਗਾਂਧੀ ਨੇ ਸ਼ੁਰੂ ਕੀਤਾ।

ਅਮਰੀਕਾ ਤੋਂ ਆਏ ਸਿੱਖਾਂ ਨੂੰ ਨਾ ਰੋਕੋ

ਸੰਤ ਲੌਂਗੋਵਾਲ

ਅੰਮ੍ਰਿਤਸਰ:-ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਮਰੀਕਾ ਤੋਂ ਆਏ ਸਿੰਘਾਂ ਨੂੰ 'ਖਲਿਸਤਾਨੀ' ਆਖਕੇ ਉਨਾਂ ਤੇ ਝੂਠੇ ਕੇਸ ਬਣਾਉਣ ਦੀ ਨਿਖੇਧੀ ਕੀਤੀ ਹੈ। ਸੰਤ ਨੇ ਕਿਹਾ ਕਿ ਭਾਰਤ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਨੂੰ ਆਪਣੇ ਧਰਮ ਅਸਥਾਨਾ ਦੇ ਦਰਸ਼ਨ ਕਰਨ ਤੋਂ ਰੋਕਣਾ ਭਾਰਤ ਦੀ ਧਰਮ ਨਿਰਪੇਖਤਾ ਦੀ ਨੀਤੀ ਦੇ ਵਿਰੁਧ ਹੈ। ਸੰਤ ਨੇ ਕਿਹਾ ਕਿ ਅਮਰੀਕਾ ਤੋਂ ਆਉਣ ਵਾਲੇ ਸਿੰਘਾਂ ਦਾ 'ਖਾਲਿਸਤਾਨ' ਦੀ ਲਹਿਰ ਨਾਲ ਕੋਈ ਸਬੰਧ ਨਹੀਂ।

ਸਿੱਖਾਂ ਨਾਲ ਵਿਤਕਰੇ ਦਾ ਵਿਸਥਾਰ ਛਾਪਾਂਗੇ--ਸੰਤ

ਅੰਮ੍ਰਿਤਸਰ:—ਅਕਾਲੀ ਦਲ ਏਸ਼ੀਆਡ ਦੌਰਾਨ ਸਿੱਖਾਂ ਨੂੰ ਤੰਗ ਕੀਤੇ ਜਾਣ ਸਬੰਧੀ ਵਿਸਥਾਰ ਛਾਪਾਂਗੇ।

ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਭਾਰਤ ਵਿਚ ਸਿੱਖਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਵਿਸਥਾਰ ਸਾਹਿਤ ਛਾਪ ਕੇ ਦੁਨੀਆਂ ਭਰ ਵਿਚ ਵੰਡਿਆ ਜਾਵੇਗਾ। ਸੰਤ ਨੇ ਸਭ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਏਸ਼ੀਆਡ ਸਮੇਂ ਉਨਾਂ ਨਾਲ ਹੋਈਆਂ ਜ਼ਿਆਦਤੀਆਂ ਬਾਰੇ ਦਲ ਦੇ ਆਗੂਆਂ ਨੂੰ ਜਾਣੂ ਕਰਾਉਣ।

ਸੰਤ ਨੇ ਏਸ਼ੀਆਡ ਸਟੇਡੀਅਮ ਵਿਚੋਂ ਦਲ ਮੰਗਾਂ ਦੇ ਹੱਕ ਵਿਚ ਨਾਅਰੇ ਲਾਉਣ ਦੇ ਦੋਸ਼ ਵਿਚ ਫੜੇ ਗਏ ਸਿਖ ਨੌਜਵਾਨਾਂ ਬਲਦੇਵ ਸਿੰਘ ਤੇ ਗੁਰਚਰਨ ਸਿੰਘ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਨਿੰਦਾ ਕੀਤੀ।

ਪ੍ਰਾਇਮਰੀ ਅਧਿਆਪਕ ਧਰਨਾ ਦੇਣਗੇ

ਫਰੀਦਕੋਟ—ਪਿਛਲੇ ਦਿਨੀਂ ਗੌਰਮਿੰਟ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਜ਼ਿਲਾ ਫਰੀਦਕੋਟ ਦੀ ਇਕ ਮੀਟਿੰਗ ਵਜ਼ੀਰ ਚੰਦ ਦੀ ਪ੍ਰਧਾਨਗੀ ਹੇਠ ਫਰੀਦਕੋਟ ਵਿਖੇ ਹੋਈ ਜਿਸ ਵਿਚ 13 ਦਸੰਬਰ ਤੋਂ ਜ਼ਿਲਾ ਸਿਖਿਆ ਅਫਸਰ(ਪ੍ਰਾਇਮਰੀ) ਫਰੀਦਕੋਟ ਦੇ ਦਫਤਰ ਦੇ ਬਾਹਰ ਭੁੱਖ ਹੜਤਾਲ ਰੱਖਣ ਦਾ ਫੈਸਲਾ ਕੀਤਾ ਗਿਆ। ਜੋਗਿੰਦਰ ਸਿੰਘ ਜਨਰਲ ਸਕੱਤਰ ਨੇ ਦਸਿਆ ਕਿ ਇਹ ਭੁੱਖ ਹੜਤਾਲ ਮੰਗਾਂ ਮੰਨਣ ਵਿਚ ਟਾਲ ਮਟੋਲ ਦੀ ਕੀਤੀ ਜਾ ਰਹੀ ਨੀਤੀ ਨੂੰ ਮੁੱਖ ਰੱਖਕੇ ਕੀਤੀ ਜਾ ਰਹੀ ਹੈ। ਉਹ ਮੰਗ ਕਰਦੇ ਹਨ ਕਿ ਸਿਆਸੀ ਅਧਾਰ ਤੇ ਕੀਤੀਆਂ ਬਦਲੀਆਂ ਬੰਦ ਕੀਤੀਆਂ ਜਾਣ, ਸੈਂਟਰ ਹੈਡ ਟੀਚਰ ਅਤੇ ਹੈਡ ਟੀਚਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣ ਅਤੇ ਬਾਕੀ ਰਹਿੰਦੀਆਂ ਮੰਗਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇ।

ਪੰਜਾਬ 'ਚ ਆਮ ਸਿੱਖਾਂ 'ਤੇ ਅਕਾਲੀ ਮੋਰਚੇ ਦਾ ਅਸਰ "ਨਾਂਮਾਤਰ"

ਨਵੀਂ ਦਿੱਲੀ:—ਪੰਜਾਬ ਦੇ ਵਧੇਰੇ ਹਿੱਸਿਆਂ ਵਿਚ ਅਕਾਲੀ ਅੰਦੋਲਨ ਦਾ ਅਸਰ ਨਾਂਮਾਤਰ ਹੈ।

ਅਕਾਲੀ ਮੋਰਚੇ ਸਬੰਧੀ ਕੀਤੇ ਗਏ ਇਕ ਸਰਵੇਖਣ ਅਨੁਸਾਰ ਆਮ ਪੇਂਡੂ ਸਿੱਖ ਜਿਥੇ ਅਕਾਲੀ ਆਗੂਆਂ ਦੀਆਂ ਧਾਰਮਿਕ ਮੰਗਾਂ ਦੀ ਹਮਾਇਤੀ ਹੈ ਉਥੇ ਅੰਦੋਲਨ ਦੇ ਨਾਂ ਉਤੇ ਹੋ ਰਹੀਆਂ ਹਿੰਸਕ ਵਾਰਦਾਤਾਂ ਦੀ ਨਿੰਦਾ ਕਰਦਾ ਹੈ।

ਪੰਜਾਬ ਦੇ ਸ਼ਹਿਰੀ ਇਲਾਕਿਆਂ ਵਿਚ ਵੀ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਇਕ ਹਿੱਸਾ ਅੰਦੋਲਨ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਿਹਾ ਹੈ। ਦੂਸਰੇ ਪਾਸੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਕਿਰਤੀ ਅਤੇ ਵਪਾਰੀ ਆਪੋ ਆਪਣੇ ਰੋਜ਼ਗਾਰ ਲਈ ਚਿੰਤਿਤ ਹਨ।

ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਅਕਾਲੀ ਆਗੂਆਂ ਦੀ ਬਿਆਨਬਾਜ਼ੀ ਦੀ ਵੀ ਆਮ ਸਿੱਖਾਂ ਉਪਰ ਕੋਈ ਪ੍ਰਤੀਕਿਰਿਆ ਨਹੀਂ ਬਲਕਿ ਇਨ੍ਹਾਂ ਦਾ ਇਕ ਵੱਡਾ ਹਿੱਸਾ ਸੁਖ ਸ਼ਾਂਤੀ ਨਾਲ ਆਪਣਾ ਕੰਮ ਕਰਨਾ ਚਾਹੁੰਦਾ ਹੈ।

ਇਸਦੇ ਉਲਟ ਪੰਜਾਬ ਦੇ ਗੈਰ ਸਿੱਖ ਲੋਕਾਂ ਖਾਸ ਕਰ ਨਿਰੰਕਾਰੀਆਂ ਵਿਚ ਅੰਦੋਲਨ ਤੋਂ ਡਰ ਅਤੇ ਆਤੰਕ ਫੈਲਿਆ ਹੋਇਆ ਹੈ। ਇਹ ਸਥਿਤੀ ਇਸੇ ਹੱਦ ਤੱਕ ਪੁਜ ਚੁੱਕੀ ਹੈ ਕਿ ਲੋਕ ਘਰਾਂ ਵਿਚ ਵਿਆਹ ਜਾਂ ਹੋਰ ਸਮਾਰੋਹ ਕਰਨ ਤੋਂ ਵੀ ਘਬਰਾਂਦੇ ਹਨ ਤੇ ਅਜਿਹੇ ਮੌਕਿਆਂ ਤੇ ਪੁਲੀਸ ਦੀ ਸਹਾਇਤਾ ਪ੍ਰਾਪਤ ਕਰਦੇ ਹਨ।

ਰਾਜ ਸਰਕਾਰ ਵੀ ਇਸ ਸ਼ੰਕਾ ਨੂੰ ਵੇਖਦੇ ਹੋਏ ਸਾਵਧਾਨ ਹੈ ਅਤੇ ਰਾਜ ਦੇ ਸਾਰੇ ਅਹਿਮ ਹਿੱਸਿਆਂ ਵਿਚ ਸਖਤ ਸੁਰੱਖਿਆ ਪ੍ਰਬੰਧ ਕੀਤੇ ਹਨ।

ਪਟਿਆਲਾ, ਜਲੰਧਰ, ਲੁਧਿਆਣਾ ਆਦਿ ਵੱਡੇ ਸ਼ਹਿਰ ਅਤੇ ਲਾਗਲੇ ਪੇਂਡੂ ਇਲਾਕਿਆਂ ਦੇ ਸਿੱਖਾਂ ਨੇ ਅਕਾਲੀ ਅੰਦੋਲਨ ਲਈ ਇਕ ਹੱਦ ਤੱਕ ਸਰਕਾਰ ਨੂੰ ਵੀ ਦੋਸ਼ੀ ਠਹਿਰਾਇਆ ਹੈ। ਇਨਾਂ ਦਾ ਕਹਿਣਾ ਹੈ ਕਿ ਸਿੱਖਾਂ ਦੀਆਂ ਉਚਿਤ ਮੰਗਾਂ ਨੂੰ ਮੰਨਣ ਵਿਚ ਸਰਕਾਰ ਕਿਉਂ ਹਿਚਕਚਾ ਰਹੀ ਹੈ। ਪਟਿਆਲਾ ਦੇ ਇਕ ਸਿੱਖ ਕਿਸਾਨ ਨੇ ਪੁਛਿਆ ਕਿ ਅਗਰ ਸਰਕਾਰ ਨੇ ਸਿੱਖਾਂ ਦੀਆਂ ਵਧੇਰੇ ਮੰਗਾਂ ਮੰਨ ਲਈਆਂ ਹਨ ਤਾਂ ਉਨਾਂ ਉਪਰ ਅਮਲ ਕਿਉਂ ਨਹੀਂ ਕੀਤਾ ਜਾਂਦਾ?

ਜਿੱਥੋਂ ਤੱਕ ਅੰਦੋਲਨ ਵਿਚ ਅਤਿਵਾਦ ਦਾ ਸਵਾਲ ਹੈ, ਸਿਰਫ ਅੰਮ੍ਰਿਤਸਰ ਅਤੇ ਉਸਦੇ ਆਸ ਪਾਸ ਦੇ ਕੁਝ ਇਲਾਕੇ ਹੀ ਅਜਿਹੇ ਹਨ ਜਿਥੇ ਅੰਦੋਲਨ ਅਤਿਵਾਦੀ ਰੂਪ ਵਿਚ ਭੜਕਿਆ ਅਤੇ ਪੁਲੀਸ ਨੂੰ ਇਸ ਤੇ ਕਾਬੂ ਪਾਉਣ ਵਿਚ ਔਕੜ ਪੇਸ਼ ਆਈ।

'ਪੰਜਾਬ ਭਵਨ ਦਿੱਲੀ' ਵਿਚ ਪੰਜਾਬੀ ਦਾ ਸਾਹਿਤਕ ਸਮਾਗਮ

ਨਵੀਂ ਦਿੱਲੀ:-ਬੀਤੇ ਦਿਨ ਪੰਜਾਬ ਭਵਨ ਨਵੀਂ ਦਿੱਲੀ ਵਿਚ ਸਥਿਤ ਪੰਜਾਬ ਸਰਕਾਰ ਦੇ ਸਾਹਿਤਕਾਰ ਕੇਂਦਰ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦਿੱਲੀ ਅਤੇ ਦਿੱਲੀ ਦੇ ਹੋਰ ਪੰਜਾਬੀ ਲੇਖਕਾਂ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਸਾਹਿਤਕ ਸਮਾਰੋਹ ਦਾ ਪ੍ਰਬੰਧ ਕੀਤਾ ਗਿਆ।

ਇਸ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦਿੱਲੀ ਦੇ ਪ੍ਰਧਾਨ ਡਾ. ਹਰੀ ਸਿੰਘ ਨੇ ਪੰਜਾਬੀ ਦੀ ਪ੍ਰਸਿੱਧ ਕਹਾਣੀਕਾਰ ਸ੍ਰੀਮਤੀ ਰਾਜਿੰਦਰ ਕੌਰ ਦੀ ਕਹਾਣੀ ਕਲਾ ਬਾਰੇ ਆਪਣਾ ਖੋਜ ਪੱਤਰ ਪੜ੍ਹਿਆ। ਪੰਜਾਬੀ ਦੇ ਕਈ ਵਿਦਵਾਨਾਂ, ਅਲੋਚਕਾਂ, ਕਵੀਆਂ ਅਤੇ ਕਹਾਣੀਕਾਰਾਂ ਨੇ ਇਸ ਵਿਚ ਭਾਗ ਲਿਆ।

ਇਸ ਸਮਾਗਮ ਦੀ ਪ੍ਰਧਾਨਗੀ ਕੈਨੇਡਾ ਤੋਂ ਆਏ ਪੰਜਾਬੀ ਦੇ ਕਵੀ ਗੁਰਚਰਨ ਰਾਮਪੁਰੀ ਨੇ ਕੀਤੀ। ਉਨਾਂ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਸ੍ਰੀਮਤੀ ਰਾਜਿੰਦਰ ਕੌਰ ਦੀਆਂ ਕਹਾਣੀਆਂ ਦੇ ਇਸਤਰੀ ਪਾਤਰ ਭਾਰਤੀ ਨਾਰੀ ਦੇ ਕਿਰਦਾਰ ਦੀ ਸਹੀ ਦਰਜਮਾਨੀ ਕਰਦੇ ਹਨ।

ਬੀਬੀ ਨੂਰਾਂ ਦੀ ਯਾਦ 'ਚ ਯਾਦਗਾਰ ਸਥਾਪਤ ਕਰਨ ਦੀ ਮੰਗ

ਫਗਵਾੜਾ—ਬੀਤੇ ਦਿਨ ਇਥੇ ਨੌਜਵਾਨ ਕਹਾਣੀਕਾਰ ਗੁਰਮੀਤ ਪਲਾਹੀ ਦੀ ਪ੍ਰਧਾਨਗੀ ਹੇਠ ਹੋਈ ਲੇਖਕਾਂ ਦੀ ਇਕ ਇਕੱਤਰਤਾ ਵਿਚ ਭਾਰਤ ਦੀ ਰੇਸ਼ਮਾਂ ਦੇ ਤੌਰ ਤੇ ਜਾਣੀ ਜਾਂਦੀ ਬੀਬੀ ਨੂਰਾਂ ਦੀ ਮੌਤ' ਤੇ ਦੁੱਖ ਪ੍ਰਗਟ ਕੀਤਾ ਗਿਆ। ਮੀਟਿੰਗ ਵਿਚ ਬੀਬੀ ਨੂਰਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪੰਜਾਬ ਸਰਕਾਰ ਤੋਂ ਬੀਬੀ ਨੂਰਾਂ ਦੀ ਯਾਦ ਵਿਚ ਯਾਦਗਾਰ ਸਥਾਪਤ ਕਰਨ ਦੀ ਮੰਗ ਕੀਤੀ ਗਈ।

ਗਰੀਬ ਲੋਕਾਂ ਤੋਂ ਵੋਟ ਦਾ ਹੱਕ ਖੋਹਣ ਦੀ ਸਾਜ਼ਸ਼

—ਸਤਪਾਲ ਡਾਂਗ—

10 ਦਸੰਬਰ, 1982 ਦੀ ਰੋਜ਼ਾਨਾ ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਵਿਚ ਹੇਠ ਲਿਖੀ ਖਬਰ ਛਪੀ ਸੀ:

"ਚੰਡੀਗੜ੍ਹ, 9 ਦਸੰਬਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਗੁਰਚਰਨ ਸਿੰਘ ਟੌਹੜਾ ਚਾਹੁੰਦੇ ਹਨ ਕਿ ਵੋਟ ਦਾ ਹੱਕ ਕੇਵਲ ਜਾਇਦਾਦ ਦੇ ਮਾਲਕਾਂ ਨੂੰ ਹੀ ਚਾਹੀਦਾ ਹੈ" ਜਦੋਂ ਉਹਨਾਂ ਨੂੰ ਇਹ ਗੱਲ ਆਖੀ ਗਈ ਕਿ ਸਿੱਖੀ ਦੇ ਅਸੂਲ ਜਾਤ ਪਾਤ, ਅਕੀਦੇ ਆਦਿ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕਰਦੇ ਤਾਂ ਉਹਨਾਂ ਨੇ ਗੋਲ ਮੋਲ ਜਵਾਬ ਦਿਤਾ। ਉਹਨਾਂ ਕਿਹਾ ਕਿ ਸਮਾਂ ਬਦਲ ਗਿਆ ਹੈ। "ਜੇ ਸ੍ਰੀ ਟੌਹੜਾ ਦੀ ਗੱਲ ਮੰਨ ਲਈ ਜਾਵੇ ਤੇ ਪੰਜਾਬ ਦੇ 50% ਵੋਟਰ ਆਪਣੇ ਵੋਟ ਦੇ ਹੱਕ ਤੋਂ ਵਾਂਝਿਆ ਹੋ ਜਾਣਗੇ। ਕਿਉਂਕਿ ਪੰਜਾਬ ਦੀ ਅਬਾਦੀ ਦਾ 43 ਫੀਸਦੀ ਹਿੱਸਾ ਗਰੀਬੀ ਦੀ ਪੱਧਰ ਤੋਂ ਹੇਠਾਂ ਹੈ।

ਸ੍ਰੀ ਟੌਹੜਾ ਵਲੋਂ ਇਸ ਖਬਰ ਦੀ ਤਰਦੀਦ ਵੀ ਨਹੀਂ ਛਪੀ। ਖਬਰ ਠੀਕ ਹੀ ਜਾਪਦੀ ਹੈ।

ਸਪੱਸ਼ਟ ਹੈ ਟੌਹੜਾ ਸਾਹਿਬ ਦੀ ਪੁਜ਼ੀਸ਼ਨ ਰਾਜ ਦੇ ਮੁਢਲੇ ਅਸੂਲਾਂ ਦੇ ਵਿਰੁਧ ਹੈ। ਜੇ ਉਹਨਾਂ ਦੀ ਗੱਲ ਮੰਨ ਲਈ ਜਾਵੇ ਤਾਂ ਗਰੀਬ ਲੋਕ ਹੀ ਵੋਟ ਦੇਣ ਦੇ ਹੱਕ ਤੋਂ ਵਾਂਝਿਆ ਹੋ ਜਾਣਗੇ, ਜਿਹੜੀ ਕਿ ਜ਼ਿਆਦਾਤਰ ਹਰੀਜਨ ਖੇਤ ਮਜ਼ਦੂਰ ਹੋਣਗੇ। ਰਾਜ ਕਰਨ ਦੀ ਸ਼ਕਤੀ ਕੇਵਲ ਜਾਇਦਾਦ ਦੇ ਮਾਲਕਾਂ ਦੇ ਹੱਥ ਵਿਚ ਰਹਿ ਜਾਵੇਗੀ। ਅਤੇ ਉਹ ਗਰੀਬ ਲੋਕਾਂ ਨੂੰ ਦਬਾ ਕੇ ਆਪਣੇ ਵਿਸ਼ੇਸ਼ ਹਿੱਤਾਂ ਦੀ ਪਾਲਨਾ ਬੜੀ ਆਸਾਨੀ ਨਾਲ ਕਰ ਸਕਣਗੇ, ਜ਼ਿਆਦਾ ਸੇਵਾ ਜ਼ਿਆਦਾ ਜਾਇਦਾਦ ਦੇ ਮਾਲਕਾਂ ਨੇ ਕੀਤੀ ਹੋਵੇਗੀ ਅਤੇ ਹੌਲੀ ਹੌਲੀ ਥੋੜ੍ਹੀ ਜਾਇਦਾਦ ਵਾਲੇ ਵੀ ਬਿਨਾਂ ਜਾਇਦਾਦ ਬਣ ਜਾਣਗੇ।

ਸਵਾਲ ਪੈਦਾ ਹੁੰਦਾ ਹੈ ਕਿ ਸ੍ਰੀ ਟੌਹੜਾ ਇਹ ਪੋਜ਼ੀਸ਼ਨ ਕਿਉਂ ਅਖਤਿਆਰ ਕਰ ਰਹੇ ਹਨ। ਸ੍ਰੀ ਟੌਹੜਾ ਅਕਾਲੀ ਲੀਡਰਾਂ ਵਿਚੋਂ ਇਕ ਅੱਗੇ ਵਧੂ ਲੀਡਰ ਗਿਣੇ ਜਾਂਦੇ ਸਨ। ਇਹ ਗੱਲ ਵੀ ਕਹੀ ਜਾਂਦੀ ਸੀ ਕਿ ਮਾਰਕਸੀ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਦੇ ਬਹੁਤ ਨੇੜੇ ਸਨ। ਕੁਝ ਲੋਕ ਤਾਂ ਇਹ ਵੀ ਕਹਿੰਦੇ ਸਨ ਕਿ ਸ੍ਰੀ ਟੌਹੜਾ ਇਕ ਛੁਪੇ ਹੋਏ ਕਮਿਊਨਿਸਟ ਹਨ।

ਸ੍ਰੀ ਟੌਹੜਾ ਦੇ ਵੋਟ ਦੇ ਹੱਕ ਬਾਰੇ ਸਟੈਂਡ ਨੇ ਇਹ ਗੱਲ ਸਾਫ ਕਰ ਦਿਤੀ ਹੈ ਕਿ ਉਹਨਾਂ ਨੇ ਕੇਵਲ ਅੱਗੇ ਵਧੂ ਹੋਣ ਦਾ ਇਕ ਪਰਦਾ ਪਾਇਆ ਹੋਇਆ ਸੀ। ਜਿਹੜਾ ਉਹਨਾਂ ਲੋੜ ਅਨੁਸਾਰ ਲਾਹ ਦਿਤਾ ਹੈ।

ਸ੍ਰੀ ਟੌਹੜਾ ਨੂੰ ਇਕ ਹੋਰ ਪੱਖ ਤੋਂ ਵੀ ਬਹੁਤ ਸਾਰੇ ਲੋਕ ਜਾਣੂੰ ਹਨ। ਉਹ ਅਕਾਲੀ ਦਲ ਵਿਚ ਗਰਮ ਧੜੇ ਦੇ ਲੀਡਰ ਹਨ ਅਤੇ ਨਰਮ ਦਲੀਏ ਧੜੇ ਦੇ ਸਖਤ ਵਿਰੋਧੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਉਹਨਾਂ ਦੀ ਕਾਫੀ ਨੇੜਤਾ ਹੈ। 1978 ਵਿਚ ਨਿਰੰਕਾਰੀ ਪੁਸਤਕਾਂ ਤੇ ਪਾਬੰਦੀ ਲਾਉਣ ਤੇ ਨਿਰੰਕਾਰੀਆਂ ਨੂੰ ਸਤਸੰਗ ਨਾ ਕਰਨ ਦੇਣ ਦੀ ਅਤਿਵਾਦੀ ਲਹਿਰ ਦੇ ਇਕ ਮੁਖੀ ਲੀਡਰ ਹਨ।

ਬਹੁਤ ਸਾਰੇ ਲੋਕ ਇਹ ਵੀ ਸਮਝਦੇ ਹਨ ਕਿ ਭਾਵੇਂ ਅਕਾਲੀ ਦਲ "ਖਾਲਸਤਾਨ" ਦੀ ਵਿਰੋਧਤਾ ਕਰਦਾ ਹੈ। ਪਰ ਟੌਹੜਾ ਸਾਹਿਬ ਦੀ ਦਿਲੀ ਹਮਦਰਦੀ ਇਸ ਨਾਹਰੇ ਦੇ ਨਾਲ ਹੈ।

ਟੌਹੜਾ ਸਾਹਿਬ ਦੇ ਇਹ ਪੱਖ ਉਹਨਾਂ ਦੇ ਵੋਟ ਦੇ ਹੱਕ ਬਾਰੇ ਜਮਹੂਰੀਅਤ-ਵਿਰੋਧੀ ਪੋਜ਼ੀਸ਼ਨ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ।

ਆਨੰਦਪੁਰ ਸਾਹਿਬ ਦਾ ਇਕ ਮਤਾ ਇਕ ਇਹੋ ਜਿਹੇ ਪੰਜਾਬ ਦੀ ਮੰਗ ਕਰਦਾ ਹੈ, ਜਿਸ ਵਿਚ ਖਾਲਸੇ ਦਾ ਬੋਲ ਬਾਲਾ ਹੋਵੇ। ਇਹ ਮਤਾ ਇਹ ਗੱਲ ਵੀ ਆਖਦਾ ਹੈ ਕਿ ਕੇਂਦਰ ਕੋਲ ਕੇਵਲ ਚਾਰ ਮਹਿਕਮੇ ਹੋਣਗੇ। (ਡਫੈਂਸ, ਬਦੇਸ਼ ਨੀਤੀ, ਕਰੰਸੀ ਅਤੇ ਅਵਾਜਾਈ) ਆਨੰਦਪੁਰ ਮਤਾ ਵੀ ਇਹ ਗੱਲ ਆਖਦਾ ਹੈ ਕਿ ਬਾਕੀ ਸਾਰਿਆਂ ਮਹਿਕਮਿਆਂ ਬਾਰੇ ਪੰਜਾਬ ਨੂੰ ਆਪਣਾ ਵਖਰਾ ਵਿਧਾਨ ਬਨਾਉਣ ਦੀ ਆਗਿਆ ਹੋਣੀ ਚਾਹੀਦੀ ਹੈ।

ਵਖਰਾ ਵਿਧਾਨ ਜੇ ਬਣ ਵੀ ਜਾਵੇ ਪਰ ਜੇ ਵੋਟ ਦੇਣ ਦਾ ਹੱਕ ਹਰ ਇਕ ਨੂੰ ਹੋਵੇ ਤਾਂ "ਖਾਲਸੇ ਦਾ ਬੋਲਬਾਲਾ" ਸ਼ਾਇਦ ਫਿਰ ਵੀ ਨਾ ਹੋ ਸਕੇ। ਪਰ ਜੇ ਪੰਜਾਬ ਦੇ ਵੱਖਰੇ ਵਿਧਾਨ ਅਨੁਸਾਰ ਵੋਟ ਦੇਣ ਦਾ ਹੱਕ ਕੇਵਲ ਜਾਇਦਾਦ ਵਾਲਿਆਂ ਨੂੰ ਹੀ ਹੋਵੇ ਤਾਂ "ਖਾਲਸੇ ਦਾ ਬੋਲਬਾਲਾ" ਹੋਣ ਦੀ ਸੰਭਾਵਨਾ ਬਹੁਤ ਵਧ ਜਾਵੇਗੀ, ਭਾਵੇਂ ਅਸਲ ਵਿਚ ਇਹ ਬੋਲਬਾਲਾ ਗਰੀਬ ਅਤੇ ਦਰਮਿਆਨੇ ਸਿੱਖ ਕਿਸਾਨਾਂ ਦਾ ਨਹੀਂ ਹੋਵੇਗਾ, ਸਗੋਂ ਧਨੀ ਕਿਸਾਨਾਂ ਅਤੇ ਲੈਂਡਲਾਰਡਾਂ ਦਾ ਹੋਵੇਗਾ।

ਸ੍ਰੀ ਟੌਹੜਾ ਦੀ ਪੋਜ਼ੀਸ਼ਨ ਲੋਕ ਰਾਜ ਵਿਰੋਧੀ ਤਾਂ ਹੈ ਹੀ। ਇਹ ਸਿੱਖੀ ਅਸੂਲਾਂ ਦੇ ਵੀ ਵਿਰੁਧ ਹੈ। ਪਰ ਇਹ ਗੱਲ ਆਨੰਦਪੁਰ ਮਤੇ ਦਾ ਅਸਲ ਮਤਲਬ ਸਮਝਣ ਵਿਚ ਕਾਫੀ ਸਹਾਈ ਹੁੰਦੀ ਹੈ। ਇਸ ਨਾਲ ਇਹ ਗੱਲ ਸਮਝਣ ਵਿਚ ਕਾਫੀ ਮਦਦ ਮਿਲਦੀ ਹੈ ਕਿ ਸ੍ਰੀ ਟੌਹੜਾ ਸਾਹਿਬ ਅਤੇ ਕਈ ਹੋਰ ਅਕਾਲੀ ਲੀਡਰ ਪੰਜਾਬ ਵਿਚ ਕਿਸ ਵਰਗ ਦੀ ਸੇਵਾ ਕਰਨ ਵਾਲਾ ਰਾਜ ਕਾਇਮ ਕਰਨਾ ਚਾਹੁੰਦੇ ਹਨ।

ਪੰਜਾਬ ਅਤੇ ਦੇਸ਼ ਦੇ ਹਿੱਤ ਮੰਗ ਕਰਦੇ ਹਨ ਕਿ ਅਜੋਕੀ ਸਥਿਤੀ ਦੇ ਸਿਲਸਿਲੇ ਵਿਚ ਕੋਈ ਵਾਜਬ ਸਮਝੌਤਾ ਹੋ ਜਾਵੇ। ਟੌਹੜਾ ਸਾਹਿਬ ਦਾ ਵੋਟਾਂ ਬਾਰੇ ਬਿਆਨ ਸਮਝੌਤੇ ਦੀਆਂ ਕੋਸ਼ਿਸ਼ਾਂ ਵਿਚ ਰੁਕਾਵਟ ਹੀ ਪਾ ਸਕਦਾ ਹੈ। ਅਸੀਂ ਅਕਾਲੀ ਲੀਡਰਸ਼ਿਪ ਨੂੰ ਬੇਨਤੀ ਕਰਾਂਗੇ ਕਿ ਉਹ ਖਾਹ-ਮਖਾਹ ਉਲਝਣਾ ਵਧਾਉਣ ਤੇ ਸਥਿਤੀ ਨੂੰ ਵਗਾੜਨ ਵਾਲੀਆਂ ਗੱਲਾਂ ਨਾ ਕਰਨ ਸਗੋਂ ਸੈਕੂਲਰ-ਜਮਹੂਰੀ ਅਸੂਲਾਂ ਦੇ ਅਧਾਰ ਉਤੇ ਨਿਆਂਈ ਫੈਸਲੇ ਵਿਚ ਸਹਾਈ ਹੋਣ।

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ(ਪਿੰਡ ਖੁਰਦਪੁਰ, ਜ਼ਿਲਾ ਜਲੰਧਰ) .ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ ਚੌਥੀ **:ਕੇਸਰ ਸਿੰਘ ਨਾਵਲਿਸਟ**



ਕਾਂਡ 7

ਕਰਤਾਰ ਸਿੰਘ ਨਵਾਂ ਚੰਦ ਨੇ ਆਪਣੇ ਕਮਰੇ ਵਿਚ ਜਾਣ ਲੱਗਿਆਂ ਕਿਹਾ—"ਸਿੰਘ ਸਾਹਬ! ਮੈਂ ਤੁਹਾਡਾ ਹੁਕਮ ਕਦੇ ਨਹੀਂ ਮੋੜਿਆ। ਤੁਹਾਡਾ ਹੁਕਮ ਤੋੜਨ ਦਾ ਵਿਚਾਰ ਵੀ ਮੇਰੇ ਮਨ ਵਿਚ ਕਦੇ ਨਹੀਂ ਆਇਆ।" ਉਸ ਨੇ ਦੋਵੇਂ ਹੱਥ ਜੋੜ ਕੇ ਕਿਹਾ—"ਅੱਜ ਮੈਂ ਇਕ ਬੇਨਤੀ ਕਰਨੀ ਐ। ਇਹ ਬੇਨਤੀ ਮੈਂ ਪਹਿਲੋਂ ਵੀ ਕੀਤੀ ਸੀ। ਤੁਸੀਂ ਪਰਵਾਨਗੀ ਨਹੀਂ ਸੀ ਦਿੱਤੀ। ਅੱਜ ਫਿਰ ਸਨਿਮਰ ਬੇਨਤੀ ਐ ਕਿ ਤੁਸੀਂ ਮੈਨੂੰ ਆਪਣੇ ਨਾਲ ਜਾਣ ਦੀ ਸੇਵਾ ਬਖਸ਼ੋ। ਜੇ ਤੁਸੀਂ ਆਪ ਰਣਤੱਤੇ ਵਿਚ ਕੁੱਦ ਰਹੇ ਹੋ ਤਾਂ ਮੈਨੂੰ ਕਿਉਂ ਰੋਕਦੇ ਓ? ਮੈਂ ਦੋਵੇਂ ਹੱਥ ਜੋੜ ਕੇ ਬੇਨਤੀ ਕਰਦਾ ਆਂ।"

ਭਾਈ ਸਾਹਿਬ ਨੇ ਕਰਤਾਰ ਸਿੰਘ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਘੁੱਟ ਕੇ ਨੀਵੀਂ ਪਾਂਦਿਆਂ ਧੀਮੀ ਆਵਾਜ਼ ਵਿਚ ਉੱਤਰ ਦਿੱਤਾ—"ਜੇ ਤੁਸੀਂ ਨਾ ਜਾਓਗੇ ਤਾਂ ਫਿਰ ਮੈਨੂੰ ਆਪ ਕਰਤਾਰ ਕੌਰ ਤੇ ਬੱਚਿਆਂ ਨਾਲ ਦੇਸ ਜਾਣਾ ਪਵੇਗਾ।"

"ਆਪਣੇ ਬਥੇਰੇ ਲੋਕ ਜਾ ਰਹੇ ਐ। ਕਈ ਜਾਣੂੰ ਪਛਾਣੂੰ ਨਿਕਲ ਆਉਣਗੇ। ਭੈਣ ਜੀ ਤੇ ਬੱਚਿਆਂ ਨੂੰ ਉਨ੍ਹਾਂ ਨਾਲ ਤੋਰ ਦਿਆਂਗੇ। ਜਹਾਜ਼ੋਂ ਉੱਤਰ ਕੇ ਉਨ੍ਹਾਂ ਗੱਡੀ ਹੀ ਬੈਠਣਾ ਐ। ਜਲੰਧਰ ਸਟੇਸ਼ਨ ਤੇ ਜਾ ਉਤਰਨਗੇ। ਭਾਵੇਂ ਛਾਉਣੀ ਹੀ ਉੱਤਰ ਜਾਣ ਪਰ ਛਾਉਣੀ ਗੱਡੀ ਦੋ ਮਿੰਟ ਹੀ ਖਲੋਂਦੀ ਐ। ਜਲੰਧਰ ਉੱਤਰਨਾ ਹੀ ਠੀਕ ਰਹੇਗਾ।"

"ਕਰਤਾਰ ਸਿੰਘ ਜੀ! ਤੁਸੀਂ ਠੀਕ ਕਹਿੰਦੇ ਹੋ ਪਰ ਉਹ ਇਸ ਜ਼ਿਦ ਉੱਤੇ ਅੜੇ ਹੋਏ ਹਨ ਕਿ ਮੈਂ ਪਿੰਡ ਤੱਕ ਉਨ੍ਹਾਂ ਦੇ ਨਾਲ ਜਾਵਾਂ। ਕਹਿੰਦੇ ਹਨ ਕਿ ਉਨ੍ਹਾਂ ਨੂੰ ਪਿੰਡ ਛੱਡ ਕੇ ਜਿਧਰ ਮਨ ਕਰੇ ਬਿਸ਼ਕ ਚਲਾ ਜਾਵਾਂ ਪਰ ਮੈਨੂੰ ਪਤਾ ਹੈ ਪਿੰਡ ਪਹੁੰਚਣ ਮਗਰੋਂ ਉਨ੍ਹਾਂ ਫਿਰ ਜ਼ਿੱਦ ਕਰਨੀ ਹੈ ਕਿ ਮੈਂ ਪਿੰਡ ਹੀ ਰਹਾਂ।" ਜ਼ਰਾ ਰੁੱਕ ਕੇ ਉਹ ਫਿਰ ਬੋਲੇ—"ਕਰਤਾਰ ਕੌਰ ਹੋਰੀਂ ਆਪ ਮੇਰੇ ਨਾਲ ਜਾਣ ਦੀ ਜ਼ਿੱਦ ਕਰੀ ਬੈਠੇ ਹਨ। ਕਹਿੰਦੇ ਹਨ ਕਿ ਬੱਚਿਆਂ ਨੂੰ ਤੁਹਾਡੇ ਨਾਲ ਦੇਸ ਭੇਜ ਦਿਆਂ। ਦਲੀਲ ਇਹ ਦੇਂਦੇ ਹਨ ਕਿ ਜੇ ਸ਼ਹੀਦ ਭਾਈ ਭਾਗ ਸਿੰਘ ਜੀ ਦੇ ਬੱਚਿਆਂ ਦੀ ਸੇਵਾ ਸੰਭਾਲ ਸੰਗਤ ਕਰ ਸਕਦੀ ਹੈ ਤਾਂ ਸਾਡੇ ਬੱਚੇ ਵੀ ਆਪੇ ਪਲ ਜਾਣਗੇ।

ਜਰਾ ਮੁਸਕਰਾ ਦੇ ਭਾਈ ਸਾਹਬ ਨੇ ਕਿਹਾ—"ਫਿਰ ਤਾਂ ਇਹੋ ਫੈਸਲਾ ਹੋ ਸਕਦਾ ਹੈ ਕਿ ਤੁਸੀਂ ਤੇ ਕਰਤਾਰ ਕੌਰ ਹੋਰੀਂ ਸਿਆਮ—ਬਰਮਾ ਜਾਓ ਤੇ ਮੈਂ ਬੱਚਿਆਂ ਨੂੰ ਨਾਲ ਲੈ ਕੇ ਦੇਸ ਜਾਵਾਂ।"

"ਇਹ ਗੱਲ ਤਾਂ ਬਿਲਕੁਲ ਅਣਹੋਣੀ ਐ।"

"ਠੀਕ ਹੈ। ਅਣਹੋਣੀ ਹੈ। ਜੇ ਉਹ ਤੁਹਾਡੇ ਨਾਲ ਦੇਸ ਜਾਣਾ ਮੰਨ ਜਾਣ ਤੇ ਮੈਨੂੰ ਸਿਆਮ ਜਾਣ ਦੀ ਆਗਿਆ ਦੇ ਦੇਣ ਤਾਂ ਹੀ ਕੋਈ ਨਿਗਰ ਕੰਮ ਕਰਨ ਦੀ ਆਸ ਹੋ ਸਕਦੀ ਹੈ। ਤੁਹਾਨੂੰ ਤਾਂ ਪਤਾ ਹੀ ਹੈ ਕਿ ਮੈਨੂੰ ਤਾਂ ਫਰੰਗੀਆਂ ਦੇਸ ਦੀ ਧਰਤੀ ਉੱਤੇ ਪੈਰ ਵੀ ਨਹੀਂ ਰੱਖਣ ਦੇਣਾ। ਪਹਿਲੋਂ ਹੀ ਬੋਚ ਲੈਣ ਲਈ ਜਾਲ ਸੁੱਟ ਦੇਣੇ ਹਨ। ਠਾਕਰ ਸਿੰਘ ਹੋਰੀਂ ਸਵੇਰੇ ਮਿਲ ਪੈਣਗੇ। ਉਹ ਮੇਰੇ ਨਾਲ ਜਾ ਰਹੇ ਹਨ। ਉਹ ਚੀਨੀ ਤੇ ਮਲਾਈ ਬੋਲੀ ਜਾਣਦੇ ਹਨ। ਸਾਡਾ ਸਫਰ ਸੌਖਾ ਲੰਘ ਸਕੇਗਾ।"

ਉਨ੍ਹਾਂ ਦੀਆਂ ਗੱਲਾਂ ਦੀ ਆਵਾਜ਼ ਸੁਣ ਕੇ ਬੀਬੀ ਕਰਤਾਰ ਕੌਰ ਨੇ ਕੁੰਡਾ ਖੋਲ੍ਹ ਕੇ ਬਾਹਰ ਵਲ ਤੱਕਿਆਂ ਤੇ ਕਿਹਾ—"ਅਧੀ ਰਾਤ ਹੋ ਚੱਲੀ ਐ। ਕੁੜੀਆਂ ਭੁੱਖੀਆਂ ਭਾਣੀਆਂ ਸੌਂ ਗਈਐ। ਹਰਿਦਿਆਲ ਮੇਰੇ ਕੁਛੜੋਂ ਨਹੀਂ ਲਹਿੰਦਾ ਜਦੋਂ ਲਿਟਾਂਦੀ ਆਂ ਮੁੜ ਆ ਚੰਮੜਦਾ ਐ। ਕਿਸੇ ਚੀਜ਼ ਨੂੰ ਮੂੰਹ ਨਹੀਂ ਲਾਂਦਾ। ਨਾ ਚੀਨਾ ਸਾਡੀ ਗੱਲ ਸਮਝੇ ਨਾਂ ਅਸੀਂ ਉਹਦੀ ਸਮਝੀਏ। ਤੁਸੀਂ ਅੱਧੀ ਰਾਤ ਕਰ ਆਏ ਹੋ। ਕੁਝ ਖਾਧਾ ਪੀਤਾ ਜੇ ਕਿ ਨਹੀਂ? ਹੁਣ ਤਾਂ ਬਜ਼ਾਰ ਸਭ ਬੰਦ ਹੋ ਗਏ ਹੋਣਗੇ। ਨੁੱਕਰ ਵਾਲੇ ਚੀਨੇ ਦੀ ਦੁਕਾਨ ਸ਼ੈਦ ਅਜੇ ਵੀ ਖੁਲ੍ਹੀ ਹੋਵੇ।"

ਬੀਬੀ ਨੇ ਬੂਹਾ ਖੋਲ੍ਹਿਆਂ ਹੀ ਸੀ ਕਿ ਕਰਤਾਰ ਸਿੰਘ ਹੋਰੀਂ ਆਪਣੇ ਕਮਰੇ ਅੰਦਰ ਜਾ ਵੜੇ। ਭਾਈ ਸਾਹਿਬ ਨੇ ਕਮਰੇ ਵਿਚ ਜਾਂਦਿਆਂ ਕਿਹਾ "ਭਾਈ ਭਗਵਾਨ ਸਿੰਘ ਹੋਰੀਂ ਮਿਲ ਪਏ ਸਨ।"

"ਕੀ ਕਿਹਾ ਜੇ?"

"ਮੈਂ ਕਿਹਾ ਹੈ ਕਿ ਭਾਈ ਭਗਵਾਨ ਸਿੰਘ ਹੋਰੀਂ ਮਿਲ ਪਏ ਸਨ।"

"ਗਦਰ ਪਾਰਟੀ ਦੇ ਪਰਧਾਨ!"

"ਜੀ।"

"ਲੈ ਆਉਣਾ ਸੀ ਨਾਲ ਉਨ੍ਹਾਂ ਨੂੰ। ਉਹ ਕਿੱਧਰੋਂ ਆ ਗਏ?"

"ਸਵੇਰੇ ਆਉਣਗੇ।"

"ਵੀਰ ਕਰਤਾਰ ਸਿਹੁੰ ਨੂੰ ਕਹਿਣਾ ਸੀ ਕੁਝ ਛੱਕ ਲੈਣ! ਬਥੇਰੇ ਫਲ ਪਏ ਹੋਏ ਐ। ਤੁਸੀਂ ਬਾਹਰ ਖਲੋਤੇ ਕੀ ਗੱਲਾਂ ਕਰੀ ਜਾਂਦੇ ਸੀ?"

"ਕਰਤਾਰ ਸਿੰਘ ਹੋਰੀਂ ਵੀ ਤੇਰੇ ਨਾਲ ਸਿਆਮ ਜਾਣ ਦੀ ਜਿੱਦ ਕਰ ਰਹੇ ਹਨ।"

"ਤਾਂ ਫੇਰ ਅਸੀਂ ਕਿਵੇਂ ਜਾਵਾਂਗੇ?"

ਕਰਤਾਰ ਕੌਰ ਦਾ ਸੁਆਲ ਸੁਣ ਕੇ ਭਾਈ ਸਾਹਬ ਨੂੰ ਜਾਪਿਆ ਕਿ ਉਹ, ਕਰਤਾਰ ਸਿੰਘ ਹੋਰਾਂ ਨਾਲ ਦੇਸ ਜਾਣ ਨੂੰ ਤਿਆਰ ਹੋ ਹੀ ਗਏ ਜਾਪਦੇ ਹਨ। ਉਨ੍ਹਾਂ ਨੇ ਜ਼ਰਾ ਪੱਕੀ ਪੈਰੀਂ ਖਲੋਂਦਿਆਂ ਕਿਹਾ—"ਉਹ ਕਹਿੰਦੇ ਹਨ ਕਿ ਆਪਣੇ ਬਥੇਰੇ ਪਰਵਾਰ ਦੇਸ ਜਾ ਰਹੇ ਹਨ। ਕੋਈ ਜਾਣੂੰ ਪਛਾਣੂੰ ਪਰਵਾਰ ਲਭ ਕੇ ਤੁਹਾਨੂੰ ਉਨ੍ਹਾਂ ਨਾਲ ਜਹਾਜ਼ੇ ਚੜ੍ਹਾ ਦੇਣਗੇ।"

ਬੀਬੀ ਕਰਤਾਰ ਕੌਰ ਨੇ ਚੌਕੜੀ ਮਾਰ ਕੇ ਬਹਿੰਦਿਆਂ, ਹਰਿਦਿਆਲ ਸਿੰਘ ਨੂੰ ਆਪਣੀ ਗੋਦ ਵਿਚ ਲਿਟਾ ਕੇ ਥਾਪੜਦਿਆਂ ਉਸ ਉੱਤੇ ਆਪਣਾ ਦੁਪੱਟਾ ਦੇ ਕੇ ਰਾਹ ਵਿਚ ਆ ਕੇ ਕਿਹਾ—"ਜੇ ਤੁਸੀਂ ਰਾਹ ਵਿਚ ਆ ਕੇ, ਅੱਧਵਾਟੇ ਮੈਨੂੰ ਛੱਡਣਾ ਸੀ ਤਾਂ ਮੈਨੂੰ ਤੁਸੀਂ ਕਨੇਡਾ ਹੀ ਰਹਿਣ ਦੇਂਦੇ। ਜਾਂ ਤੁਸੀਂ ਕਨੇਡਾ ਰਹਿ ਜਾਣਾ ਸੀ ਤੇ ਮੈਂ ਆਪੇ ਪਿੰਡ ਜਾ ਵੜਦੀ। ਪਿੰਡ ਕਿਉਂ ਜਾਂਦੀ? ਸਿੱਧੀ ਪੇਕੇ ਪਿੰਡ ਜਾ ਬਹਿੰਦੀ। ਨਾਂ ਅੱਗੇ ਨਾ ਪਿਛੇ। ਵਿਚ ਵਿਚਾਲੇ, ਅੱਧ ਅੱਧਵਾਟੇ। ਮੈਂ ਨਹੀਂ ਜਾਣਾ, ਜਾਣੂੰ ਪਛਾਣੂੰ ਪਰਵਾਰਾਂ ਨਾਲ। ਮੈਂ ਆਪੇ ਚਲੀ ਜਾਊ। ਕੱਲੀ ਕਾਰੀ। ਮੇਰੇ ਬੱਚਿਆਂ ਦਾ ਸਤਗੁਰ ਰਾਖਾ। ਤੁਸੀਂ ਲੈ ਜਾਓ ਕਰਤਾਰ ਸਿੰਘ ਨੂੰ ਵੀ ਆਪਣੇ ਨਾਲ। ਮੈਂ ਆਪੇ, ਮੈਂ ਆਪੇ...।" ਕਹਿੰਦੀ ਹੋਈ ਕਰਤਾਰ ਕੌਰ ਰੁਕ ਗਈ। ਉਸ ਦਾ ਗਲਾ ਭਰ ਆਇਆ।

ਭਾਈ ਸਾਹਿਬ ਹੱਥ ਮੂੰਹ ਧੋ ਰਹੇ ਸਨ। ਉਨ੍ਹਾਂ ਦੀ ਪਿਠ ਕਰਤਾਰ ਕੌਰ ਵਲ ਸੀ। ਉਨ੍ਹਾਂ ਦਾ ਮਨ ਕੀਤਾ ਕਿ ਕਰਤਾਰ ਕੌਰ ਨੂੰ ਘੁੱਟ ਕੇ ਜੱਫੀ ਵਿਚ ਲੈ ਲੈਣ। ਹਰਿਦਿਆਲ ਸਿੰਘ ਨੂੰ ਛਾਤੀ ਨਾਲ ਲਾ ਲੈਣ। ਬੱਚੀਆਂ ਨੂੰ ਉਠਾ ਕੇ ਉਨ੍ਹਾਂ ਨਾਲ ਖੇਡਣ ਪਰ ਉਨ੍ਹਾਂ ਆਪਣੇ ਮਨ ਨੂੰ ਜਬਤ ਵਿਚ ਰਖਦਿਆਂ, ਲਾਲਟੈਨ ਦੀ ਬੱਤੀ ਨਿਮ੍ਹੀ ਕਰਦਿਆਂ ਕਿਹਾ—"ਭੁੱਖ ਬੜੀ ਲੱਗੀ ਹੈ ਪਰ ਕੁਝ ਖਾਣ ਨੂੰ ਮਨ ਨਹੀਂ ਕਰਦਾ। ਹੁਣ ਬਿਰਾਜ ਜਾਓ। ਤੜਕੇ ਹੀ ਭਾਈ ਭਗਵਾਨ ਸਿੰਘ ਜੀ ਨੇ ਆ ਜਾਣਾ ਹੈ।"

ਏਨੀ ਦੇਰ ਨੂੰ ਹਰਿਦਿਆਲ ਸਿੰਘ ਉੱਠ ਬੈਠਾ—"ਬਾਪੂ-ਬਾਪੂ",

ਭਾਈ ਸਾਹਿਬ ਨੇ ਹਰਿਦਿਆਲ ਸਿੰਘ ਨੂੰ ਚੁੱਕ ਕੇ, ਆਪ ਲੇਟਦਿਆਂ, ਉਸ ਨੂੰ ਆਪਣੀ ਛਾਤੀ ਉੱਤੇ ਲਿਟਾ ਲਿਆ। ਉਹ ਲੇਟਣ ਸਾਰ ਸੌਂ ਗਿਆ। ਭਾਈ ਸਾਹਬ ਅਜੇ ਵੀ, ਆਪਣੇ ਪਿਆਰੇ ਬੱਚੇ ਦੀ ਪਿੱਠ ਮਲ ਰਹੇ ਸਨ। ਪੱਤਨੀ ਤੇ ਬੱਚਿਆਂ ਦੇ ਵਿਛੋੜੇ ਦਾ ਸਮਾਂ ਨੇੜੇ ਆਉਂਦਾ ਜਾਣ ਕੇ, ਉਨ੍ਹਾਂ ਦਾ ਦਿਲ ਧੜਕਣ ਲੱਗ ਪਿਆ ਸੀ। ਉਨ੍ਹਾਂ ਦੇ ਕੰਨ ਦਿਲ ਦੀ ਧੜਕਣ ਦੀ ਆਵਾਜ਼ ਸੁਣ ਰਹੇ ਸਨ।

ਕਾਂਡ 9

ਸੂਰਜ ਦੀਆਂ ਪਹਿਲੀਆਂ ਕਿਰਨਾਂ ਨਿਕਲੀਆਂ ਹੀ ਸਨ ਕਿ ਭਾਈ ਕਰਤਾਰ ਸਿੰਘ ਤਿਆਰ ਹੋ ਕੇ ਹੋਟਲ ਦੇ ਬਾਹਰ ਹੋ ਖਲੋਤਾ। ਹੋਟਲ ਦਾ ਮਾਲਕ ਚੀਨਾ ਤੇ ਚੀਨਣ ਉਸ ਵਲ ਹੱਥ ਹਿਲਾ ਕੇ ਬਾਹਰ ਨਿਕਲ ਗਏ। ਕਰਤਾਰ ਸਿੰਘ ਟਹਿਲਦਾ ਟਹਿਲਦਾ ਮੂੰਹ ਵਿਚ ਹੀ ਪਾਠ ਕਰ ਰਿਹਾ ਜਾਪਦਾ ਸੀ। ਉਸ ਨੂੰ ਭਗਵਾਨ ਸਿੰਘ ਦੀ ਉਡੀਕ ਸੀ ਪਰ ਉਸ ਨੇ ਦੂਰੋਂ ਠਾਕਰ ਸਿੰਘ ਨੂੰ ਆਉਂਦੀਆਂ ਵੇਖਿਆ। ਦੋਹਾਂ ਨੇ ਇਕ ਦੂਜੇ ਨੂੰ ਫਤਹ ਬੁਲਾਈ ਤੇ ਹਥ ਮਿਲਾਏ। "ਮੈਂ ਭਾਈ ਭਗਵਾਨ ਸਿਹੁੰ ਹੋਰਾਂ ਦੀ ਉਡੀਕ ਵਿਚ ਸਾਂ।" ਕਰਤਾਰ ਸਿੰਘ ਨੇ ਕਿਹਾ।

"ਰਾਤੀਂ ਗੱਲ ਵਿਗੜ ਚੱਲੀ ਸੀ। ਮਸਾਂ ਹੀ ਬੱਚੇ ਬਚਾਅ ਹੋਇਆ ਹੈ"

ਕਿਉਂ! ਕੀ ਗੱਲ ਹੋਈ?"

"ਅੱਧੀ ਰਾਤ ਤੋਂ ਪਿਛੋਂ ਭਾਈ ਭਗਵਾਨ ਸਿਹੁੰ ਹੋਰੀਂ ਸਾਹੋ ਸਾਹ ਹੋਏ ਸਾਡੇ ਪਾਸ ਪਹੁੰਚੇ। ਕਹਿਣ ਲੱਗੇ ਕਿ ਚਤਰ ਸਿਹੁੰ ਨੂੰ ਸ਼ੱਕ ਪੈ ਗਿਆ ਸੀ ਕਿ ਗਫੂਰ ਉਹਦੇ ਘਰ ਦੇ ਆਲੇ ਦੁਆਲੇ ਗੇੜੇ ਮਾਰਨ ਲਗ ਪਿਆ ਸੀ। ਇਸ ਲਈ ਚੱਤਰ ਸਿਹੁੰ ਨੇ ਭਾਈ ਹੋਰਾਂ ਨੂੰ ਪਿਛਲੀ ਗਲੀ ਥਾਣੀ ਕੱਢ ਕੇ ਸਾਡੇ ਪਾਸ ਪਹੁੰਚਾ ਦਿੱਤਾ। ਆਪ ਪਿਛਲੇ ਕਦਮੀਂ ਮੁੜ ਗਿਆ। ਫੇਰ ਅਸਾਂ ਸੋਚਿਆਂ ਕਿ ਸਾਰੇ ਇਕ ਥਾਂ ਇਕੱਠੇ ਨਾ ਰਹੀਏ। ਮੈਨੂੰ ਮੇਰਾ ਭਾਈਬੰਦ ਬਖਤੌਰ ਸਿਹੁੰ ਆਪਣੇ 'ਜਾਗੋ' ਵਾਲੀ ਥਾਂ ਲੈ ਗਿਆ। ਮੈਂ ਤਾਂ ਸਾਰੀ ਰਾਤ ਸੁੱਤਾ ਨਹੀਂ। ਮਾਂਗਣੂੰਆਂ ਨੇ ਚੂੰਡ ਕੇ ਖਾ ਲਿਐ। ਮੇਰੇ ਸਾਰੇ ਪਿੰਡੇ ਉਤੇ ਧੱਫੜ ਹੀ ਧੱਫੜ ਪਏ ਹੋਏ ਐ"।

ਉਸ ਨੇ ਪਿਛੇ ਵੇਖ ਕੇ ਸਲਾਹ ਦਿੱਤੀ "ਸਾਨੂੰ ਸਭ ਨੂੰ ਖਿੰਡ ਪੁੰਡ ਕੇ ਰਹਿਣਾ ਚਾਹੀਦੈ। ਕਿਧਰੇ ਬਿਨਾਂ ਕੁਝ ਕੰਮ ਕੀਤੇ ਇਕੱਠੇ ਹੀ ਨਾ ਫੜੇ ਜਾਈਏ। ਇਹ ਸਲਾਹ ਰਾਤੀਂ ਭਾਈ ਹੋਰਾਂ ਵੀ ਦਿੱਤੀ ਸੀ। ਉਹ ਵੀ ਆਉਣ ਵਾਲੇ ਹੀ ਹੋਣੇ ਐ।"

"ਚੱਲੋ ਫੇਰ ਆਪਾਂ ਅੰਦਰ ਚੱਲੇ ਚਲੀਏ। ਬਹੁਤੀ ਦੇਰ ਬਾਹਰ ਖਲੋਣਾ ਠੀਕ ਨਹੀਂ।"

ਕਰਤਾਰ ਸਿੰਘ ਦੇ ਪਿੱਛੇ ਪਿੱਛੇ ਠਾਕਰ ਸਿੰਘ ਉਸ ਦੇ ਕਮਰੇ ਵਿਚ ਦਾਖਲ ਹੋਇਆ ਹੀ ਸੀ, ਕਿ ਭਾਈ ਸਾਹਬ ਆਪਣੇ ਕਮਰੇ ਵਿਚੋਂ ਨਿਕਲ ਕੇ ਉਸ ਦੇ ਕਮਰੇ ਵਿਚ ਜਾਂ ਪਹੁੰਚੇ। ਉਹ ਭਗਵਾਨ ਸਿੰਘ ਦੀ ਥਾਂ ਠਾਕਰ ਸਿੰਘ ਨੂੰ ਵੇਖ ਕੇ ਹਰਾਨ ਹੋ ਗਏ। ਠਾਕਰ ਸਿੰਘ ਨੇ ਸਾਰੀ ਗੱਲ ਦੱਸੀ। ਭਾਈ ਸਾਹਬ ਨੇ ਕਿਹਾ—"ਫਿਰ ਤਾਂ ਏਥੇ ਬੈਠ ਕੇ ਹੀ ਸਾਰੀ ਗੱਲ ਕਰਨੀ ਚਾਹੀਦੀ ਹੈ। ਅਸੀਂ ਸੋਚਦੇ ਸਾਂ ਕਿ ਕਿੱਧਰੇ ਸਮੁੰਦਰ ਕੰਢੇ ਚਲ ਬੈਠਾਂਗੇ। ਨਿੱਕੇ ਜਿਹੇ ਕਮਰੇ ਵਿਚ ਡੱਕਿਆਂ ਸਾਹ ਘੁੱਟਣ ਲੱਗ ਪਿਆ ਹੈ।"

ਭਗਵਾਨ ਸਿੰਘ ਹੋਟਲ ਪਹੁੰਚ ਕੇ ਸਿੱਧਾ ਭਾਈ ਸਾਹਬ ਦੇ ਕਮਰੇ ਵਿਚ ਜਾ ਪਹੁੰਚਾ। ਪਹਿਲੋਂ ਤਾਂ ਕਰਤਾਰ ਕੌਰ ਇਕ ਓਪਰੇ ਆਦਮੀ ਨੂੰ ਕਮਰੇ ਵਿਚ ਵੇਖ ਕੇ ਤਰੱਭਕ ਗਈ ਪਰ ਫਿਰ ਭਗਵਾਨ ਸਿੰਘ ਨੇ "ਭੈਣ ਜੀ" ਕਹਿ ਕੇ ਬੁਲਾਇਆ ਤਾਂ ਉਹ ਦੋਵੇਂ ਭੈਣ—ਭਰਾ ਇਕ ਦੂਜੇ ਦੀ ਜੱਫੀ ਵਿਚ ਲਪੇਟੇ ਗਏ। ਉਸ ਨੇ ਊਧਮ ਕੌਰ ਤੇ ਨਿਰੰਜਨ ਕੌਰ ਨੂੰ ਆਪਣੀਆਂ ਦੋਹਾਂ ਬਾਂਹਾਂ ਵਿਚ ਘੁੱਟ ਲਿਆਂ। ਕਰਤਾਰ ਕੌਰ ਨੇ ਕਿਹਾ—"ਇਹ ਤੁਹਾਡੇ ਚਾਚਾ ਜੀ ਹਨ।" ਉਹ ਡੌਰ ਭੌਰੀਆਂ ਹੋਈਆਂ ਭਗਵਾਨ ਸਿੰਘ ਦੇ ਚਿਹਰੇ ਵਲ ਤਕਦੀਆਂ ਰਹੀਆਂ। ਉਸ ਨੇ ਹਰਿਦਿਆਲ ਸਿੰਘ ਨੂੰ ਚੁੱਕਣਾ ਚਾਹਿਆਂ ਪਰ ਉਹ ਆਪਣੀ ਮਾਂ ਨਾਲ ਚੰਬੜ ਗਿਆ।

"ਬੀਰ ਜੀ! ਸਾਡੇ ਧੰਨ ਭਾਗ ਜੋ ਤੁਹਾਡੇ ਦਰਸ਼ਨ ਹੋ ਗਏ।" ਭਗਵਾਨ ਸਿੰਘ ਨੇ ਅੱਗੇ ਪਿੱਛੇ ਤੱਕ ਕੇ ਪੁੱਛਿਆਂ—"ਸਿੰਘ ਸਾਹਿਬ।"

"ਉਹ ਨਾਲ ਦੇ ਕਮਰੇ ਵਿਚ ਹੋਣਗੇ। ਬੀਰ ਠਾਕਰ ਸਿੰਘ ਹੋਰੀਂ ਵੀ ਆ ਗਏ ਲੈ ਪਰ ਸਾਡੇ ਵਲ ਨਹੀਂ ਆਏ।"

"ਚੰਗਾ! ਭੈਣ ਜੀ। ਮੈਂ ਵੀ ਜਾਂਦਾ। ਕੁਝ ਜਰੂਰੀ ਗੱਲਾਂ ਛੇਤੀ ਛੇਤੀ ਕਰਨੀਐ।"

ਉਹ ਕਮਰੇ ਵਿਚੋਂ ਬਾਹਰ ਨਿਕਲਿਆਂ ਹੀ ਸੀ ਕਿ ਕਰਤਾਰ ਸਿੰਘ ਦੇ ਕਮਰੇ ਵਿਚੋਂ ਭਾਈ ਸਾਹਬ ਬਾਹਰ ਨਿਕਲ ਆਏ। ਦੋਹਾਂ ਨੇ ਫਤਹ ਬੁਲਾਈ। ਮੁੜ ਦੋਵੇਂ ਕਰਤਾਰ ਸਿੰਘ ਵਾਲੇ ਕਮਰੇ ਵਿਚ ਜਾ ਦਾਖਲ ਹੋਏ। ਅੰਦਰ ਵੜਦਿਆਂ ਹੀ ਭਗਵਾਨ ਸਿੰਘ ਚੌਂਕੜੀ ਮਾਰ ਕੇ ਬਹਿ ਗਿਆ। ਉਸ ਨੇ ਦੱਸਣਾ ਸ਼ੁਰੂ ਕੀਤਾ—"ਚਤਰ ਸਿਹੁੰ ਨੇ ਗੁਰਦੁਆਰੇ ਦੇਆਲੇ ਦੁਆਲੇ ਦੀ ਡੀਊਟੀ ਆਪ ਮੰਗ ਕੇ ਲਈ ਸੀ। ਗਫੂਰ ਰਾਹੀਂ ਜਾਂ ਕਿਸੇ ਹੋਰ ਕਾਰਨ ਉਸ ਦੇ ਇਨਸਪੈਕਟਰ ਨਾਦਰ ਖਾਨ ਨੂੰ ਸ਼ੱਕ ਪੈ ਗਿਐ ਕਿ ਚੱਤਰ ਸਿਹੁੰ ਨੇ ਆਪ ਮੰਗ ਕੇ ਕਿਉਂ ਆਪਣੀ ਡਿਊਟੀ ਲੁਆਈ ਐ। ਚੱਤਰ ਸਿਹੁੰ ਕਹਿੰਦਾ ਐ ਕਿ ਗਫੂਰ ਉਸ ਦਾ ਪਿੱਛਾ ਕਰਨ ਲਗ ਪਿਐ। ਇਸ ਲਈ ਮੁੜ ਕੇ ਚੱਤਰ ਸਿਹੁੰ ਦੇ ਡੇਰੇ ਜਾਣ ਦਾ ਸੁਆਲ ਪੈਦਾ ਨਹੀਂ ਹੋਂਦਾ।"

"ਦੂਜੀ ਗੱਲ ਚੱਤਰ ਸਿਹੁੰ ਨੇ ਇਹ ਦੱਸੀ ਐ ਕਿ ਸਰਕਾਰ ਨੇ ਲਾਹੌਰ ਤੋਂ ਕੁਝ ਪੰਜਾਬੀ ਪੁਲਸੀਏ ਮੰਗਵਾਏ ਐ ਜੋ ਚਿੱਟੇ ਕਪੜਿਆਂ ਵਿਚ ਮਲਾਇਆ ਦੀਆਂ ਸਾਰੀਆਂ ਘਾਟਾਂ ਉੱਤੇ ਹਲਕਾਏ ਕੁੱਤਿਆਂ ਵਾਂਗੂੰ ਫਿਰ ਰਹੇ ਐ। ਸਰਕਾਰ ਚਾਹੁੰਦੀ ਐ ਕਿ ਗਦਰੀਆਂ ਨੂੰ ਦੇਸ ਪਹੁੰਚਣ ਤੋਂ ਪਹਿਲੋਂ ਹੀ ਦਬੋਚ ਲਿਆ ਜਾਏ। ਇਸ ਲਈ ਸਾਨੂੰ ਬਹੁਤ ਛੇਤੀ ਖਿੰਡ ਪੁੰਡ ਜਾਣਾ ਚਾਹੀਦੈ। ਮੈਂ ਹੁਣ ਗੁਰਦੁਆਰੇ ਵੀ ਨਹੀਂ ਜਾਣਾ। ਕਿਸੇ ਤਰ੍ਹਾਂ ਭਾਈ ਜੋਗਾ ਸਿਹੁੰ ਹੋਰਾਂ ਨੂੰ ਕਿਧਰੇ ਬਾਹਰ ਬੁਲਾ ਕੇ, ਮਿਲ ਕੇ, ਮਨੀਲੇ ਪਹੁੰਚਣ ਦੀ ਕਰਾਂਗਾ। ਮੇਰਾ ਉਥੋਂ ਦਾ ਸਾਰਾ ਕੰਮ ਅਧੂਰਾ ਪਿਐ। ਅੱਜੇ ਤੱਕ ਹੱਥਿਆਰਾਂ ਦਾ ਕੋਈ ਪੱਕਾ ਬੰਦੋਬਸਤ ਨਹੀਂ ਹੋਇਆ। ਬਸ ਥੋੜ੍ਹੇ ਜਿਹੇ ਪਟਾਕੇ ਹੀ ਦੋ ਜਰਮਨਾਂ ਰਾਹੀਂ ਚੈਂਗਮਈ ਗੁਰਦੁਆਰੇ ਦੇ ਬਾਬਾ ਵਿਸਾਵਾ ਸਿਹੁੰ ਜੀ ਨੂੰ ਪਹੁੰਚਾ ਸਕਿਆਂ। ਕੁਝ ਹੋਰ ਬੰਦੇ ਕੈਲੇਫੋਰਨੀਆਂ ਤੋਂ ਆ ਰਹੇ ਐ। ਰੁਪਏ ਪੈਸੇ ਬਾਰੇ ਵੀ ਜਰਮਨ ਕੌਂਸਲਰ ਨਾਲ ਗੱਲ ਬਾਤ ਕਰਨੀ ਐ।

"ਫਿਰ ਤਾਂ ਸਾਨੂੰ ਗੱਡੀ ਰਾਹੀਂ ਹੀ ਬੰਕੋਕ ਜਾਣਾ ਚਾਹੀਦਾ ਹੈ।" ਭਾਈ ਸਾਹਬ ਨੇ ਆਪਣੀ ਗੱਲ ਕੀਤੀ।

"ਮੇਰਾ ਖਿਆਲ ਐ ਕਿ ਜੇ ਇਕੋ ਗੱਡੀ ਵਿਚ ਜਾਓ ਤਾਂ ਵੀ ਵੱਖੋ ਵਖਰੇ ਡਬਿਆਂ ਵਿਚ ਬੈਠੋ। ਜਦ ਰਾਹ ਵਿਚ ਆਪਸ ਵਿਚ ਗਲ ਬਾਤ ਕਰੋ ਤਾਂ ਉਹ ਵੀ ਮਤਲਬ ਦੀ ਤੇ ਬੱਚ ਕੇ ਕਰੋ।"

"ਠਾਕਰ ਸਿੰਘ ਹੋਰੀਂ ਮਲਾਈ ਵੀ ਜਾਣਦੇ ਹਨ ਤੇ ਚੀਨੀ ਵੀ ਬੋਲ ਲੈਂਦੇ ਹਨ।"

ਫਿਰ ਤਾਂ ਹੋਰ ਵੀ ਬੜੀ ਚੰਗੀ ਗੱਲ ਐ।"

ਮੈਂ ਤਾਂ ਕਪੜੇ ਦੇ ਅੱਠ ਥਾਨ ਵੀ ਖਰੀਦ ਲਏ ਐ। ਦੋ ਗਜ ਵੀ ਖਰੀਦ ਆਂਦੇ ਐ। ਦੋਵੇਂ ਗਜ਼ ਪੁਰਾਣੇ ਵਰਤੇ ਹੋਏ ਲਿਆਂਦੇ ਐ।" ਠਾਕਰ ਸਿੰਘ ਨੇ ਦੱਸਿਆਂ।

ਭਗਵਾਨ ਸਿੰਘ ਨੇ ਨਜ਼ਰ ਭਰ ਕੇ, ਭਾਈ ਸਾਹਬ ਦੇ ਗੰਭੀਰ ਚਿਹਰੇ ਵਲ ਤੱਕ ਕੇ ਪੁੱਛਿਆਂ — "ਭੈਣ ਜੀ ਤੇ ਬੱਚੇ।" ਉਸ ਦੀ ਗਲ ਵਿਚੋਂ ਹੀ ਫੜ ਕੇ ਭਾਈ ਸਾਹਬ ਨੇ ਦੱਸਿਆਂ — "ਕਰਤਾਰ ਕੌਰ ਜੀ ਪਹਿਲੋਂ ਤਾਂ ਇਕੱਲੇ ਦੇਸ ਜਾਣਾ ਉੱਕਾ ਨਹੀਂ ਸਨ ਮੰਨਦੇ। ਹੁਣ ਵੀ ਉਤੋਂ ਉਤੋਂ ਅੜੇ ਹੋਏ ਹਨ ਪਰ ਜਾਪਦਾ ਹੈ। ਕਿ ਮਜ਼ਬੂਰ ਹੋ ਕੇ ਉਨ੍ਹਾਂ ਆਪਣੇ ਅੰਦਰਲੇ ਨੂੰ ਇਕੱਲੇ ਜਾਣ ਲਈ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਰਜ਼ਾ ਵਿਚ ਰਾਜ਼ੀ ਹੋਣ ਲਈ, ਆਪਣੇ ਮਨ ਉੱਤੇ ਕਾਬੂ ਪਾਉਣ ਦਾ ਜਤਨ ਕਰ ਰਹੇ ਹਨ। ਬਾਕੀ ਭਾਈ ਕਰਤਾਰ ਸਿੰਘ ਹੋਰੀਂ ਉਨ੍ਹਾਂ ਦੇ ਨਾਲ ਜਾਣਗੇ ਹੀ।" ਉਨ੍ਹਾਂ ਕਰਤਾਰ ਸਿੰਘ ਵਲ ਤੱਕਿਆ। ਉਸ ਦਾ ਚਿਹਰਾ ਭੱਖ ਉੱਠਿਆ ਸੀ। ਉਸ ਦੀਆਂ ਅੱਖਾਂ ਲਾਲ ਸਨ ਪਰ ਉਸ ਨੇ ਭਾਈ ਸਾਹਬ ਵਲ ਇਕ ਭਰਵੀਂ ਨਜ਼ਰ ਸੁਟ ਕੇ ਨੀਵੀਂ ਪਾ ਲਈ। ਭਾਈ ਸਾਹਬ ਨੇ ਆਪਣੇ ਮਨ ਹੀ ਮਨ ਵਿਚ ਵਿਚਾਰ ਲਿਆ ਕਿ ਕਰਤਾਰ ਸਿੰਘ ਉਨ੍ਹਾਂ ਦੇ ਕਹੇ ਨੂੰ ਮੋੜਨ ਦੀ ਹਿੰਮਤ ਨਹੀਂ ਕਰ ਸਕਦਾ। ਉਹ ਕਰਤਾਰ ਸਿੰਘ ਤੋਂ ਕੁਝ ਦੂਰ ਬੈਠੇ ਸਨ। ਉਨ੍ਹਾਂ ਕਰਤਾਰ ਸਿੰਘ ਦੇ ਨੇੜੇ ਹੋ ਕੇ ਉਸ ਨੂੰ ਆਪਣੀ ਸੱਜੀ ਬਾਂਹ ਵਿਚ ਲਪੇਟ ਲਿਆ। ਨਾ ਭਾਈ ਸਾਹਬ ਕੁਝ ਬੋਲੇ ਤੇ ਨਾ ਹੀ ਕਰਤਾਰ ਸਿੰਘ ਦੇ ਮੂੰਹੋਂ ਕੋਈ ਗਲ ਨਿਕਲੀ। ਭਾਈ ਸਾਹਬ ਨੂੰ ਜਾਪਿਆ ਕਿ ਉਹ ਅਜੇ ਵੀ ਅੰਦਰੋ ਅੰਦਰੀ ਵਿਸ ਘੋਲ ਰਿਹਾ ਸੀ। ਉਨ੍ਹਾਂ ਕਰਤਾਰ ਸਿੰਘ ਦਾ ਖੱਬਾ ਗੋਡਾ ਫੜ ਕੇ ਪੈਰਾਂ ਨੂੰ ਹੱਥ ਲਾਉਣਾ ਚਾਹਿਆ ਪਰ ਕਰਤਾਰ ਸਿੰਘ ਨੇ ਆਪਣੇ ਦੋਵੇਂ ਪੈਰ ਚੌਂਕੜੀ ਹੇਠਾਂ ਲੁਕਾ ਕੇ, ਭਾਈ ਸਾਹਬ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਫੜ ਕੇ ਆਪਣੇ ਮੱਥੇ ਉੱਤੇ ਰੱਖ ਲਏ।

ਕਮਰੇ ਵਿਚ ਗੰਭੀਰਤਾ ਦਾ ਰਾਜ ਛਾਇਆ ਹੋਇਆ ਸੀ। ਸਭ ਚੁੱਪ ਸਨ। ਠਾਕਰ ਸਿੰਘ ਨੇ ਚੁਪ ਤੋੜਦਿਆਂ ਦੱਸਿਆਂ — "ਬਖਤੌਰ ਸਿਹੁੰ ਪਤਾ ਕਰਨ ਗਿਆ ਸੀ। ਉਹ ਕਹਿੰਦੈ ਕਿ ਕਲ ਰਾਤ ਨੂੰ ਜਾਰਡੀਨ ਕੰਪਨੀ ਦਾ ਜਹਾਜ਼ ਦੇਸ ਨੂੰ ਜਾ ਰਿਹੈ। ਜਹਾਜ਼ ਭਰਿਆਂ ਪਿਐ ਪਰ ਡੈੱਕ ਦੀਆਂ ਟਿਕਟਾਂ ਅੱਜ ਵੀ ਮਿਲ ਸਕਦੀਐ।"

"ਫਿਰ ਤਾਂ ਟਿਕਟਾਂ ਲੈਣ ਦੀ ਦੇਰ ਨਹੀਂ ਕਰਨੀ ਚਾਹੀਦੀ।"

"ਭਗਵਾਨ ਸਿੰਘ ਨੇ ਸਲਾਹ ਦਿੱਤੀ।"

"ਮੈਂ ਜਾਂਦਾ ਹੀ ਬਖਤੌਰ ਸਿਹੁੰ ਨੂੰ ਕਹਿੰਦਾ ਕਿ ਟਿਕਟਾਂ ਲੈ ਆਵੇ।" ਠਾਕਰ ਸਿੰਘ ਨੇ ਭਾਈ ਸਾਹਬ ਵਲ ਤੱਕਿਆ। ਭਾਈ ਸਾਹਬ ਨੇ ਅੱਗੋਂ ਨਰਮ ਜਿਹੀ ਆਵਾਜ਼ ਵਿਚ ਕਿਹਾ — "ਠੀਕ ਹੈ, ਠੀਕ ਹੈ।"

ਠਾਕਰ ਸਿੰਘ ਬਾਹਰ ਨਿਕਲ ਤੁਰਿਆ। ਕਰਤਾਰ ਸਿੰਘ ਨਿਮੋਂਝੂਣਾ ਜਿਹਾ ਹੋ ਕੇ ਬਾਂਹ ਸਿਰਹਾਣੇ ਰੱਖ ਕੇ ਲੇਟ ਗਿਆ। ਭਾਈ ਸਾਹਬ ਤੇ ਭਗਵਾਨ ਸਿੰਘ ਕਮਰੇ ਦੀ ਇਕ ਗੁੱਠੇ ਲਗ ਕੇ ਕਿੰਨੀ ਦੇਰ ਹੌਲੀ ਹੌਲੀ ਗੱਲਾਂ ਕਰਦੇ ਰਹੇ।

ਕੁਝ ਦੇਰ ਮਗਰੋਂ ਹਰਿਦਿਆਲ ਸਿੰਘ ਬੂਹੇ ਨੂੰ ਧੱਕਾ ਮਾਰ ਕੇ ਅੰਦਰ ਆ ਵੜਿਆ। ਭਾਈ ਸਾਹਬ ਨਾਲ ਜਾ ਚੰਬੜਿਆਂ। ਭਾਈ ਸਾਹਬ ਨੇ ਉਸ ਨੂੰ ਆਪਣੀ ਛਾਤੀ ਨਾਲ ਲਾ ਲਿਆ। ਭਗਵਾਨ ਸਿੰਘ ਦੀਆਂ ਅੱਖਾਂ ਸੱਜਲ ਹੋ ਆਈਆਂ। ਉਹ ਮਨ ਹੀ ਮਨ ਵਿਚ ਸੋਚ ਰਿਹਾ ਸੀ ਕਿ ਭਾਈ ਬਲਵੰਤ ਸਿੰਘ ਦਾ ਮਨ ਕਿੰਨਾਂ ਅਡੋਲ ਹੈ। ਉਹ ਮਨ ਹੀ ਮਨ ਵਿਚ ਸੋਚ ਰਿਹਾ ਸੀ ਕਿ ਜੇ ਭਾਈ ਬਲਵੰਤ ਸਿੰਘ ਜਿੰਨੀ ਅਡੋਲਤਾ ਉਸ ਨੂੰ ਵੀ ਮਿਲ ਸਕੇ ਤਾਂ ਉਹ ਕਿੰਨਾ ਵਡਭਾਗੀ ਹੋਵੇਗਾ। ਉਸ ਦੇ ਮੂੰਹੋਂ ਉੱਚੀ ਸਾਰੀ ਨਿਕਲ ਗਿਆ — "ਸਿੰਘ ਸਾਹਿਬ, ਸਿੰਘ ਸਾਹਿਬ!" ਭਗਵਾਨ ਸਿੰਘ ਦੀ ਗੜਕਵੀਂ ਆਵਾਜ਼ਾ ਸੁਣ ਕੇ ਹਰਿਦਿਆਲ ਸਿੰਘ ਭਾਈ ਸਾਹਿਬ ਦੀ ਜੱਫੀ ਵਿਚੋਂ ਬਾਹਰ ਨਿਕਲ ਕੇ, ਬਾਹਰ ਵਲ ਭੱਜ ਉੱਠਾ। ਉਹ ਬਾਹਰ ਨਿਕਲਿਆ ਹੀ ਸੀ ਕਿ "ਸਿੰਘ ਸਾਹਿ ਬ, ਸਿੰਘ ਸਾਹਿਬ," ਕਹਿੰਦਿਆਂ ਭਗਵਾਨ ਸਿੰਘ ਨੇ ਭਾਈ ਸਾਹਿਬ ਨੂੰ ਜੱਫੀ ਵਿਚ ਲੈ ਲਿਆ। ਉਹ ਕਿੰਨੀ ਦੇਰ ਇਕ ਦੂਜੇ ਦੀ ਜੱਫੀ ਵਿਚ ਜਕੜੇ ਰਹੇ।

ਕਾਂਡ 10

ਊਧਮ ਕੌਰ ਤੇ ਨਿਰੰਜਨ ਕੌਰ ਦੋਵੇਂ ਹੋਟਲ ਦੇ ਬਰਾਂਡੇ ਵਿਚ ਬਲੌਰੀ ਗੀਟੇ ਖੇਡ ਰਹੀਆਂ ਸਨ। ਠਾਕਰ ਸਿੰਘ ਜਹਾਜ਼ ਦੀਆਂ ਟਿਕਟਾਂ ਬਾਰੇ ਪਤਾ ਕਰਨ ਚਲਾ ਗਿਆ ਸੀ। ਭਾਈ ਸਾਹਿਬ ਤੇ ਕਰਤਾਰ ਸਿੰਘ, ਦੇਸ ਦੇ ਸਫਰ ਦੇ ਸਬੰਧ ਵਿਚ ਵਿਚਾਰਾਂ ਕਰ ਰਹੇ ਸਨ। ਭਗਵਾਨ ਸਿੰਘ, ਕਰਤਾਰ ਕੌਰ ਦੇ ਕਮਰੇ ਵਿਚ, ਹਰਿਦਿਆਲ ਸਿੰਘ ਨਾਲ ਖੇਡਣਾ ਚਾਹੁੰਦਾ ਸੀ ਪਰ ਉਹ ਉਸ ਤੋਂ ਡਰ ਕੇ ਆਪਣੀ ਮਾਂ ਦੀ ਕੁੱਛੜ ਜਾ ਵੜਦਾ ਸੀ। ਉਹ ਆਪਣੀ ਮਾਂ ਦੀ ਗੋਦ ਵਿਚ ਬੈਠਾ ਟਿਕਟਿੱਕੀ ਲਾ ਕੇ ਭਗਵਾਨ ਸਿੰਘ ਵਲ ਤਕ ਰਿਹਾ ਸੀ। ਭਗਵਾਨ ਸਿੰਘ ਨੇ ਕਿਹਾ — "ਮੈਂ ਸ਼ਕਲੋਂ ਬਿਸ਼ਕਲ ਹੋਇਆ ਪਿਆਂ ਸ਼ਾਇਦ ਇਸ ਕਰਕੇ ਭੁਝੰਗੀ ਮੇਰੇ ਕੋਲ ਨਹੀਂ ਆਉਂਦਾ।"

"ਸਭ ਕਰਤਾਰ ਦੇ ਰੰਗ ਐ।" ਕਹਿ ਕੇ ਕਰਤਾਰ ਕੌਰ ਨੇ ਨੀਵੀਂ ਪਾ ਲਈ।

ਭਗਵਾਨ ਸਿੰਘ ਨੂੰ ਪਤਾ ਸੀ ਕਿ ਕਰਤਾਰ ਕੌਰ, ਭਾਈ ਸਾਹਬ ਨੂੰ ਦੇਸ ਨਾਲ ਲਿਜਾਣ ਲਈ ਸਾਰਾ ਜ਼ੋਰ ਲਾ ਰਹੀ ਸੀ। ਇਸ ਲਈ ਉਸ ਨੇ ਮੌਕਾ ਸਮਝ ਕੇ ਆਪਣੀ ਗਲ ਤੋਰ ਲਈ — "ਭੈਣ ਜੀ! ਮੈਂ ਇਕ ਗਲ ਕਰਨੀ ਚਾਹੁੰਦਾ। ਤੁਸੀਂ.....।"

ਕਰਤਾਰ ਕੌਰ ਨੇ ਉਸ ਦੀ ਗਲ ਵਿਚੋਂ ਹੀ ਟੁਕ ਕੇ ਕਿਹਾ — "ਵੀਰ ਜੀ, ਮੈਨੂੰ ਪਤੈ ਜਿਹੜੀ ਗਲ ਤੁਸੀਂ ਕਰਨੀ ਐ। ਬਸ ਇਹੋ ਗਲ ਕਰਨੀ ਐ ਨਾ ਕਿ ਮੈਂ ਕੱਲੀ ਕਾਰੀ ਬੱਚਿਆਂ ਨੂੰ ਨਾਲ ਲੈ ਕੇ ਦੇਸ ਜਾ ਵੜਾ।"

ਕਰਤਾਰ ਕੌਰ ਦੇ ਚਿਹਰੇ ਉੱਤੇ ਆਈ ਲਾਲੀ ਵੇਖ ਕੇ ਭਗਵਾਨ ਸਿੰਘ ਨੇ ਨੀਵੀਂ ਪਾਂਦਿਆਂ ਕਿਹਾ — "ਤਿੰਨ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਓ, ।"

"ਨਹੀਂ ਤੁਸੀਂ ਕਰੋ ਆਪਣੀ ਗੱਲ। ਮੈਂ ਸੁਣਦੀ ਆਂ।"

"ਭੈਣ ਜੀ! ਮੈਨੂੰ ਤਾਂ ਉਹ ਦ੍ਰਿਸ਼ ਯਾਦ ਆ ਰਿਹਾ ਐ ਜਦ ਸ੍ਰੀ ਗੁਰੂ ਤੇਗ ਬਹਾਦਰ ਜੀ, ਦਿੱਲੀ ਵੱਲ ਤੁਰਨ ਵਾਲੇ ਸਨ। ਮਾਤਾ ਗੁਜਰੀ ਜੀ ਉਸ ਵੇਲੇ ਉਨ੍ਹਾਂ ਪਾਸ ਖਲੋਤੇ ਹੋਣਗੇ। ਦਸਮ ਪਾਤਸ਼ਾਹ, ਨੌਸਾਲ ਦੀ ਅਵਸਥਾ ਵਿਚ ਆਪਣੇ ਪਿਤਾ ਦੇ ਚਿਹਰੇ ਵਲ ਤਕ ਰਹੇ ਹੋਣਗੇ। ਮਾਤਾ ਗੁਜਰੀ ਦੇ ਮਨ ਵਿਚ ਹੌਲ ਪੈਂਦੇ ਹੋਣਗੇ ਫਿਰ ਵੀ ਰਜ਼ਾ ਵਿਚ ਰਹਿਣ ਦੀ ਬਖਸ਼ਸ਼ ਦਾ ਭਰਪੂਰ ਛਿੱਟਾ ਉਨ੍ਹਾਂ ਆਪਣੇ ਆਲੇ ਦੁਆਲੇ ਦੇਂਦਿਆਂ ਦਿਲ ਉੱਤੇ ਹੱਥ ਰੱਖ ਕੇ ਉਨ੍ਹਾਂ ਆਪਦੇ ਪਤੀ ਨੂੰ ਆਪ ਤੋਰਿਆ ਹੋਵੇਗਾ।

ਕਰਤਾਰ ਕੌਰ ਨੇ ਨੀਵੀਂ ਪਾਈ ਹੋਈ ਸੀ। ਹਰਿਦਿਆਲ ਸਿੰਘ ਭੱਜ ਕੇ ਆਪਣੀਆਂ ਭੈਣਾਂ ਕੋਲ ਜਾ ਖਲੋਤਾ। ਭਗਵਾਨ ਸਿੰਘ ਨੇ ਆਪਣੀ ਗਲ ਜਾਰੀ ਰੱਖੀ — "ਅਸੀਂ ਆਪਣੇ ਸਤਗੁਰਾਂ ਦੇ ਕਰਤਬਾਂ ਦੀ ਰੀਸ ਕਰਨ ਦੀ ਗਲ ਤਕ ਨਹੀਂ ਸੋਚ ਸਕਦੇ ਪਰ ਉਨ੍ਹਾਂ ਦੇ ਪਾਏ ਪੂਰਨਿਆਂ ਉੱਤੇ ਤਾਂ ਚਲਣ ਦਾ ਜਤਨ ਕਰ ਸਕਦੇ ਆਂ।

"ਮੈਂ ਤਾਂ ਮਾਤਾ ਗੁਜਰੀ ਦੇ ਚਰਨਾਂ ਦੀ ਖਾਕ ਵੀ ਨਹੀਂ।"

"ਠੀਕ ਐ! ਅਸੀਂ ਵੀ ਤਾਂ ਸਤਗੁਰਾਂ ਤੇ ਮਾਤਾ ਗੁਜਰੀ ਦੇ ਪਾਏ ਪੂਰਨਿਆਂ ਦੀ ਗਲ ਹੀ ਕਰ ਰਹੇ ਹਾਂ। ਮਜ਼ਲੂਮਾਂ ਉੱਤੇ ਹੋ ਰਹੇ ਜ਼ੁਲਮਾਂ ਦਾ ਖਾਤਮਾ ਕਰਨ ਲਈ ਹੀ ਸਤਗੁਰਾਂ ਦਿੱਲੀ ਵਲ ਕਦਮ ਉਠਾਇਆ ਸੀ। ਜ਼ਾਲਮ ਤੇ ਜ਼ੁਲਮ ਦਾ ਮੁਕਾਬਲਾ ਕਰਨਾ ਜੋਧਿਆਂ ਦਾ ਕਰਤੱਵ ਐ। ਅਸੀਂ ਜੋਧੇ ਨਹੀਂ ਪਰ ਜੋਧਿਆਂ ਦੇ ਪੂਰਨਿਆਂ ਉੱਤੇ ਚਲਣ ਦਾ ਤੁੱਛ ਜਿਹਾ ਹੱਲਾ ਮਾਰਨਾ ਚਾਹੁੰਦੇਆਂ।" ਕਹਿ ਕੇ ਭਗਵਾਨ ਸਿੰਘ ਚੁੱਪ ਹੋ ਗਿਆ।

ਕਰਤਾਰ ਕੌਰ ਨੇ ਨਜ਼ਰ ਉੱਚੀ ਕਰਦਿਆਂ ਥਰਰਾਂਦੀ ਆਵਾਜ਼ ਵਿਚ ਪੁੱਛਿਆਂ — "ਫਿਰ ਬੀਰ ਕਰਤਾਰ ਸਿਹੁੰ ਨੂੰ ਸਾਡੇ ਨਾਲ ਭੇਜਣ ਦੀ ਕੀ ਲੋੜ ਐ? ਅਸੀਂ ਆਪੇ ਚਲੇ ਜਾਵਾਂਗੇ। ਮੈਨੂੰ ਪਿੰਡ ਦਾ ਰਾਹ ਨਹੀਂ ਪਤਾ?"

"ਜਾਪਦੇ ਸਿੰਘ ਸਾਹਿਬ ਨੇ ਤੁਹਾਡੇ ਨਾਲ ਪੂਰੀ ਗੱਲ ਨਹੀਂ ਕੀਤੀ।"

"ਉਹ ਮੇਰੇ ਨਾਲ ਓਨੀ ਈ ਗੱਲ ਕਰਦੇ ਐ, ਜਿੰਨੀ ਲੋੜ ਹੋਂਦੀ ਐ। ਹੋਰ ਲੋਕਾਂ ਨਾਲ ਬਥੇਰੀਆਂ ਗਲਾਂ ਕਰਦੇ ਐ।"

"ਕਰਤਾਰ ਸਿਹੁੰ ਨੇ ਤਾਂ ਦੇਸ਼ ਜਾਣਾ ਹੀ ਐ। ਪਾਰਟੀ ਨੇ ਉਹਦੀ ਡਿਊਟੀ ਲਾਈ ਹੋਈ ਐ।"

"ਫਿਰ ਸਿੱਧੀ ਗੱਲ ਕਰੋ ਕਿ ਬੀਰ ਜੀ ਸਾਡੇ ਕਰ ਕੇ ਨਹੀਂ ਦੇਸ ਜਾ ਰਹੇ।"

"ਦੋਵੇਂ ਗੱਲਾਂ ਹੋ ਜਾਣਗੀਆਂ। ਨਾਲੇ ਉਹ ਆਪਣੀ ਡਿਊਟੀ ਤੇ ਜਾਣਗੇ ਨਾਲੇ ਤੁਹਾਡਾ ਸਾਥ ਹੋ ਜਾਇਗਾ।"

"ਅਸਲੀ ਗੱਲ ਦਾ ਹੁਣ ਪਤਾ ਲੱਗੈ। ਕਹਿੰਦੇ ਸੀ ਬੀਰ ਜੀ ਸਾਨੂੰ ਪਿੰਡ ਛੱਡਣ ਲਈ ਜਾਣਗੇ।"

ਹਰਿਦਿਆਲ ਸਿੰਘ, ਭੈਣਾਂ ਦੇ ਗੀਟੇ ਫੜ ਲੈਂਦਾ ਸੀ। ਉਹ ਰੌਲਾ ਪਾਂਦੀਆਂ ਸਨ। ਰੌਲਾ ਸੁਣ ਕੇ ਭਾਈ ਸਾਹਿਬ ਕਰਤਾਰ ਸਿੰਘ ਦੇ ਕਮਰੇ ਵਿਚੋਂ ਬਾਹਰ ਨਿਕਲ ਆਏ। ਉਨ੍ਹਾਂ ਹਰਿਦਿਆਲ ਸਿੰਘ ਨੂੰ ਚੁੱਕ ਲਿਆ। ਉਹ ਲੱਤਾਂ ਮਾਰ ਰਿਹਾ ਸੀ। ਕਰਤਾਰ ਕੌਰ ਨੇ ਉਠ ਕੇ ਹਰਿਦਿਆਲ ਸਿੰਘ ਨੂੰ ਵਰਾਉਣਾ ਸ਼ੁਰੂ ਕਰ ਦਿੱਤਾ।

(ਚਲਦਾ)

ਗੁਰਦਾਸਪੁਰ ਵਿਚ ਦੋ ਅਲਕੋਹਲ ਪਲਾਂਟ

ਗੁਰਦਾਸਪੁਰ,—ਸ਼ੂਗਰ ਮਿਲ ਗੁਰਦਾਸਪੁਰ ਤੋਂ ਨਿਕਲਣ ਵਾਲੇ ਸੀਰੇ ਤੋਂ ਮਿਲ ਦੇ ਨਾਲ ਹੀ ਤਕਰੀਬਨ ਸਾਢੇ 12 ਕਰੋੜ ਰੁਪਏ ਦੀ ਲਾਗਤ ਨਾਲ ਉਦਯੋਗਿਕ ਅਲਕੋਹਲ ਅਤੇ ਦਵਾਈਆਂ ਬਨਾਣ ਦੇ 2 ਪਲਾਂਟ ਲਗਾਏ ਜਾਣਗੇ। ਜਿਹਨਾਂ ਰਾਹੀਂ 20 ਹਜ਼ਾਰ ਲਿਟਰ ਉਦਯੋਗਿਕ ਅਲਕੋਹਲ ਪ੍ਰਤੀ ਦਿਨ ਤਿਆਰ ਕੀਤੀ ਜਾਵੇਗੀ। ਅਤੇ ਇਹ ਪਲਾਂਟ ਅਗਲੇ ਸਾਲ ਦੇ ਜੂਨ ਮਹੀਨੇ ਤਕ ਕੰਮ ਆਰੰਭ ਕਰ ਦੇਵੇਗਾ। ਜਿਸ ਤੋਂ ਤਕਰੀਬਨ 100 ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲੇਗਾ।



ਕੇਵਲ ਸਿੰਘ ਪਾਬਲਾ, ਜੌਹਨ ਫਰੇਜ਼ਰ ਐਮ. ਪੀ. ਤੇ ਗੁਰਦੀਪ ਸਿੰਘ ਅਟਵਾਲ ਨਾਲ।

ਚੀਨ ਦਾ ਬਦਲੇ ਰੌਂ : ਲੰਦਨ ਵਾਸ਼ਿੰਗਟਨ ਪਰੇਸ਼ਾਨ

ਵਾਸ਼ਿੰਗਟਨ, — ਪੱਛਮੀ ਗਠਜੋੜ ਦੇ ਦੋ ਦੇਸ਼ਾਂ, ਅਮਰੀਕਾ ਤੇ ਬਰਤਾਨੀਆਂ, ਨੂੰ ਅੱਜ ਕਲ੍ਹ ਇਸ ਗੱਲ ਦੀ ਸਖਤ ਪਰੇਸ਼ਾਨੀ ਹੈ ਕਿ ਚੀਨ ਹੌਲੀ ਹੌਲੀ ਸੋਵੀਅਤ ਯੂਨੀਅਨ ਨਾਲ ਆਪਣੇ ਸਬੰਧ ਸੁਧਾਰਨ ਤੇ ਪੱਛਮੀ ਦੇਸ਼ਾਂ ਵਲੋਂ ਮੱਲੇ ਹੋਏ ਅਪਣੇ ਖੇਤਰ ਵਾਪਸ ਲੈਣ ਦੀ ਨੀਤੀ ਅਪਣਾ ਰਿਹਾ ਹੈ।

ਚੀਨ ਨੇ ਹਾਂਗ ਕਾਂਗ, ਮਕਾਓ ਤੇ ਤਾਏਵਾਨ ਨੂੰ ਵਿਸ਼ੇਸ਼ ਖੇਤਰਾਂ ਦਾ ਦਰਜਾ ਦੇਣ ਦੀ ਪੇਸ਼ਕਸ਼ ਨਾਲ ਉਹਨਾਂ ਨੂੰ ਆਪਣੇ ਨਾਲ ਜੋੜਨ ਦੀ ਤਜਵੀਜ਼ ਪੇਸ਼ ਕੀਤੀ ਹੈ।

ਜਿਥੋਂ ਤੱਕ ਮਕਾਓ ਟਾਪੂਆਂ ਦਾ ਸਬੰਧ ਹੈ, ਉਹ ਤਾਂ ਚੀਨ ਦੀ ਜੇਬ ਵੀ ਹਨ ਕਿਉਂਕਿ ਪੁਰਤਗਾਲ, ਜਿਸ ਦਾ ਇਹਨਾਂ ਉਤੇ ਕਬਜ਼ਾ ਹੈ ਇਹਨਾਂ ਦੀ ਬਹੁਤੀ ਪਰਵਾਹ ਨਹੀਂ ਕਰਦਾ। ਉਂ ... ੀ ਪੁਰਤਗਾਲ ਏਨਾ ਕਮਜ਼ੋਰ ਹੈ ਕਿ ਉਹ ਇਹਨਾਂ ਟਾਪੂਆਂ ਦੀ ਰਾਖੀ ਨਹੀਂ ਕਰ ਸਕਦਾ ਪਰ ਬਰਤਾਨੀਆਂ ਫਾਕਲੈਂਡ ਦੇ ਸਵਾਲ ਉਤੇ ਅਰਜਨਟਾਈਨਾ ਨੂੰ ਹਰਾਉਣ ਪਿਛੋਂ ਹਾਂਗਕਾਂਗ ਨੂੰ ਚੁਪ ਚੁਪੀਤਿਆਂ ਹਥੋਂ ਨਹੀਂ ਛੱਡ ਸਕਦਾ ਅਤੇ ਅਜੇ ਵੀ ਇਸ ਚੀਨੀ ਇਲਾਕੇ ਉਤੇ ਸ਼ਾਹੀ ਪ੍ਰਭੁਸਤਾ ਦਾ ਦਾਅਵਾ ਜਿਤਲਾ ਰਿਹਾ ਹੈ। ਬਰਤਾਨੀਆਂ ਸਰਕਾਰ ਸਮਝਦੀ ਹੈ ਕਿ ਕਿਉਂਕਿ ਹਾਂਗਕਾਂਗ ਵਪਾਰਕ ਪੱਖ ਤੋਂ ਚੀਨ ਲਈ ਬਹੁਤ ਲਾਹੇਵੰਦਾ ਹੈ ਇਸ ਲਈ ਉਹ ਇਸ ਨੂੰ ਵਿਸ਼ੇਸ਼ ਦਰਜਾ ਦੇ ਦੇਵੇਗਾ।

ਪਰ ਜੇ ਚੀਨ ਦੇ ਤਾਜ਼ਾ ਬਿਆਨ ਕੋਈ ਅਰਥ ਰੱਖਦੇ ਹਨ ਤਾਂ ਉਹਨਾਂ ਤੋਂ ਇਹੀ ਨਤੀਜਾ ਨਿਕਲਦਾ ਹੈ ਕਿ ਚੀਨ ਨੂੰ ਹਾਂਗਕਾਂਗ ਵਿਚ ਯੂਨੀਅਨ ਜੈਕ ਦੀ ਥਾਂ ਲਾਲ ਝੰਡਾ ਲਹਿਰਾਉਣ ਤੋਂ ਘੱਟ ਹੋਰ ਕੋਈ ਗੱਲ ਪਰਵਾਨ ਨਹੀਂ। ਚੀਨ ਇਸ ਬਸਤੀ ਵਿਚ ਬਰਤਾਨੀਆਂ ਦੇ ਆਰਥਕ ਹਿਤਾਂ ਨੂੰ ਸੁਰਖਿਆ ਦੇਣ ਲਈ ਤਿਆਰ ਹੈ ਪਰ ਉਸਦੇ ਰਾਜਨੀਤਕ ਦਾਅਵਿਆਂ ਨੂੰ ਮੰਨਣ ਲਈ ਤਿਆਰ ਨਹੀਂ।

ਚੀਨ ਸਮਝਦਾ ਹੈ ਕਿ ਹਾਂਗਕਾਂਗ ਉਹਨਾਂ ਅਸਾਵੇਂ ਸਮਝੌਤਿਆਂ ਦੀ ਉਪਜ ਹੈ, ਜਿਹੜੇ ਸਾਮਰਾਜੀ ਤਾਕਤਾਂ ਨੇ ਆਪਣੀ ਚੜ੍ਹਤ ਦੇ ਦੌਰ ਵਿਚ ਚੀਨ ਦੇ ਗਲ ਵਿਚ ਅੰਗੂਠਾ ਦੇ ਕੇ ਉਸ ਤੋਂ ਮੰਨਵਾਏ ਸਨ।

ਤਾਈਵਾਨ ਦੇ ਸਬੰਧ ਵਿਚ ਚੀਨ ਨਾ ਕੇਵਲ ਉਥੇ ਪਰਚਲਤ ਹਕੂਮਤੀ ਪ੍ਰਬੰਧ ਨੂੰ, ਸਗੋਂ ਉਸਦੇ ਆਪਣੀ ਫੌਜ ਰੱਖਣ ਦੇ ਹੱਕ ਨੂੰ ਵੀ ਮੰਨਣ ਲਈ ਤਿਆਰ ਹੈ ਬਸ਼ਰਤਕਿ ਉਸਨੂੰ ਇਹ ਯਕੀਨ ਦੁਆ ਦਿੱਤਾ ਜਾਏ ਕਿ ਇਕ ਨਿਸਚਿਤ ਤਾਰੀਖ ਪਿਛੋਂ ਤਾਈਵਾਨ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ ਨਹੀਂ ਕੀਤੀ ਜਾਏਗੀ।

ਦੇਹ ਸ਼ਿਵਾ ਬਰ ਮੋਹਿ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਤਿਹਾਸ ਵਿਚ ਸਭ ਤੋਂ ਵੱਧ ਗਤੀਸ਼ੀਲ ਤੇ ਮਹਾਂਪੁਰਖ ਹੋਏ ਹਨ। ਉਹਨਾਂ ਦਾ ਜਨਮ 1666 ਈ: ਵਿਚ ਪਟਨਾ ਵਿਖੇ ਹੋਇਆ। ਇਥੇ ਹੀ ਇਹਨਾਂ ਦਾ ਬਚਪਨ ਬੀਤਿਆ ਆਪ ਛੋਟੀ ਉਮਰ ਵਿਚ ਹੀ ਸੰਗੀਆਂ ਸਾਕੀਆਂ ਨੂੰ ਦੋ ਬਰਾਬਰ ਹਿੱਸਿਆਂ ਵਿਚ ਵੰਡਦੇ ਤੇ ਝੂਠੀ-ਮੂਠੀ ਲੜਦੇ ਸਨ। ਆਪਨੇ ਕਦੀ ਵੀ ਰਾਹ ਜਾਂਦੇ ਨਵਾਬਾਂ ਦੀ ਪਰਵਾਹ ਨਹੀਂ ਸੀ ਕੀਤੀ, ਆਪ ਜਮਨਾ ਵਿਚ ਇਸ਼ਨਾਨ ਕਰ ਰਹੇ ਪੰਡਤਾਂ ਦੇ ਪਾਣੀ ਨਾਲ ਭਰੇ ਕਰਮੰਡਲ ਡੋਲ੍ਹ ਦਿੰਦੇ ਸਨ। ਆਪ ਤੀਰ ਕਮਾਨ ਜਾਂ ਗੁਲੇਲ ਆਦਿ ਨਾਲ ਨਿਸ਼ਾਨੇ ਢੂੰਡਦੇ ਹੋਏ ਢੂੰਡਦੇ ਸਨ। ਆਪ 1673 ਈ: ਵਿਚ ਆਨੰਦਪੁਰ ਸਾਹਿਬ ਆ ਗਏ ਏਥੇ ਆਪ ਨੇ ਬ੍ਰਿਜ, ਸੰਸਕ੍ਰਿਤ ਤੇ ਫਾਰਸੀ ਆਦਿ ਬੋਲੀਆਂ ਸਿਖੀਆਂ। ਇਨਾਂ ਵਿਚ ਲਿਖੇ ਹੋਏ ਸਾਹਿਤ ਨੂੰ ਪੜ੍ਹਿਆਂ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਚੰਗੀ ਤਰਾਂ ਪਾਠ ਕੀਤਾ। ਇਥੇ ਹੀ ਆਪਜੀ ਨੇ ਸ਼ਸ਼ਤਰ ਵਿਦਿਆਂ ਵਿਚ ਨਿਪੁੰਨਤਾ ਪ੍ਰਾਪਤ ਕੀਤੀ।

ਆਪ ਅਜੇ ਮਸਾਂ ਨੌ ਸਾਲ ਦੇ ਹੋਏ ਸਨ ਕਿ ਕਸ਼ਮੀਰ ਦੇ ਪੰਡਤ ਔਰੰਗਜ਼ੇਬ ਦੇ ਅਤਿਆਚਾਰਾਂ ਤੋਂ ਤੰਗ ਆਕੇ ਆਪ ਦੇ ਪਿਤਾ ਨੌਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਏ ਤੇ ਆਪਣਾ ਰੋਣਾ ਰੋਇਆ। ਗੁਰੂ ਤੇਗ ਬਹਾਦਰ ਸੋਚੀਂ ਪੈ ਗਏ ਕਿ ਕੀ ਕੀਤਾ ਜਾਵੇ ਉਹਨਾਂ ਨੇ ਆਪਨੂੰ ਪੁੱਛਣ ਤੇ ਦੱਸਿਆ।

ਧਰਮ ਕਰਮ ਇੱਜ਼ਤ ਸ਼ਰਮ ਹੈ ਡੂੰਘੇ ਮੰਝਧਾਰ।
ਆਵੇ ਕੋਈ ਮਹਾਤਮਾਂ ਦੇਵੇ ਆਪਣਾ ਸੀਸ।
ਸ਼ਰਮ ਕਰਮ ਰੱਖਿਆ ਕਰੇ ਏਕ ਏਕ ਜਗਦੀਸ਼।

ਪਰ ਮੈਨੂੰ ਫਿਕਰ ਤਾਂ ਇਸ ਗਲ ਦਾ ਹੈ ਕਿ ਤੁਸੀ ਇੰਨੀ ਛੋਟੀ ਉਮਰ ਵਿਚ ਇੰਨੀ ਵੱਡੀ ਜ਼ੁੰਮੇਵਾਰੀ ਕਿਵੇਂ ਨਿਭਾਉਗੇ। ਇਸ ਸਮੇਂ ਆਪ ਨੇ ਪਿਤਾ ਜੀ ਨੂੰ ਜੁਆਬ ਦਿੱਤਾ ਕੇ ਤੁਹਾਡੇ ਤੋਂ ਵੱਧ ਇਸ ਕੁਰਬਾਨੀ ਲਈ ਹੋਰ ਕਿਹੜਾ ਹੋ ਸਕਦਾ ਹੈ। ਤੁਸੀਂ ਮੇਰੀ ਚਿੰਤਾਂ ਨਾ ਕਰੋ, ਮੈਂ ਪ੍ਰਭੂ ਦੀ ਕਿਰਪਾ ਦੁਆਰਾ ਸਭ ਕੁਝ ਸੰਭਾਲ ਲਵਾਂਗਾ ਇਸ ਤਰ੍ਹਾਂ ਦਾ ਦਲੇਰੀ ਭਰਿਆਂ ਉਤਰ ਸੁਣ ਕਿ ਗੁਰੂ ਜੀ ਨੇ ਬ੍ਰਾਹਮਣਾ ਨੂੰ ਆਖਿਆ ਕਿ ਜਾਉ ਔਰੰਗਜ਼ੇਬ ਨੂੰ ਕਹੋ-ਪਹਿਲਾਂ ਤਰਾਂ ਬਹਾਦਰ ਨੂੰ ਮੁਸਲਮਾਨ ਬਣਾ, ਉਪਰੰਤ ਅਸੀਂ ਆਪਣੇ ਆਪ ਬਣ ਜਾਵਾਗੇ।

ਇਹ ਸੁਨੇਹਾ ਸੁਣ ਕਿ ਜਾਲਮ ਔਰੰਗਜ਼ੇਬ ਨੇ—ਨੌਵੀਂ ਪਾਤਸ਼ਾਹੀ ਨੂੰ ਦਰਬਾਰ ਵਿਚ ਹਾਜ਼ਰ ਹੋਣ ਲਈ ਦੋ ਆਦਮੀ ਭੇਜੇ। ਜਾਣੀ ਜਾਣ ਗੁਰੂ ਜੀ ਆਪ ਹੀ ਆਪਣੇ ਕਾਤਲ (ਔਰੰਗਜ਼ੇਬ) ਕੋਲ ਪੁੱਜ ਕੇ ਸ਼ਹੀਦ ਹੋਏ। ਪਰ ਮੁਸਲਮਾਨ ਨਾਂ ਬਣੇ। ਇਸ ਵੇਲੇ ਹਿੰਦੂਆਂ ਵਿਚ ਇਕ ਅਜਿਹੀ ਗਿਰਾਵਟ ਆ ਗਈ ਕਿ ਹਰ ਕੋਈ ਆਪਣੀ ਜਾਨ ਬਚਾਣ ਲਈ ਇਹ ਗੱਲ ਕਹਿਣ ਲੱਗ ਪਿਆ ਕਿ ਮੈਂ ਗੁਰੂ ਨਾਨਕ ਦਾ ਨਾਂਮਦੇਵਾਨਹੀਂ। ਭਾਈ-ਜੈਤੋ ਨੇ ਆਪਣੀ ਜਾਨ ਤਲੀ ਤੇ ਰੱਖ ਕੇ ਗੁਰੂ ਸਾਹਿਬ ਦਾ ਸੀਸ ਅਨੰਦਪੁਰ ਸਾਹਿਬ ਪੁਚਾਇਆ। ਭਾਈ ਰੰਗਰੇਟੇ ਨੇ ਉਹਨਾਂ ਦੇ ਸਰੀਰ ਦਾ, ਆਪਣੀ ਕੁਲੀ ਵਿਚ ਰਖ ਕੇ, ਸਵੈ ਕੁੱਲੀ ਤੇ ਸਮਾਨ ਦਾ ਅੰਤਮ ਸੰਸਕਾਰ ਕਰ ਦਿੱਤਾ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਬਾਬਾ ਰਾਮ ਕੰਵਰ ਜੀ ਨੇ ਮਰਯਾਦਾ ਅਨੁਸਾਰ ਆਪਨੂੰ ਗੁਰਗੱਦੀ ਤੇ ਬਿਠਾ ਦਿੱਤਾ। ਆਪ ਜੀ ਨੇ ਇਸ ਮਹਾਨ ਪੱਦਵੀ ਨੂੰ ਸੰਭਾਲਦਿਆਂ ਹੀ 'ਗੁਰੂ ਨਾਨਕ ਦੇ ਨਾਮ-ਲੇਵਿਆਂ ਨੂੰ ਕੇਸ ਰੱਖਣ ਦਾ ਹੁਕਮ ਦੇ ਦਿੱਤਾ।

ਗੁਰਗੱਦੀ ਤੇ ਬਰਾਜਮਾਨ ਹੁੰਦਿਆਂ ਹੀ ਆਪ ਨੂੰ ਚਾਰ ਸ਼ੁਫੈਰੇ ਸਮਸਿਆਵਾਂ ਦਿਸੀਆ। ਆਪ ਦੇ ਪੱਲੇ ਨਾ ਮਾਇਆ ਹੀ ਸੀ ਤੇ ਨਾਂ ਫੌਜ, ਆਪਣੇ ਪਰਾਏ ਸਭ ਵੈਰੀ ਬੈਠੇ ਸਨ। ਆਪਣੇ ਸੰਬੰਧੀ ਗੁਰੂ ਗੱਦੀ ਤੇ ਝਗੜਿਆਂ ਕਾਰਣ ਮੂੰਹ ਬੱਟੀ ਬੈਠੇ ਸਨ। ਮਸੰਦਾ ਨੇ ਪਰਚਾਰ ਕਰਨਾ ਸ਼ੁਰੂ ਕਰ ਦਿਤਾ ਸੀ ਕਿ ਗੁਰੂ ਗੋਬਿੰਦ ਸਿੰਘ ਤਾਂ ਗੁਰੂ ਨਾਨਕ ਦੇਵ ਜੀ ਦਾ ਦਸਿਆ ਰਾਹ ਛੱਡ ਗਏ। ਪਹਾੜੀਰਾਜੇ ਆਪ ਨੂੰ 'ਹਿੰਦੂ ਧਰਮ ਦਾ ਸ਼ਾਸਕ ਤੇ (ਸਿਰ ਫਿਰਿਆਂ ਦਾ ਗੁਰੂ) ਆਖਣ ਲਗੇ ਸਹਰੰਦ ਦਾ ਨਵਾਬ ਆਪ ਦਾ ਜਾਨੀ ਵੈਰੀ ਬਣ ਗਿਆ। ਪੰਜਾਬ ਵਿਚ' ਜਹੋਾਦ ਵਿਰਸੇ ਤੇ ਮਾਣ ਸੀ। ਨਾਲੇ ਔਰੰਗਜ਼ੇਬ ਦੇ ਅਤਿਆਚਾਰਾਂ ਤੋਂ ਸਤੀ-ਹੋਈ ਹਿੰਦੂ ਜਨਤਾ, ਇਨਸਾਫ ਪਸੰਦ ਮੁਸਲਮਾਨ ਪਹਾੜੀ. ਰਾਜਾ ਨਾਹਰ ਅਤੇ ਸਰਮੋਰ ਦਾ ਰਾਜਾ ਮੈਦਾਨੀ ਪਰਕਾਸ਼(ਗੁਰੂ ਘਰ ਵਿਚ ਸ਼ਰਧਾ ਰਖਣ ਕਰ ਕੇ) ਆਪ ਦੇ ਨਾਲ ਸਨ। ਕਿਉਂ ਕਿ ਜੇ ਔਰੰਗਜ਼ੇਬ ਲੱਗ ਭੱਗ ਪੰਝੀ ਸਾਲ ਦੱਖਣ ਦਿਆਂ ਝਗੜਿਆਂ ਵਿਚ ਰੁਝਿਆਂ ਰਿਹਾ' ਇਸ ਲਈ ਆਪ ਜੀ ਨੂੰ ਤਿਆਰੀ ਕਰਨ ਦਾ ਚੰਗਾ ਮੌਕਾ ਮਿਲ ਗਿਆ।

ਆਪ ਦੀ ਉਮਰ ਅਜੇ ਵੀਹ ਸਾਲ ਦੀ ਹੀ ਹੋਈ ਸੀ ਕਿ ਆਪ ਨੂੰ ਰਣ ਭੂਮੀ ਵਿਚ ਕੁੱਦਣਾ ਪਿਆ। ਆਪ ਨੇ ਆਪਣੀ ਬਾਕੀ ਦੀ ਉਮਰ ਦਾ ਬਹੁਤ ਭਾਗ ਲੜਾਈਆਂ ਝਗੜਿਆਂ' ਚ ਗੁਜ਼ਾਰਿਆ।

ਆਪ ਨੇ ਸਿੱਖਾਂ ਨੂੰ ਸਿੰਘ ਬਨਾਉਣ ਲਈ ਉਹਨਾਂ ਵਿਚ ਨਵੀਂ ਰੂਹ ਟੂਙਣ ਲਈ ਅਤੇ ਸਦਾ ਗਿਰਾਵਟ ਦੂਰ ਕਰਨ ਲਈ 30 ਮਾਰਚ 1699 ਈ: ਨੂੰ ਵਿਸਾਖੀ ਵਾਲੇ ਦਿਨ ਖਾਲਸਾ ਸਾਜਿਆ। ਆਪ ਨੇ ਕੇਸ ਗੜ੍ਹ ਸਾਹਿਬ ਵਿਚ ਭਰ ਦੀਵਾਨ ਵਿਚ ਖੜੇ ਹੋ ਕਿ ਆਖਿਆ 'ਕੋਈ ਹੈ ਧਰਮ ਤੋ ਜਾਨ ਵਾਰਨ ਲਈ ਤਿਆਰ' (ਲਲਕਾਰ ਸੁਣ ਕੇ ਕਈ ਤਾਂ ਤਿੱਤਰ-ਬਿੱਤਰ ਹੋ ਗਏ। ਪਰ ਦਾਇਆ ਰਾਮ (ਲਾਹੌਰ ਦਾ ਖੱਤਰੀ) ਧਰਮ ਦਾਸ (ਦਿੱਲੀ ਦਾ ਜੱਟ) ਭਾਈ ਹਿਮਤਾ (ਜਗਨ ਨਾਥ ਦਾ ਰਸੋਈਆ) ਮੁਹਕਮ ਚੰਦ (ਦਵਾਰਕਾ ਦਾ ਛੀਬਾਂ) ਅਤੇ ਸਾਹਿਬ ਚੰਦ (ਬੇਦਰ ਦਾ ਨਹੀਂ) ਵਾਰੋ ਵਾਰੀ ਆਏ। ਗੁਰੂ ਜੀ ਨੇ ਉਹਨਾਂ ਨੂੰ ਵਾਰੋ ਵਾਰੀ ਇਕ ਨਾਲ ਦੇ ਤੰਬੂ ਵਿਚ ਲਿਜਾ ਕੇ ਤਲਵਾਰ ਨਾਲ ਵੱਡਿਆ (ਕਈ ਕਹਿੰਦੇ ਹਨ ਕਿ ਬੱਕਰਿਆਂ ਨੂੰ ਵੱਢਿਆਂ) ਉਪਰੰਤ ਆਪ ਨੇ ਉਹਨਾਂ ਪੰਜਾਂ ਨੂੰ ਸੰਗਤ ਵਿਚ ਲਿਆਦਾ, ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ 'ਪੰਜ ਪਿਆਰੇ' ਆਖ ਕੇ ਸਨਮਾਨਿਆ। ਬਾਅਦ ਵਿਚ ਆਪ ਨੇ ਵੀ ਉਹਨਾਂ ਕੋਲੋ ਅੰਮ੍ਰਿਤ ਛਕਿਆ। ਤਾਹਉ ਤੇ ਭਾਈ ਗੁਰਦਾਸ ਜੀ ਲਿਖਦੇ ਹਨ।

"ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ।"

ਆਪ ਜੀ ਨੇ ਹਾਜ਼ਰ ਸੰਗਤਾਂ ਨੂੰ ਆਪਣੇ ਭਾਸ਼ਨ ਵਿਚ ਦੱਸਿਆਂ ਕੇ ਹੁਣ ਸੰਤ ਸਿਪਾਹੀਆਂ ਦੀ ਲੋੜ ਹੈ ਨਿਰੇ ਸੰਤਾਂ ਦੀ ਨਹੀਂ। ਆਪ ਨੇ ਸਿੰਘਾਂ ਨੂੰ ਕੱਛਾ, ਕੜਾ, ਕਿਰਪਾਨ, ਕੰਘਾ ਤੇ ਕੇਸ ਰੱਖਣ ਦਾ ਹੁਕਮ ਦੇ ਦਿੱਤਾ।

ਮੁਕਸਰ ਦੀ ਲੜਾਈ ਤੋਂ ਬਾਅਦ ਗੁਰੂ ਜੀ ਤਲਵੰਡੀ ਸਾਬੋ ਵਿਚ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਵਿਚ ਆਪਣੇ ਪਿਤਾ ਜੀ ਦੀ ਬਾਣੀ ਨੂੰ ਸ਼ਾਮਲ ਕੀਤਾ। ਇਸ ਬੀੜ ਨੂੰ ਭਾਈ ਮਨੀ ਸਿੰਘ ਜੀ ਨੇ ਲਿਖਿਆ। ਏਥੇ ਹੀ ਆਪ ਜੀ ਨੂੰ ਔਰੰਗਜ਼ੇਬ ਦੀ ਹੋਰ ਚਿਠੀ ਆਈ। ਜਿਸ ਵਿਚ ਉਸ ਨੇ ਪਿਛਲੇ ਕੀਤੇ ਦੀ ਮਾਫੀ ਮੰਗਦਿਆਂ ਮਿਲਨ ਦੀ ਇੱਛਾ ਕੀਤੀ ਆਪ ਔਰੰਗਜ਼ੇਬ ਨੂੰ ਮਿਲਣ ਤੁਰ ਪਏ। ਜਦ ਰਾਜਪੂਤਾਨੇ ਪੁੱਜੇ ਤਾਂ ਪਤਾ ਲੱਗਾਂ ਕਿ ਔਰੰਗਜ਼ੇਬ ਤਾਂ ਅਹਿਮਦਨਗਰ ਵਿਚ ਮਰ ਗਿਆ ਹੈ। ਆਪ ਦਿੱਲੀ ਮੁੜ ਆਏ। ਆਪ ਨੇ ਔਰੰਗਜ਼ੇਬ ਦੇ ਪੁੱਤਰਾਂ-ਬਹਾਦਰਸ਼ਾਹ ਤੇ ਆਜ਼ਮ ਦੀ ਤਖਤ ਹਕੂਮਤ ਲਈ ਆਗਰੇ ਵਿਚ ਹੋਈ ਆਪਸੀ ਜੰਗ ਵਿਚ ਬਹਾਦਰ ਸ਼ਾਹ ਦੀ ਮਦਦ ਕੀਤੀ। 'ਬਾਦਸ਼ਾਹ ਜਿੱਤ ਗਿਆ ਅਤੇ ਬਾਦਸ਼ਾਹ ਬਣ ਗਿਆ। ਉਹ ਬਗਾਵਤਾਂ ਨੂੰ ਦਬਾਉਣ ਦੇ ਸਿਲਸਿਲੇ ਵਿਚ ਗੁਰੂ ਜੀ ਨੂੰ ਨਾਲ ਲੈ ਕਿ ਪਹਿਲਾਂ ਰਾਜਪੂਤਾਨੇ ਤੇ ਫਿਰ ਦੱਖਣ ਵਲ ਗਿਆ। ਦੱਖਣ ਵਿਚ ਗੁਰੂ ਦੀ ਇਸ ਨਾਲ ਗਲ ਬਾਤ ਟੁੱਟ ਗਈ। ਗੁਰੂ ਜੀ ਕੁਝ ਦਿਨਾਂ ਲਈ ਨੰਦੇੜ ਗਏ। ਇਥੇ ਆਪ ਨੇ—ਵੈਰਾਗੀ ਸਾਧੂ ਮਾਧੋਲਾਲ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਣਾਇਆ ਅਤੇ ਅਸ਼ੀਰਵਾਰ ਦੇ ਕੇ ਪੰਜਾਬ ਭੇਜਿਆ। ਸਰਹੰਦ ਦੇ ਨਵਾਬ ਵਜ਼ੀਰ ਖਾਂ ਨੂੰ ਡਰ ਸੀ ਜੇ ਬਹਾਦਰ ਸ਼ਾਹ ਗੁਰੂ ਸਾਹਿਬ ਦੀ ਗੱਲ ਬਾਤ ਸਿਰੇ ਚੜ੍ਹ ਗਈ ਤਾਂ ਮੇਰਾ ਖਾਤਮਾ ਹੋ ਜਾਵੇਗਾ। ਉਸ ਨੇ ਆਪ ਨੂੰ ਮਾਰ ਮੁਕਾਣ ਲਈ ਦੋ ਪਠਾਣ ਭੇਜੇ। ਜਿਹਨਾਂ ਨੂੰ ਨੰਦੇੜ ਵਿਚ ਇਕ ਰਾਤੀ ਖੂਨੀ ਹਮਲਾ ਕੀਤਾ। ਆਪ ਨੇ ਇਕ ਨੂੰ ਤਾਂ ਉਥੇ ਹੀ ਪਾਰ ਬੁਲਾ ਦਿੱਤਾ। ਤੇ ਦੂਜਾ ਹੱਸਦਾ ਹੋਇਆ ਮਾਰਿਆ ਗਿਆ। ਤੇ ਆਪ ਨੂੰ ਵੀ ਕਟਾਰ ਲੱਗਣ ਨਾਲ ਡੂੰਘਾ ਜਖਮ ਹੋਇਆ। ਟਾਂਕੇ ਲਾ ਕੇ ਪੱਟੀ ਕੀਤੀ ਗਈ। ਜਿਸ ਨਾਲ ਆਪ ਠੀਕ ਹੋ ਗਏ। ਕੁਝ ਚਿਰ ਬਾਅਦ ਆਪ ਜਦ ਕਿ ਇਕ ਦਿਨ ਕਮਾਨ ਤੇ ਚਿਲਾ ਚਾੜਨ ਲੱਗੇ। ਟਾਂਕੇ ਅਜਿਹੇ ਟੁਟੇ ਕੇ ਮੁੜ ਸੀਤੇਨਾ ਜਾ ਸਕੇ। ਆਪਣਾ ਅੰਤ ਨੇੜੇ ਵੇਖ ਕੇ, ਆਪ ਨੂੰ ਗੁਰੂ ਸਿੱਖਾਂ ਨੂੰ ਸੱਦ ਕਿ ਆਖਿਆ ਕਿ ਅਗੋ ਤੋ ਆਦਿ ਗੁਰੂ ਗਰੰਥ ਸਾਹਿਬ ਹੀ ਗੁਰੂ ਹੋਣਗੇ ਅਤੇ ਇਸ ਮਹਾਨ ਗਰੰਥ ਦੇ ਤਾਬੇ ਪੰਥ, ਹੋਵੇਗਾ ਆਪ 7 ਅਕਤੂਬਰ 1708 ਈ: ਨੂੰ ਜੋਤੀ-ਜੋਤ ਸਮਾਂ ਗਏ।

ਆਪ ਜੀ ਦਾ ਧਾਰਮਕ ਫਲਸੂਫਾ ਉਹੋ ਕੁਝ ਸੀ ਜੋ ਗੁਰੂ ਨਾਨਕ ਦੇਵ ਜੀ ਦਾ ਜਾਂ ਜਿਹੜਾ ਗੁਰੂ ਨਾਨਕ ਤੋਂ ਲੈ ਕਿ ਗੁਰੂ ਤੇਗ ਬਹਾਦਰ ਜੀ ਦਾ ਸੀ, ਭਾਵ ਇਕ ਨਿਰੰਕਾਰ ਨੂੰ ਸਿਮਰਨਾ ਉਹ ਆਪ ਹੀ ਲਿਖਦੇ ਸਨ।

"ਬਿਨ ਕਰਤਾਰ ਨਾ ਕਿਰਮਤ ਮਾਨੋ।"

ਹਾਂ ਆਪ ਨੇ ਸਿੱਖਾਂ ਵਿਚੋਂ ਗਿਰਾਵਝ ਨੂੰ ਦੂਰ ਕਰਨ ਲਈ ਖਾਲਸਾ ਸਾਜਿਆ ਅਤੇ ਜ਼ਾਲਮ ਹਾਕਮਾ ਦਾ ਨਾਸ਼ ਕਰਨ ਲਈ ਸੰਤ—ਸਿਪਾਹੀਆਂ ਦੀ ਫੌਜ ਤਿਆਰ ਕੀਤੀ ਆਪ ਸਦਾ ਸਾਰਿਆਂ ਲਈ ਇਹ ਤੁਕਾਂ ਆਖਿਆ ਕਰਦੇ ਸਨ।

"ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾਂ ਟਰੋ।"

ਜਿੰਨੀ ਦੇਰ ਤੱਕ ਇਹ ਸੰਸਾਰ ਵੱਸਦਾ ਰਹੇਗਾ, ਉਹਨੀਂ ਦੇਰ ਤੱਕ ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਉਨੀਂ ਹੀ ਥਾਂ ਰਹੇਗੀ।

ਤੁਹਾਡੀ ਜਾਣਕਾਰੀ ਲਈ

ਰੈਜ਼ੀਡੈਂਸ਼ਲ ਰੀਹੈਬਲੀਟੇਸ਼ਨ ਪ੍ਰੋਗਰਾਮ

ਦੋਟੱਬਰਾਂ(duplex) ਜਾਂ ਬਹੁਤੇ ਟੱਬਰਾਂ(multi faimly) ਵਾਲੀਆਂ ਇਮਾਰਤਾਂ ਲਈ ਮਿਲਣ ਵਾਲੀ ਗਰਾਂਟ

ਜਸਵੰਤ ਮਾਂਗਟ B.A.,LL.B.

ਨੋਟ— ਜਸਵੰਤ ਮਾਂਗਟ ਪਿਛਲੇ ਬਾਰਾਂ ਸਾਲ ਤੋਂ ਰੀਅਲ ਇਸਟੇਟ ਦਾ ਕੰਮ ਕਰ ਰਹੇ ਹਨ। 1978 ਤੋਂ 1980 ਤੱਕ ਗਰੇਟਰ ਵੈਨਕੂਵਰ ਰੀਅਲ ਇਸਟੇਟ ਬੋਰਡ ਦੇ -ਈਸਟ ਵੈਨਕੂਵਰ ਡੀਵੀਜ਼ਨ ਦੇ ਡਾਇਰੈਕਟਰ ਰਹਿ ਚੁੱਕੇ ਹਨ।

ਪਿਛਲੇ ਅੰਕ ਵਿਚ ਅਸੀਂ ਮਕਾਨ ਮਾਲਕ ਦੇ ਰਿਹਾਇਸ਼ੀ ਮਕਾਨ ਲਈ ਮਿਲਣ ਵਾਲੀ $5000 ਦੀ ਗਰਾਂਟ ਬਾਰੇ ਲਿਖਿਆ ਸੀ। ਇਸ ਅੰਕ ਵਿਚ ਅਸੀਂ ਦੋ ਟੱਬਰਾਂ (duplex) ਜਾਂ ਬਹੁਤੇ ਟੱਬਰਾਂ(multi faimly) ਵਾਲੀਆਂ ਇਮਾਰਤਾਂ ਲਈ ਮਿਲ ਸਕਣ ਵਾਲੀ ਗਰਾਂਟ ਬਾਰੇ ਗੱਲ ਬਾਤ ਕਰਾਂਗੇ।

ਦੋ ਟੱਬਰਾਂ ਵਾਲੇ ਘਰ (Duplex) ਤੇ $10,000 ਪ੍ਰਤੀ ਹਿੱਸੇ ਦੇ ਅਨੁਸਾਰ ਕੁਲ $20,000 ਦਾ ਕਰਜ਼ਾ ਮਿਲ ਸਕਦਾ ਹੈ। ਇਸ ਵਿਚੋਂ ਮਾਲਕ ਦੇ ਰਿਹਾਇਸ਼ੀ ਹਿੱਸੇ ਦੇ $10,000 ਦੇ ਕਰਜ਼ੇ ਵਿਚੋਂ $5000 ਤੱਕ ਦਾ ਹਿਸਾ ਗਰਾਂਟ ਬਣ ਸਕਦਾ ਹੈ। ਇਸ ਹਿੱਸੇ ਦਾ ਅਧਾਰ ਉਹ ਹੀ ਹੈ ਜੋ ਅਸੀਂ ਇਕਹਿਰੇ ਰਹਾਇਸ਼ੀ ਘਰ ਬਾਰੇ (Single Faimly Home) ਪਿਛਲੇ ਅੰਕ ਵਿਚ ਲਿਖਿਆ ਸੀ। ਦੂਜੇ ਹਿੱਸੇ ਯਾਨੀ ਕਿਰਾਏ ਵਾਲੇ ਹਿੱਸੇ, ਦੇ $10,000 ਦੇ ਕਰਜ਼ੇ ਵਿਚੋਂ $35,000 ਤੱਕ ਦਾ ਹਿਸਾ ਦਾ ਗਰਾਂਟ ਬਣ ਸਕਦਾ ਹੈ। ਕੁਝ ਸ਼ਰਤਾਂ ਇਸ ਗਰਾਂਟ ਦਾ ਲਾਭ ਉਠਾਣ ਲਈ ਮਿਥੀਆਂ ਗਈਆਂ ਹਨ ਜਿਵੇਂ ਕਿ ਇਹ $3500 ਕੁਲ ਮੁਰੰਮਤ ਦੇ ਖਰਚ ਦਾ 50 ਪ੍ਰਤੀਸ਼ਤ ਹੋਣਾ ਜ਼ਰੂਰੀ ਹੈ। ਇਸਤੋਂ ਇਲਾਵਾ ਕੁਝ ਹੋਰ ਅਜਿਹੀਆਂ ਸ਼ਰਤਾਂ ਹਨ ਜਿਨ੍ਹਾਂ ਨੂੰ ਮੰਨਣਾ ਅਤਿਅੰਤ ਜ਼ਰੂਰੀ ਹੈ, ਜਿਨ੍ਹਾਂ ਦਾ ਵੇਰਵਾ ਅੱਗੋਂ ਚੱਲਕੇ ਕਰਾਂਗੇ। ਜਿਥੋਂ ਤੱਕ 50 ਪ੍ਰਤੀਸ਼ਤ ਦੀਂ ਸਬੰਧ ਹੈ ਜੇਕਰ ਕੁਲ ਖਰਚ $7000 ਹੋਇਆ ਹੋਵੇ, $3500 ਮਾਲਕ ਨੂੰ ਆਪ‹ ਕੱਲੋਂ ਖਰਚਣਾ ਪਵੇਗਾ। ਅਤੇ $3500 ਇਸ ਪਰੋਗਰਾਮ ਦੇ ਅਧੀਨ ਮਿਲ ਸਕੇਗਾ। ਜੇਕਰ ਮਕਾਨ ਮਾਲਕ ਕਿਰਾਏ ਵਾਲੇ ਹਿੱਸੇ ਵਿਚ ਕੋਈ ਖਾਸ ਅਦਲਾ ਬਦਲੀ ਕਰਕੇ ਕਿਸੇ ਬੀਮਾਰ ਵਿਅਕਤੀ ਦੀ ਸਹੂਲੀਅਤ ਲਈ ਮੁਰੰਮਤ ਕਰਨੀ ਚਾਹੁੰਦਾ ਹੋਵੇ ਤਾਂ ਕੁਲ ਕਰਜ਼ਾ $13,000 ਵੀ ਮਿਲ ਸਕਦਾ ਹੈ। ਜਿਸ ਵਿਚੋਂ $6500 ਗਰਾਂਟ ਬਣ ਸਕਦਾ ਹੈ। ਇਹ ਕਰਜ਼ਾ R R A P ਦੇ ਨੀਯਤ ਕੀਤੇ ਖਾਸ ਇਲਾਕੇ ਤੋਂ ਬਾਹਰ ਵੀ ਮਿਲ ਸਕਦਾ ਹੈ। ਪੂਰੇ ਵੇਰਵੇ ਲਈ ਆਪਣੇ ਨੇੜੇ ਦੇ R R A P ਦੇ ਦਫਤਰ ਨੂੰ ਟੈਲੀਫੋਨ ਕਰੋ।

ਬਹੁਤੇ ਟੱਬਰਾਂ(Multifaimly) ਵਾਲੀਆਂ ਇਮਾਰਤਾਂ ਲਈ ਹਰ ਇਕ ਯੂਨਿਟ ਲਈ ਪੂਰੀ ਮੁਰੰਮਤ ਦਾ 50 ਪ੍ਰਤੀਸ਼ਤ ਅਤੇ ਵੱਧ ਵੱਧ ਤੋਂ $3500 ਤੱਕ ਦੀ ਗਰਾਂਟ ਮਿਲ ਸਕਦੀ ਹੈ।

ਇਹ ਗਰਾਂਟ ਲੈਣ ਲਈ :

(ੳ) ਤੁਹਾਡੀ ਆਮਦਨ ਦੇ ਵੱਧ ਜਾਂ ਘੱਟ ਹੋਣ ਦਾ ਕੋਈ ਸਬੰਧ ਨਹੀਂ ਕੇਵਲ ਆਪਣੀ ਰਹਾਇਸ਼ੀ ਯੂਨਿਟ ਲਈ ਗਰਾਂਟ ਲੈਣ ਵਾਸਤੇ ਤੁਹਾਡੀ ਆਪਣੀ ਆਮਦਨ ਦਾ ਸਬੰਧ ਹੈ, ਜਿਸਦਾ ਵੇਰਵਾ ਕੈਨੇਡਾ ਦਰਪਣ ਦੇ ਪਿਛਲੇ ਅੰਕ ਵਿਚ ਹੈ।

(ਅ) ਤੁਹਾਡੀ ਇਮਾਰਤ ਚੁਣੇ ਹੋਏ ਇਲਾਕੇ ਵਿਚ ਹੋਵੇ।

(ੲ) ਜੇਕਰ ਮੁਰੰਮਤ ਕਿਸੇ ਬੀਮਾਰ (disabled) ਨੂੰ ਕਿਰਾਏ ਤੇ ਦੇਣ ਵਾਲੀ ਯੂਨਿਟ ਦੀ ਹੈ ਤਾਂ ਉਪਰ "ਅ" ਵਾਲੀ ਧਾਰਾ ਲਾਗੂ ਨਹੀਂ ਹੁੰਦੀ।

(ਸ) ਹੇਠ ਲਿਖੀ ਮੁਰੰਮਤ ਦੀ ਲੋੜ ਹੋਵੇ।

1. ਘਰ ਦੇ ਬੁਨਿਆਦੀ ਢਾਂਚੇ ਦੀ ਮੁਰੰਮਤ
2. ਬਿਜਲੀ ਦਾ ਕੰਮ
3 ਪਲੰਬਿੰਗ(Plumbing)
4 ਹੀਟਿੰਗ(Heating)
5 ਅੱਗ ਲੱਗਣ ਤੋਂ ਬਚਾਅ ਦੇ ਸਾਧਨ

R R A P ਬਾਰੇ ਹੋਰ ਜਾਣਕਾਰੀ ਬਾਰੇ ਆਪਣੇ ਨੇੜੇ ਦੇ R R A P ਦੇ ਦਫਤਰ ਨੂੰ ਜਾਂ ਆਪਣੇ Realter ਨੂੰ ਫੋਨ ਕਰੋ।

ਹੇਠਾਂ ਅਸੀਂ ਕੁਝ ਹੋਰ ਅਜਿਹੇ ਪਰੋਗਰਾਮਾਂ ਦਾ ਵੇਰਵਾ ਦਿੰਦੇ ਹਾਂ ਜਿਨ੍ਹਾਂ ਬਾਰੇ ਜਾਨਣਾ ਜ਼ਰੂਰੀ ਹੈ :

ਕੈਨੇਡੀਅਨ ਹੋਮ ਇੰਨਸਯੂਲੇਸ਼ਨ ਪਰੋਗਰਾਮ(C.H.I.P)

ਇਸ ਯੋਜਨਾ ਦੇ ਅਧੀਨ ਕੇਵਲ ਇਕ ਵਾਰੀ ਤੁਸੀਂ C.H.I.P ਦੀ ਗਰਾਂਟ ਲੈ ਸਕਦੇ ਹੋ। ਇਕ ਯੂਨਿਟ ਲਈ $350 ਮਟੀਰੀਅਲ ਅਤੇ $150 ਕੁਲ ਮਜ਼ਦੂਰੀ ਦੇ 1/3 ਹਿੱਸੇ ਲਈ ਯਾਨੀ ਕੁਲ $500 ਦੀ ਗਰਾਂਟ ਮਹੁਈਆਂ ਹੈ।

C.H.I.P ਗਰਾਂਟ ਹੇਠ ਲਿਖੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮਿਲ ਸਕਦੀ ਹੈ :

(ੳ) ਐਟਨ, ਕੰਧਾਂ, ਬੇਸਮਿੰਟ ਦੀਆਂ ਕੰਧਾਂ ਅਤੇ ਫਰਸ਼, ਸਿੱਲ ਤੋਂ ਬਚਾਅ ਲਈ ਵਟਵਾਰੇ।

(ਅ) ਕੁਝ ਸਮਾਨ ਲਈ ਜਿਵੇਂ ਕਿ ਠੰਢ ਅਤੇ ਸਿੱਲ ਤੋਂ ਬਚਾਅ ਲਈ ਕੀਤੀਆਂ atlie ਅਤੇ ਹਵਾ ਤੇ ਰੌਸ਼ਨੀ ਦੀ ਆਵਾਜਾਈ ਲਈ ਕੀਤੀਆਂ ਮੁਰੰਮਤਾਂ ਆਦਿ।

ਵਧੇਰੇ ਜਾਣਕਾਰੀ ਲਈ 666-2717 ਤੇ ਫੋਨ ਕਰੋ।

Home Insoulation Loan

ਬੀ. ਸੀ. ਹਾਈਡਰੋ $500 ਤੱਕ ਦਾ ਕਰਜ਼ਾ ਘਰ ਦੀਆਂ ਤਾਕੀਆਂ ਅਤੇ ਘਰ ਦੇ Insoulation ਨੂੰ ਵਧੇਰੇ ਚੰਗਾ ਬਨਾਉਣ ਲਈ ਦਿੰਦੀ ਹੈ। ਇਸ ਕਰਜ਼ੇ ਦਾ ਵਿਆਜ 10% ਅਤੇ ਇਹ 24 ਮਹੀਨੇ ਵਿਚ ਵਾਪਸ ਕਰਨਾ ਹੁੰਦਾ ਹੈ। ਅਸਲ ਵਿਚ ਬਿਜਲੀ ਦੇ ਬਿੱਲ ਵਿਚ ਹੀ ਪੈ ਜਾਂਦਾ ਹੈ।

ਇਸ ਕਰਜ਼ੇ ਲਈ :

—ਤੁਹਾਡਾ ਖਾਤਾ ਬੀ. ਸੀ. ਹਾਈਡਰੋ ਨਾਲ ਹੋਣਾ ਜ਼ਰੂਰੀ ਹੈ।
—ਤੁਸੀਂ ਘਰ ਦੇ ਮਾਲਕ ਹੋਵੋ
—ਤੁਹਾਡਾ ਉਧਰ ਲੈਣ ਦੇਣ (credit) ਠੀਕ ਹੋਵੇ।

FEW SUGGESTIONS FOR IMMIGRATION MINISTER

AMNESTY FOR ILLEGAL IMMIGRANTS

Mr. Tom Sosa, the Chairman of the Immigration and Employment Council, appointed by the Immigration Minister, presented its report to Mr. Lloyd Axworthy on December 8, 1982. This committee has made useful receommendations for solution of this illegal Immigration problem. According to press reports Mr. Axworthy has agreed to give this major problem a serious look and to discus the proposals with officials and organisations. Mr. Lloyd Axworthy is requested to give top priority to the consideration of this major problem and to declare the Government policy on the New years day. He is requested to give a serious thought to the following suggestions.

1. Six years probationary periods is too long. This period should be reduced to three years. There would be no loss to the purpose for which it is provided. This probationary period should expire at the end of December 1985.

2. The immigrants whose cases are cleared at the end of three years term, should be given landed immigrant status with retrospective effect from the date of their application, so that they can become citizens without any loss of time.

3. The report does not mention any thing about those immigrants who entered Canada during the period between July 1, 1982 and Dec. 8, 1982. This will create another class of immigrants, who will be clamouring for justice. There should be no discrimination and all those who entered Canada upto Dec. 8 1982, the date of submission of report, should be considered for the grant of landed immigrant status.

4. There are a number of immigrants, who have not gone illegal upto Dec.8, 1982. Their cases should also be considered along with illegal immigrants, in case they apply for permanant residence.

5. Year 1983 may be reserved for indentification of all the illegal immigrants. Instead of three years period for this purpose, this work may be finalised by the end of Dec. 1983.

ਪੰਜਾਬ ਦੇ ਕਿਸਾਨ 4 ਜਨਵਰੀ ਨੂੰ ਰੋਸ ਮਾਰਚ ਕਰਨਗੇ

ਜਲੰਧਰ:-ਭਾਰਤੀਆ ਕਿਸਾਨ ਸੰਘ ਪੰਜਾਬ ਨੇ ਕਿਸਾਨਾ ਦੀਆਂ ਮੰਗਾਂ ਵੱਲ ਸਰਕਾਰ ਦਾ ਧਿਆਨ ਕੇਂਦਰਤ ਕਰਨ ਲਈ ਰੋਸ ਮਾਰਚ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਸੰਘ ਦੇ ਪ੍ਰਧਾਨ ਸ੍ਰੀ ਰਾਮ ਕ੍ਰਿਸ਼ਨ ਠਾਕਰ ਨੇ ਅੱਜ ਇਥੇ ਦੱਸਿਆ ਕਿ ਇਹ ਮਾਰਚ 4 ਜਨਵਰੀ ਨੂੰ ਮਾਛੀਵਾੜਾ ਤੋਂ ਸ਼ੁਰੂ ਹੋਵੇਗਾ ਤੇ 7 ਜਨਵਰੀ ਨੂੰ ਚੰਡੀਗੜ੍ਹ ਜਾਕੇ ਸਮਾਪਤ ਹੋਵੇਗਾ। ਉਸ ਦਿਨ ਕਿਸਾਨ ਚੰਡੀਗੜ੍ਹ ਸਕੱਤਰੇਤ ਸਾਹਮਣੇ ਧਰਨਾ ਵੀ ਦੇਣਗੇ। ਉਹਨਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੇ ਉਤਪਾਦਨ ਤੇ ਜੋ ਇਕ ਫੀਸਦੀ ਟੈਕਸ ਲਾਇਆ ਹੈ ਇਹ ਅਸਹਿ ਹੈ। ਕਿਸਾਨ ਏਨਾ ਕਰ ਬਰਦਾਸ਼ਤ ਕਰਨ ਦੇ ਯੋਗ ਨਹੀਂ। ਕਿਸਾਨਾਂ ਨੂੰ ਅੱਗੇ ਹੀ ਜਿਨਸ ਦੇ ਭਾਅ ਘੱਟ ਮਿਲ ਰਹੇ ਹਨ। ਉਹਨਾਂ ਮੰਗ ਕੀਤੀ ਹੈ ਕਿ ਇਹ ਟੈਕਸ ਵਾਪਸ ਲਿਆ ਜਾਏ ਤੇ ਗੰਨੇ ਦਾ ਭਾਅ ਹੋਰ ਵਧਾਇਆ ਜਾਏ। ਉਹਨਾਂ ਕਿਹਾ ਕਿ ਇਹ ਪ੍ਰੋਟੈਸਟ ਪੈਦਲ ਯਾਤਰਾ ਸਰਕਾਰ ਦੀ ਕਿਸਾਨ ਵਿਰੋਧੀ ਨੀਤੀ ਵਿਰੁਧ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪਿੰਡਾਂ ਵਿਚ ਪ੍ਰੋਟੈਸਟ ਮੀਟਿੰਗਾਂ ਵੀ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਗੰਨੇ ਦਾ ਭਾਅ ਇਸ ਵਰ੍ਹੇ 20 ਤੋਂ 22 ਰੁਪੈ ਕੁਇੰਟਲ ਦਿਤਾ ਜਾ ਰਿਹਾ ਹੈ ਇਹ ਬਹੁਤ ਥੋੜਾ ਹੈ। ਪਿਛਲੇ ਸਾਲ ਭਾਅ 23 ਰੁਪੈ ਤੋਂ 26 ਰੁਪੈ ਤੱਕ ਸੀ। ਉਹਨਾਂ ਮੰਗ ਕੀਤੀ ਕਿ ਘੱਟੋ ਘੱਟ 28 ਰੁਪੈ ਕੁਇੰਟਲ ਗੰਨੇ ਦਾ ਭਾਅ ਨਿਸਚਿਤ ਕੀਤਾ ਜਾਏ। ਉਹਨਾਂ ਕਿਹਾ ਕਿ ਪਿੰਡਾਂ ਵਿਚ ਰੋਸ ਮੀਟਿੰਗਾਂ ਕੀਤੀਆਂ ਜਾਣਗੀਆਂ। 17 ਜਨਵਰੀ ਨੂੰ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਅੱਗੇ ਧਰਨੇ ਦਿਤੇ ਜਾਣਗੇ।

ਭਾਰਤ ਹੈ ਵਾਂਗ ਮੁੰਦਰੀ
ਵਿਚ ਨਗ ਪੰਜਾਬ ਦਾ।
ਭਾਰਤ ਹੈ ਜੇ ਸ਼ਰਾਬ
ਇਹ ਨਸ਼ਾ ਸ਼ਰਾਬ ਦਾ।

ਆਵਣ ਨੂੰ ਤਾਂ ਜਵਾਨੀਆਂ
ਹਰ ਇਕ 'ਤੇ ਆਉਂਦੀਆਂ
ਪਰ ਹੋਰ ਹੀ ਹਿਸਾਬ ਹੈ
ਸਾਡੇ ਸ਼ਬਾਬ ਦਾ।

ਫਰਨਸ ਦੀ ਬਦਲੀ -

ਇਸ ਯੋਜਨਾ ਅਧੀਨ ਕੁਲ ਮਟੀਰੀਅਲ ਅਤੇ ਮਜ਼ਦੂਰੀ ਵਿਚੋਂ 50 ਪ੍ਰਤੀਸ਼ਤ ਕੁਲ $800 ਤੱਕ ਦੀ ਗਰਾਂਟ ਮਿਲ ਸਕਦੀ ਹੈ। ਯਾਨੀ ਜੇਕਰ ਤੇਲ ਵਾਲੀ ਫਰਨਸ (Oil Furnace) ਨੂੰ ਬਦਲ ਕੇ ਗੈਸ ਜਾਂ ਬਿਜਲੀ ਦੀ ਫਰਨਸ ਲਾਉਣ ਤੇ ਤੁਹਾਡਾ $1600 ਖਰਚ ਆਉਂਦਾ ਹੈ ਤਾਂ ਤੁਹਾਨੂੰ $800 ਦੀ ਗਰਾਂਟ ਮਿਲ ਸਕਦੀ ਹੈ ਇਸੇ ਤਰ੍ਹਾਂ ਤੇਲ ਵਾਲੀ ਫਰਨਸ ਦੇ ਢਾਂਚੇ ਵਿਚ ਕੋਈ ਅਦਲਾ ਬਦਲੀ ਜਾਂ ਕੋਈ ਹੋਰ ਸਾਧਨ ਜੋੜਨ ਲਈ ਜਿਸ ਨਾਲ ਤੇਲ ਦਾ ਖਰਚ ਅੱਧਾ ਰਹਿ ਜਾਏ, ਜਿਨਾਂ ਖਰਚ ਆਉਂਦਾ ਹੈ ਉਸਦੇ ਅੱਧੇ ਪੈਸੇ ਗਰਾਂਟ ਵਜੋਂ ਮਿਲ ਸਕਦੇ ਹਨ। ਉਦਾਹਰਣ ਦੇ ਤੌਰ ਤੇ ਲੱਕੜੀ ਦਾ ਸਟੋਸ ਜਾਂ ਹੀਟ ਪੰਪ (Adding wood stove or heat pump).

ਵਧੇਰੇ ਜਾਣਕਾਰੀ ਲਈ ਬੀ. ਸੀ. ਹਾਈਡਰੋ ਨੂੰ ਫੋਨ ਕਰੋ।

ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਅੱਠਵੀਂ ਸਲਾਨਾ ਕਨਵੈਂਨਸ਼ਨ

ਵੈਨਕੂਵਰ:—ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਸੂਚਨਾ ਅਨੁਸਾਰ 1000 ਤੋਂ ਉਪਰ ਲੋਕ ਹਾਜਰ ਸਨ। ਇਹ ਕਨਵੈਨਸ਼ਨ ਦੇਸ਼ ਭਗਤ ਟੈਂਪਲ, 5880 ਮੇਨ ਸਟਰੀਟ ਤੇ ਹੋਈ। ਪ੍ਰੋਗਰਾਮ 4 ਵਜੇ ਸ਼ਾਮ ਤੋਂ 12 ਵਜੇ ਰਾਤ ਤੱਕ ਚੱਲਿਆ। ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਬਿਆਨ ਰਖੇ। ਲੋਕਾਂ ਨਾਲ ਭਰੇ ਹੋਏ ਹਾਲ ਵਿਚ ਹੇਠ ਲਿਖੇ ਮਤੇ ਪ੍ਰਵਾਨ ਕੀਤੇ ਗਏ।

ਮਤੇ:—

1. ਈਸਟ ਇੰਡੀਅਨ ਡੀਫੈਂਸ ਕਮੇਟੀ ਦਾ ਸਮੁੱਚਾ ਕੰਮ ਜਮਹੂਰੀ ਹੱਕਾਂ ਲਈ ਘੋਲ ਕਰਨਾ, ਨਸਲੀ ਵਿਤਕਰੇ ਅਤੇ ਜ਼ੁਲਮ ਵਿਰੁਧ, ਸਾਮਰਾਜੀ ਜੰਗ ਦੇ ਖਤਰੇ ਅਤੇ ਫਾਸ਼ੀਵਾਦ ਵਿਰੁਧ ਘੋਲ ਕਰਨਾ, ਅਤੇ ਅਮਰੀਕੀ ਸਾਮਰਾਜੀ ਦਬਾ ਵਿਰੁਧ ਕਨੇਡੀਅਨ ਲੋਕਾਂ ਦੇ ਕੌਮੀ ਖੁਦ ਮੁਖਤਾਰੀ ਦੇ ਘੋਲ ਦੀ ਹਮਾਇਤ ਕਰਨਾ, ਅਤੇ ਦ੍ਰਿੜਤਾ ਨਾਲ ਹਿੰਦੋਸਤਾਨ ਦੇ ਲੋਕਾਂ ਦੇ ਸਰਮਾਏਦਾਰਾਂ, ਸਾਮਰਾਜੀ ਅਤੇ ਰਜਵਾੜਾ ਸ਼ਾਹੀ ਲੁੱਟ ਖਸੁਟ ਅਤੇ ਦਬਾ ਵਿਰੁਧ ਘੋਲ ਦੀ ਹਮਾਇਤ ਕਰਨਾ ਅਤੇ ਸਭ ਦੇਸ਼ਾਂ ਦੇ ਅਜ਼ਾਦੀ ਅਤੇ ਉਨਤੀ ਲਈ ਘੋਲ ਕਰਦੇ ਲੋਕਾਂ ਦੀ ਹਮਾਇਤ ਕਰਨਾ ਹੈ।ਈਸਟ ਇੰਡੀਅਨ ਡੀਫੈਂਸ ਕਮੇਟੀ ਨੇ ਮਜ਼ਦੂਰਾਂ ਦੇ ਸਿਆਸੀ ਅਤੇ ਆਰਥਿਕ ਹੱਕਾਂ ਦੀ ਰਾਖੀ ਵਿਚ ਕਈ ਸਰਗਰਮੀਆਂ ਜਥੇਬੰਦ ਕੀਤੀਆਂ ਹਨ। ਇਹ ਮਜ਼ਦੂਰਾਂ ਦੀਆਂ ਹੋਰ ਜਥੇਬੰਦੀਆਂ ਨਾਲ ਇਕ ਮੁਠ ਹੋਈ ਅਤੇ ਉਨ੍ਹਾਂ ਨਾਲ ਮਿਲ ਕੇ, ਜਿਵੇਂ ਕਿ ਰੈਵੋਲਿਉਸ਼ਨਰੀ ਟਰੇਡ ਯੂਨੀਅਨ ਆਪੋਜ਼ੀਸ਼ਨ ਆਫ ਕੈਨੇਡਾ ਅਤੇ ਲਗਾਤਾਰ ਮਜ਼ਦੂਰ ਰਈਸ ਸ਼ਾਹੀ ਦੀ ਗਦਾਰੀ ਅਤੇ ਵਿਸ਼ਵਾਸ਼ ਘਾਤ ਦਾ ਵਿਰੋਧ ਕੀਤਾ। ਈਸਟ ਇੰਡੀਅਨ ਡੀਫੈਂਸ ਕਮੇਟੀ, ਮਜ਼ਦੂਰ ਜਮਾਤ ਦੀਆਂ ਜਥੇਬੰਦੀਆਂ ਅਤੇ ਖਾੜਕੂ ਮਜ਼ਦੂਰਾਂ ਦੇ ਉਦੇਸ਼ ਦੀ ਪੂਰਤੀ ਲਈ ਖਾੜਕੂ ਢੰਗ ਨਾਲ ਕੰਮ ਕਰੇਗੀ। ਬੀ. ਸੀ. ਵਿਚ ਪ੍ਰਾਂਤਕ ਪੱਧਰ ਉਤੇ ਵਰਕਰਜ਼ ਡੀਫੈਂਸ ਕਮੇਨੀ ਸਥਾਪਤ ਕਰਨ ਲਈ ਅਤੇ ਹੋਰ ਇਲਾਕਿਆਂ ਵਿਚ ਅਜਿਹੇ ਕੰਮ ਦੀ ਹਮਾਇਤ ਕਰੇਗੀ। ਈਸਟ ਇੰਡੀਅਨ ਡੀਫੈਂਸ ਕਮੇਟੀ ਜੈਨਰਲ ਫਾਰਮ ਐਂਡ ਐਲਾਈਡ ਵਰਕਰਜ਼ ਯੂਨੀਅਨ ਦੀ ਹਮਾਇਤ ਕਰਦੀ ਰਹੇਗੀ।

2. ਇਮੀਗਰੇਸ਼ਨ ਮਹਿਕਮੇ ਵਲੋਂ ਲੋਕਾਂ ਉਪਰ ਹਮਲੇ ਹੋਰ ਤੇਜ਼ ਹੋਏ ਹਨ ਜਿਸ ਵਿਚ ਹਿੰਦੋਸਤਾਨੀਆਂ ਦੇ ਸ਼ਹਿਰੀਆਂ ਵਾਸਤੇ ਵੀਜ਼ੇ ਦੀ ਲੋੜ ਵੀ ਸ਼ਾਮਲ ਹੈ, ਜੋ ਕੈਨੇਡਾ ਕਿਸੇ ਨੂੰ ਮਿਲਣ ਲਈ ਆਉਣਾ ਚਾਹੁੰਦੇ ਹਨ ਅਤੇ ਸੈਂਕੜੇ ਹੀ ਕੇਸ ਜਿਥੁ ਪਰਵਾਰਾਂ ਵਿਚ ਗੜਬੜ ਕੀਤੀ ਜਾ ਜਹੀ ਹੈ, ਪਤੀਆਂ ਅਤੇ ਪਤਨੀਆਂ ਨੂੰ ਇਕ ਦੂਜੇ ਤੋਂ ਵੱਖ ਵੱਖ ਰੱਖਿਆ ਜਾ ਰਿਹਾ ਹੈ ਜਾਂ ਇਨਾਂ ਦੀਆਂ ਅਰਜ਼ੀਆਂ ਸਾਲਾਂ ਭਰ ਰੁਲਦੀਆਂ ਹਨ। ਇਮੀਗਰੈਂਟਾਂ ਤੋਂ ਲੱਖਾਂ ਡਾਲਰ ਚੋਰੀ ਕੀਤੇ ਜਾ ਰਹੇ ਹਨ ਜਿਨਾਂ ਨੂੰ ਬਹੁਤ ਮਹਿੰਗੇ ਵਕੀਲ ਕਰਨੇ ਪੈਂਦੇ ਹਨ, ਸਿਰਫ ਇਸ ਕਰਕੇ ਕਿ ਇਮੀਗਰੇਸ਼ਨ ਮਹਿਕਮਾਂ ਉਨਾਂ ਨਾਲ ਵਿਤਕਰਾ ਕਰਦਾ ਹੈ।ਈਸਟ ਿਡੀਅਨ ਡੀਫੈਂਸ ਕਮੇਟੀ ਰਾਜ ਦੇ ਇਨਾਂ ਹਮਲਿਆਂ ਦੀ ਨਿਖੇਧੀ ਕਰਦੀ ਹੈ ਅਤੇ ਦ੍ਰਿੜਤਾ ਨਾਲ ਫੈਸਲਾ ਕਰਦੀ ਹੈ ਕਿ ਇਹ ਲੋਕਾਂ ਦੇ ਜਮਹੂਰੀ ਹਕਾਂ ਲਈ ਸਿਰੇ ਤਕ ਘੋਲ ਕਰੇਗੀ।

3. ਸੰਕਟ ਦੇ ਡੂੰਘੇ ਅਤੇ ਵਿਸ਼ਾਲ ਹੋਣ ਨੇ, ਜਿਸ ਦੀ ਜੜ੍ਹ ਆਰਥਿਕ ਸੰਕਟ ਹੈ, ਫਿਰਕਾ ਪ੍ਰਸਤਾਂ, ਅਤੇ ਸੋਧਵਾਦੀਆਂ ਅਤੇ ਮੌਕਾ ਪ੍ਰਸਤਾਂ ਦੇ ਜਨੂੰਨ ਅਤੇ ਸਨਕੀ ਪੁਣੇ ਵਿਚ ਵੀ ਵਾਧਾ ਕੀਤਾ ਹੈ, ਜਿੰਨਾਂ ਦਾ ਬੁਰਜਵਾਜ਼ੀ ਅਤੇ ਪਿਛਾਖੜ ਨਾਲ ਮੇਲ ਨੰਗਾ ਹੋ ਗਿਆ ਹੈ। ਇਨ੍ਹਾਂ ਦੇ ਭੇਦ ਕਮੀਨੇ ਅਤੇ ਮਾਯੂਸ ਲੱਛਣ ਅਜਿਹੇ ਹਨ ਕਿ ਇਹ ਆਪੋ ਵਿਚ ਹਥਿਆਰ ਬੰਦ ਹਿੰਸਾ ਉਤੇ ਉਤਰ ਆਏ ਹਨ।ਟਰਾਂਟੋ ਵਿਚ ਸ਼ਰੇਆਮ ਗੋਲੀ ਚਲਾਉਣ ਦੀਆਂ ਦੋ ਵਾਰਦਾਤਾਂ ਹੋ ਚੁਕੀਆਂ ਹਨ। ਜਿੰਨਾਂ ਦੀ ਨਿਸ਼ਾਨਾਂ ਦੁਸ਼ਮਣ ਅਤੇ ਪਿਛਾਖੜ ਦੀ ਸੇਵਾ ਵਿਚ ਲੋਕਾਂ ਦੀਆਂ ਸਫਾਂ ਵਿਚ ਫੁੱਟ ਪਾਉਣਾ ਹੈ। ਈਸਟ ਇੰਡੀਅਨ ਡੀਫੈਂਸ ਕਮੇਟੀ ਫਿਰਕਾ ਪ੍ਰਸਤਾਂ ਅਤੇ ਸੋਧਵਾਦੀਆਂ ਅਤੇ ਮੌਕਾ ਪ੍ਰਸਤਾਂ ਦੀਆਂ ਗੁੰਡਾ ਗਰਦ ਕਰਤੂਤਾਂ ਦਾ ਨਿਖੇਧ ਕਰਦੀ ਹੈ ਅਤੇ ਇਨਾਂ ਵਿਰੁਧ ਘੋਲ ਨੂੰ ਸਿਰੇ ਚੜਾਉਣ ਦਾ ਦ੍ਰਿੜ ਫੈਸਲਾ ਕਰਦੀ ਹੈ।

4. ਈਸਟ ਇੰਡੀਅਨ ਡੀਫੈਂਸ ਕਮੇਟੀ, ਨੇੜੇ ਦੇ ਤੌਰ ਤੇ ਰੈਵੋਲਿਉਸ਼ਨਰੀ ਟਰੇਡ ਯੂਨੀਅਨ ਆਪੋਜ਼ੀਸ਼ਨ, ਡੈਮੋਕਰੇਟਿਕ ਵਿਮਿਨਜ਼ ਯੂਨੀਅਨ ਤੇ ਹੋਰ ਮਾਸ ਜਥੇਬੰਦੀਆਂ ਨਾਲ ਕੰਮ ਕਰਦੀ ਰਹੇਗੀ ਅਤੇ ਇਹ ਕੈਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੀ ਇਸਦੀ ਅਣਥੱਕ, ਖਾੜਕੂ, ਅਤੇ ਸਵੈ-ਕੁਰਬਾਨੀ ਭਰੀ ਅਗਵਾਈ ਕਰਕੇ ਧੰਨਵਾਦ ਕਰਦੀ ਹੈ। ਈਸਟ ਇੰਡੀਅਨ ਡੀਫੈਂਸ ਕੋਮੇਟੀ, ਜ਼ੋਰਦਾਰ ਢੰਗ ਨਾਲ ਜਮਹੂਰ ਪਸੰਦ ਅਤੇ ਸਾਮਰਾਜ—ਵਿਰੋਧੀ ਮੋਰਚੇ ਵਿਚ ਹਿਸਾ ਲੈਂਦੀ ਰਹੇਗੀ

5. ਈਸਟ ਇੰਡੀਅਨ ਡੀਫੈਂਸ ਕਮੇਟੀ, ਬਹੁਤ ਗੁੱਸੇ ਨਾਲ ਹਿੰਦੋਸਤਾਨ ਦੀ ਬੁਰਜਵਾਜ਼ੀ ਵਲੋਂ ਅਤੇ ਸਾਮਰਾਜ ਅਤੇ ਸਮਾਜਕ ਸਾਮਰਾਜ ਵਲੋਂ ਫਿਰਕਾ ਪ੍ਰਸਤੀ ਦੀ ਅੱਗ ਨੂੰ ਭੜਕਾਉਣ ਦੀ ਨਿਖੇਧੀ ਕਰਦੀ ਹੈ।ਈਸਟ ਇੰਡੀਅਨ ਡੀਫੈਂਸ ਕਮੇਟੀ, ਪਿਛਾਂਹ ਖਿਚੂ ਸਿੱਖਾਂ ਦੀ "ਆਨੰਦਪੁਰ ਡੈਕਲੇਰੇਸ਼ਨ" ਦੀ ਵੀ ਨਿਖੇਧੀ ਕਰਦੀ ਹੈ ਜੋ ਇਹ ਵਿਖਾਉਂਦਾ ਹੈ ਕਿ ਇਹ ਫਿਰਕਾ ਪ੍ਰਸਤ, ਹਿੰਦੂ ਤੇ ਮੁਸਲਿਮ ਫਿਰਕਾਂ ਪ੍ਰਸਤਾਂ ਨਾਲ ਮਿਲਕੇ ਪੰਜਾਬੀਆਂ ਦੇ ਕਾਤਲ ਹਨ, ਜਿਨਾਂ ਨੇ ਤਲਵਾਰਾਂ ਨਾਲ ਸਾਡੀ ਪੰਜਾਬੀ ਕੌਮ ਵਿਚ ਵੰਡੀਆਂ ਪਾਈਆਂ। ਈਸਟ ਇੰਡੀਅਨ ਡੀਫੈਂਸ ਕਮੇਟੀ ਇਹਨਾਂ ਫਿਰਕਾ ਪ੍ਰਸਤਾਂ ਦੀ ਨਿਖੇਧੀ ਕਰਦੀ ਹੈ ਅਤੇ ਸਾਂਝੇ ਦੁਸ਼ਮਣ ਵਿਰੁਧ ਸਹੀ ਅਜ਼ਾਦੀ ਅਤੇ ਉਨਤੀ ਲਈ ਘੋਲ ਜਾਰੀ ਰੱਖਣ ਦਾ ਫੈਸਲਾ ਕਰਦੀ।

6. ਈਸਟ ਇੰਡੀਅਨ ਡੀਫੈਂਸ ਕਮੇਟੀ ਆਪਣੇ ਹੱਕਾਂ ਲਈ ਜੂਝ ਰਹੇ ਫਲਸਤੀਨੀ ਲੋਕਾਂ ਦੀ ਜਦੋ ਜਹਿਦ ਦੀ ਪੁਰਜ਼ੋਰ ਹਮਾਇਤ ਕਰਦੀ ਹੈ ਅਤੇ ਲਿਬਨਾਨ ਵਿਚੋਂ ਸਾਮਰਾਜੀ ਫੌਜਾਂ ਦਾ ਤੁਰੰਤ ਨਿਕਾਲਾ ਚਾਹੁੰਦੀ ਹੈ।

7. ਈਸਟ ਇੰਡੀਅਨ ਡੀਫੈਂਸ ਕਮੇਟੀ ਅਫਗਾਨਿਸਤਾਨ ਵਿਚ ਰੂਸੀ ਫੌਜਾਂ ਦਾ ਅਫਗਾਨਿਸਤਾਨ ਤੇ ਕਬਜੇ ਦੀ ਨਿਖੇਧੀ ਕਰਦੀ ਹੈ।

8. ਈਸਟ ਇੰਡੀਅਨ ਡੀਫੈਂਸ ਕਮੇਟੀ ਹਿੰਦੋਸਤਾਨ ਦੇ ਮਜ਼ਦੂਰਾਂ ਦੀ ਆਪਣੇ ਹੱਕਾਂ ਲਈ ਲੜ ਰਹੇ ਘੋਲ ਦੀ ਜ਼ੋਰਦਾਰ ਹਮਾਇਤ ਕਰਦੀ ਹੈ।

ਬਰਜਿੰਦਰ ਕਾਲਜ ਹਾਕੀ 'ਚ ਜੇਤੂ ਰਿਹਾ

ਪਟਿਆਲਾ:—ਗੌਰਮਿੰਟ ਬਰਜਿੰਦਰਾ ਕਾਲਜ, ਫਰੀਦਕੋਟ ਨੇ 5 ਅੰਕ ਬਣਾ ਕੇ ਪੰਜਾਬੀ ਯੂਨੀਵਰਸਿਟੀ ਅੰਤਰ-ਕਾਲਜ ਹਾਕੀ ਚੈਂਪੀਅਨਸ਼ਿਪ ਜਿੱਤ ਲਈ ਹੈ।

ਗੌਰਮਿੰਟ ਮਹਿੰਦਰਾ ਕਾਲਜ, ਪਟਿਆਲਾ ਦੀ ਟੀਮ 4 ਅੰਕਾਂ ਨਾਲ ਦੂਸਰੇ ਸਥਾਨ 'ਤੇ ਅਤੇ ਗੌਰਮਿੰਟ ਰਣਬੀਰ ਕਾਲਜ, ਸੰਗਰੂਰ ਦੀ ਟੀਮ ਤਿੰਨ ਅੰਕਾਂ ਨਾਲ ਤੀਸਰੇ ਸਥਾਨ 'ਤੇ ਰਹੀਆਂ ਹਨ।

ਗੁਰਦੁਆਰਾ ਸਾਹਿਬ ਐਬਸਫੋਰਡ ਦਾ

ਉਦਘਾਟਨ

ਸ਼ਨਿਚਰਵਾਰ ਪਹਿਲੀ ਜਨਵਰੀ, 1983 ਨੂੰ ਸਵੇਰੇ ਦਸ ਵਜੇ

ਗੁਰੂ ਦੀ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫ਼ਤਿਹ।

ਸਮੂਹ ਸੰਗਤ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਐਬਸਫੋਰਡ ਦੀ ਨਵੀਂ ਇਮਾਰਤ ਦਾ ਉਦਘਾਟਨ ਨਵੇਂ ਸਾਲ ਪਹਿਲੀ ਜਨਵਰੀ, 1983 ਨੂੰ ਸਵੇਰੇ ਦਸ ਵਜੇ ਦਿਨ ਸ਼ਨਿਚਰਵਾਰ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਪੁਰਾਣੇ ਗੁਰੂ ਘਰ ਤੋਂ ਸਵੇਰੇ ਨੌ ਵਜੇ ਤੁਰੇਗੀ ਤੇ ਨਵੇਂ ਗੁਰੂ ਘਰ ਵਿਚ ਦਸ ਵਜੇ ਪਾਵਨ ਬੀੜ ਦੇ ਪਹੁੰਚਣ ਤੇ ਰਿਬਨ ਕੱਟਣ ਦੀ ਰਸਮ ਅਦਾ ਹੋਵੇਗੀ।

ਸ੍ਰੀ ਅਖੰਡ ਪਾਠ ਦਾ ਆਰੰਭ ਹੋਵੇਗਾ। ਸਾਢੇ ਦਸ ਵਜੇ ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਹੋਵੇਗੀ। ਤੇ ਧਾਰਮਿਕ ਦੀਵਾਨ ਸਜੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਵਸ ਤੇ ਗੁਰਪੁਰਬ ਦਾ ਭੋਗ 3 ਜਨਵਰੀ ਸੋਮਵਾਰ ਸਾਢੇ ਦਸ ਵਜੇ ਪਵੇਗਾ।ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਤੇ ਧਾਰਮਿਕ ਦੀਵਾਨ ਸਜੇਗਾ।

ਪ੍ਰੋਗਰਾਮ :

ਸ਼ਨਿਚਰਵਾਰ 1 ਜਨਵਰੀ 1983 :ਨੌਂ ਵਜੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ
ਪੁਰਾਣੇ ਗੁਰੂ ਘਰ ਤੋਂ ਨਵੇਂ ਗੁਰੂ ਘਰ ਚਲੇਗੀ।
ਦਸ ਵਜੇ ਉਦਘਾਟਨੀ ਰਸਮ ਹੋਵੇਗੀ।
ਸਾਢੇ ਦਸ ਵਜੇ ਨਿਸ਼ਾਨ ਸਾਹਿਬ ਝੁਲਾਏ ਜਾਣਗੇ।
ਅਖੰਡ ਪਾਠ ਅਰੰਭ ਹੋਣਗੇ। ਦੀਵਾਨ ਸਜੇਗਾ।

ਸੋਮਵਾਰ 3 ਜਨਵਰੀ 1983 :ਸ੍ਰੀ ਗੁਰੂ ਗੋਬਿਦ ਸਿੰਘ ਜੀ ਦੇ ਆਗਮਨ ਦਾ ਗੁਰਪੁਰਬ
ਭੋਗ ਸਾਢੇ ਦਸ ਵਜੇ ਪਵੇਗਾ ਤੇ ਦੀਵਾਨ ਸਜੇਗਾ। ਗੁਰੂ ਕਾ
ਲੰਗਰ ਚਲੇਗਾ।

ਸੰਗਤਾਂ ਦੇ ਸੇਵਾਦਾਰ
ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ
33089, ਸਾਊਥ ਫਰੇਜ਼ਰਵੇਅ,
ਐਬਸਫੋਰਡ-ਬੀ. ਸੀ.
ਫ਼ੋਨ 859-5665

ੴ ਸਤਿਗੁਰ ਪ੍ਰਸਾਦਿ

ਗੁਰੂ ਨਾਨਕ ਸਿੱਖ ਗੁਰਦੁਆਰਾ, ਡੈਲਟਾ ਸਰੀ, ਬੀ. ਸੀ. ਕੈਨੇਡਾ

GURU NANAK SIKH TEMPLE

7050 120th Street
Surrey, B.C. Canada. V3W 3M8

ਨਵੇਂ ਸਾਲ 1983 ਦੀ ਖੁਸ਼ੀ ਵਿਚ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ ਸਰੀ ਵਿਖੇ ਮਹਾਨ ਕੀਰਤਨ ਦਰਬਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫ਼ਤਿਹ ।

ਸੰਗਤਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸੰਗਤਾਂ ਦੇ ਉਤਸ਼ਾਹ ਨੂੰ ਮੁੱਖ ਰੱਖਦੇ ਹੋਏ ਗੁਰੂ ਨਾਨਕ ਸਿੱਖ ਟੈਂਪਲ ਡੈਲਟਾ ਸਰੀ ਦੇ ਸੇਵਾਦਾਰਾਂ ਅਤੇ ਸੰਗਤ ਨੇ ਨਵੇਂ ਸਾਲ (New Year Eve) ਦੇ ਆਗਮਨ ਦੀ ਖੁਸ਼ੀ ਵਿਚ ਮਹਾਨ ਕੀਰਤਨ ਦਰਬਾਰ ਸਜਾਉਣ ਦਾ ਯਤਨ ਕੀਤਾ ਹੈ ਜੋ ਕਿ ਹਰ ਸਾਲ ਮਨਾਇਆ ਜਾਵੇਗਾ । ਜਿਸ ਵਿਚ ਭਾਰਤ ਤੋਂ ਆਏ ਹੋਏ ਮਹਾਨ ਕੀਰਤਨੀ ਜੱਥੇ ਅਤੇ ਸਥਾਨਕ ਜੱਥੇ ਭਾਗ ਲੈਣਗੇ ।

ਸੰਗਤਾਂ ਨਵੇਂ ਸਾਲ ਨੂੰ ਗੁਰੂ ਸਾਹਿਬਾਨ ਦੀ ਓਟ ਅਤੇ ਆਸਰਾ ਲੈਂਦੇ ਹੋਏ ਅਰਦਾਸਾ ਕਰਨਗੀਆਂ ਕਿ ਅਕਾਲ ਪੁਰਖ ਵਾਹਿਗੁਰੂ, ਨਵਾਂ ਸਾਲ ਸਮੁੱਚੇ ਤੌਰ ਤੇ ਸਿੱਖ ਕੌਮ ਅਤੇ ਸਰਬੱਤ ਦੇ ਭਲੇ ਵਾਲਾ ਚੜ੍ਹੇ ।

ਕੀਰਤਨ ਦਰਬਾਰ 31 ਦਸੰਬਰ,1982 ਨੂੰ 7 ਵਜੇ ਸ਼ਾਮ ਨੂੰ ਆਰੰਭ ਹੋਵੇਗਾ ਅਤੇ ਨਵਾਂ ਸਾਲ ਜੈਕਾਰਿਆਂ ਦੀ ਗੂੰਜ ਵਿਚ ਸੁੱਖਾਂ ਦੇ ਸੰਦੇਸ਼ ਲੈ ਕੇ ਆਵੇਗਾ । ਉਸ ਤੋਂ ਉਪਰੰਤ ਅਰਦਾਸ ਅਤੇ ਸਮਾਪਤੀ ਹੋਵੇਗੀ । ਏਸੇ ਖੁਸ਼ੀ ਵਿਚ ਸੰਗਤਾਂ ਵਲੋਂ 31 ਦਸੰਬਰ, 1982 ਦਿਨ ਸ਼ੁਕਰਵਾਰ,ਨੂੰ ਅਕਾਲੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਆਰੰਭ ਹੋਣਗੇ ਜਿਸ ਦਾ ਭੋਗ 2 ਜਨਵਰੀ, 1983 ਦਿਨ ਐਤਵਾਰ ਨੂੰ ਪਵੇਗਾ । ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਚੱਲੇਗਾ ।

ਇਸ ਸਾਰੇ ਜੋੜ ਮੇਲੇ ਦੀ ਸੇਵਾ ਗੁਰੂ ਘਰ ਦੇ ਪਰੀਤਵਾਨ ਡਾਕਟਰ ਸੱਚਦੇਵਾ ਅਤੇ ਸਾਰੇ ਪ੍ਰਵਾਰ ਵਲੋਂ ਕੀਤੀ ਜਾਵੇਗੀ ।

ਨੋਟ:— ਲੋਕਲ ਕੀਰਤਨੀ ਸੱਜਨ ਅਤੇ ਜੱਥਿਆਂ ਅੱਗੇ ਬੇਨਤੀ ਹੈ ਕਿ ਸਮੇਂ ਸਿਰ ਆਪਣਾ ਨਾਮ ਦਰਜ ਕਰਵਾ ਦੇਣ ਤਾਂ ਕਿ ਟਾਈਮ ਦੀ ਸਹੀ ਵੰਡ ਹੋ ਸਕੇ ।

ਸੰਗਤਾਂ ਦੇ ਦਾਸ :
ਸੇਵਾਦਾਰ
ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ

"ਅਕਾਲੀ ਦਲ ਦੇ ਵਿਧਾਨ 'ਚ ਵੱਖਵਾਦ ਲਈ ਕੋਈ ਥਾਂ ਨਹੀਂ"

ਧਾਰੀਵਾਲ:—ਪੰਜਾਬ ਦੇ ਸਾਬਕਾ ਵਿਤ ਮੰਤਰੀ ਸ੍ਰੀ ਬਲਵੰਤ ਸਿੰਘ ਨੇ ਕਿਹਾ ਹੈ ਕਿ ਦਲ ਦੇ ਵਿਧਾਨ ਨੇ ਕਦੇ ਵੀ ਵੱਖਵਾਦੀ ਵਿਚਾਰਧਾਰਾ ਨੂੰ ਪ੍ਰਵਾਨ ਨਹੀਂ ਕੀਤਾ। ਉਨਾਂ ਕਿਹਾ ਕਿ ਕੁਝ ਲੋਕ ਅਕਾਲੀ ਦਲ ਉਤੇ ਵੱਖਵਾਦ ਦਾ ਦੋਸ਼ ਲਾਕੇ ਕੇਂਦਰ ਅਤੇ ਦਲ ਵਿਚਕਾਰ ਚਲ ਰਹੀ ਗੱਲਬਾਤ ਨੂੰ ਤਾਰਪੀਡੋ ਕਰਨਾ ਚਾਹੁੰਦੇ ਹਨ। ਉਹ ਆਪਣੀਆਂ ਗੱਦੀਆਂ ਉਤੇ ਟਿਕੇ ਰਹਿਣ ਲਈ ਪੰਜਾਬ ਦੇ ਮਸਲੇ ਨੂੰ ਵੀ ਅਸਾਮ ਵਾਂਗ ਹੀ ਲਟਕਾਈ ਰੱਖਣਾ ਚਾਹੁੰਦੇ ਹਨ।

ਉਨਾਂ ਕਿਹਾ ਕਿ ਸਾਬਕਾ ਰੱਖਿਆ ਮੰਤਰੀ ਸ੍ਰੀ ਸਵਰਨ ਸਿੰਘ ਪੰਜਾਬ ਦਿਆਂ ਮਸਲਿਆਂ ਨੂੰ ਚੰਗੀ ਤਰਾਂ ਸਮਝਦੇ ਹਨ ਅਤੇ ਮਸਲੇ ਦੇ ਹੱਲ ਲਈ ਮੁੜ ਸਰਗਰਮ ਹੋ ਗਏ ਹਨ।

ਸਾਬਕਾ ਵਿਤ ਮੰਤਰੀ ਨੇ ਕਿਹਾ ਕਿ ਦਲ ਦਾ ਲੋਕ ਰਾਜ ਵਿਚ ਪੱਕਾ ਵਿਸ਼ਵਾਸ ਹੈ।

ਮਾਰਕਫੈੱਡ ਨੂੰ 8 ਕਰੋੜ ਦੇ ਵਿਦੇਸ਼ੀ ਆਰਡਰ

ਫਿਰੋਜ਼ਪੁਰ:—ਪੰਜਾਬ ਮਾਰਕਫੈੱਡ ਨੇ ਫਰਾਂਸ, ਜਪਾਨ, ਇੰਗਲੈਂਡ, ਫਿਲਪੀਨ, ਅਮਰੀਕਾ ਤੇ ਹਾਂਗਕਾਂਗ ਨੂੰ ਲਗਭਗ 8 ਕਰੋੜ ਰੁਪਏ ਦਾ ਮਾਲ ਸਪਲਾਈ ਕਰਨ ਦੇ ਆਰਡਰ ਹਾਸਲ ਕੀਤੇ ਹਨ।

ਇਹ ਜਾਣਕਾਰੀ ਜ਼ੀਰਾ ਵਿਖੇ ਮਾਰਕਫੈੱਡ ਦੇ ਚੇਅਰਮੈਨ ਹਰਚਰਨ ਸਿੰਘ ਹੀਰੋ ਨੇ ਦਿਤੀ।

ਪੰਜਾਬੀ ਗਾਇਕੀ ਦਾ ਇਕ ਚਿਰਾਗ ਬੁਝ ਗਿਆ

ਚੰਡੀਗੜ੍ਹ—ਪੰਜਾਬੀ ਦੀ ਲੋਕ ਗਾਇਕਾ ਸ੍ਰੀਮਤੀ ਨੂਰਾਂ ਦਾ ਜਲੰਧਰ ਵਿਚ ਦਿਹਾਂਤ ਹੋਣ ਕਾਰਨ ਪੰਜਾਬੀ ਲੋਕ ਗਾਇਕ ਦਾ ਇਕ ਚਿਰਾਗ ਬੁਝ ਗਿਆ। 65 ਵਰ੍ਹਿਆਂ ਦੀ ਨੂਰਾਂ ਪਿਛਲੇ ਕੁਝ ਅਰਸੇ ਤੋਂ ਬਿਮਾਰ ਚਲੀ ਆ ਰਹੀ ਸੀ।

ਭਾਵੇਂ ਨੂਰਾਂ ਕੋਲ ਰੰਗਲੇ ਬਚਪਨ ਜਾਂ ਉਸਤੋਂ ਬਾਅਦ ਦੀ ਜ਼ਿੰਦਗੀ ਦੌਰਾਨ ਮਾਣ ਕਰਨ ਯੋਗ ਵਾਲੀ ਕੋਈ ਦੁਨਿਆਵੀ ਪ੍ਰਾਪਤੀ ਨਹੀ ਸੀ ਪਰ ਸੰਗੀਤ ਉਸਨੂੰ ਗੁੜ੍ਹਤੀ ਵਿਚ ਮਿਲਿਆ। ਇਸੇ ਸੰਗੀਤ ਤੇ ਪੁਰਸੋਜ਼ ਅਵਾਜ਼ ਨੇ ਨੂਰਾਂ ਲਈ ਇਕ ਨਵੀਂ ਦੁਨੀਆਂ ਦਾ ਰਾਹ ਖੋਲਿਆ। ਇਹ ਉਸਦੀ ਅਵਾਜ਼ ਦਾ ਇਕ ਜਾਦੂ ਹੀ ਸੀ। ਜਿਸ ਸਦਕਾ ਇਸ ਅੱਤ ਗਰੀਬੀ ਵਾਲਾ ਜੀਵਨ ਬਤੀਤ ਕਰਦੀ ਔਰਤ ਜਿਸ ਕੋਲ ਰੰਗ ਰੂਪ ਨਾਂ ਦੀ ਕੋਈ ਚੀਜ਼ ਨਹੀਂ ਤੇ ਜਿਸਨੂੰ ਅਖੌਤੀ ਸਮਾਜੀ ਵਰਤਾਰੇ ਦੇ ਢੰਗ ਤਰੀਕੇ ਵੀ ਨਹੀਂ ਆਉਂਦੇ ਸਨ, ਨੂੰ ਸਤਿਕਾਰ ਵਜੋਂ "ਬੀਬੀ ਨੂਰਾਂ" ਕਰਕੇ ਸੱਦਿਆ ਜਾਣ ਲੱਗਾ।

ਉਸਦੇ ਚਾਰ ਪੁੱਤਾਂ ਤੇ ਚਾਰ ਧੀਆਂ ਵਿਚੋਂ ਕੇਵਲ ਇਕ ਧੀ ਸੋਧਾਂ ਨੂੰ ਹੀ ਆਪਣੀ ਮਾਂ ਵਰਗੀ ਅਵਾਜ਼ ਨਸੀਬ ਹੋਈ ਹੈ। ਪਾਕਿਸਤਾਨ ਦੀ ਵਣਜਾਰਨ ਲੋਕ ਗਾਇਕਾਂ ਰੇਸ਼ਮਾਂ ਵਾਂਗ ਸਾਡੀ ਨੂਰਾਂ ਵੀ ਬਹੁਤ ਸਮਾਂ ਅਲੋਪ ਹੋ ਰਹੀ। ਆਲ ਇੰਡੀਆਂ ਰੇਡੀਓ ਦੇ ਉਸ ਵੇਲੇ ਦੇ ਡਾਇਰੈਕਟਰ ਸ੍ਰੀ ਐਨ. ਐਮ. ਭਾਟੀਆ ਨੇ ਸਭ ਤੋਂ ਪਹਿਲਾਂ ਇਸ "ਰੂੜੀਆਂ 'ਚ ਰੁਲਦੇ ਲਾਲ" ਨੂੰ ਲੱਭਿਆ। ਜਦੋਂ ਉਹ ਇਕ ਛੋਟੇ ਜਿਹੇ ਪੇਂਡੂ ਇਕੱਠ ਵਿਚ ਗਾ ਰਹੀ ਸੀ।

ਫਿਰ ਆਲ ਇੰਡੀਆਂ ਰੇਡੀਓ ਤੇ ਬਾਅਦ 'ਚ ਦੂਰਦਰਸ਼ਨ ਨਾਲ ਉਸਦਾ ਇਕ ਅਟੁੱਟ ਰਿਸ਼ਤਾ ਜੁੜ ਗਿਆ। ਐਚ. ਐਮ. ਵੀ. ਵਾਲੀਆਂ ਨੇ ਵੀ ਉਸਦੇ ਰਿਕਾਰਡ ਭਰੇ। ਪੰਜਾਬੀ ਲੋਕ ਗਾਇਕਾਂ ਵਜੋਂ ਉਸਦੀ ਲੋਕ ਪ੍ਰੀਅਤਾ ਦਿਨੋ ਦਿਨ ਵਧਦੀ ਗਈ। ਬੁਲ੍ਹੇ ਸ਼ਾਹ ਤੇ ਬਾਬਾ ਫਰੀਦ ਉਸਦੇ ਮਨਭਾਉਂਦੇ ਕਵੀ ਸਨ।

ਨੂਰਾਂ ਉਦੋਂ ਮਸਾਂ ਸੱਤ ਕੁ ਸਾਲ ਦੀ ਸੀ ਜਦੋਂ ਉਹ ਸ਼ਾਸਤਰੀ ਸੰਗੀਤ ਸਿਖਣ ਲਈ ਆਪਣੇ ਪਿਤਾ ਮੀਆਂ ਉਮਰਦੀਨ ਦੀ ਸ਼ਗਿਰਦ ਬਣੀ।

ਉਸਦੀ ਅਵਾਜ਼ ਦਾ ਜਾਦੂ ਉਸ ਵੇਲੇ "ਸਿਰ ਚੜ੍ਹ ਬੋਲਿਆ" ਜਦੋਂ ਸੰਨ 1976 ਵਿਚ ਇਕ ਪ੍ਰੋਗਰਾਮ ਸਮੇਂ ਬੰਗਲਾ ਦੇਸ਼ ਦੀ ਕਹਿੰਦੀ ਕਹਾਉਂਦੀ ਗਾਇਕਾ ਰੂਨਾ ਲੈਲਾ ਆਪਣੇ ਗੀਤਾਂ ਨਾਲ ਸਰੋਤਿਆਂ ਦੀ ਰੂਹ ਰਾਜ਼ੀ ਨਾ ਕਰ ਸਕੀ। ਰੌਲੇ ਰੱਪੇ ਦੌਰਾਨ ਨੂਰਾਂ ਨੂੰ ਸਟੇਜ ਉਤੇ ਲਿਆਂਦਾ ਗਿਆ ਤੇ ਥੋੜ੍ਹੀ ਦੇਰ ਬਾਅਦ ਸਰੋਤੇ ਮੰਤਰ-ਮੁਗਧ ਸਨ ਤੇ ਫਿਜ਼ਾ 'ਚ ਨੂਰਾਂ ਦੀ ਅਵਾਜ਼ ਛਾਈ ਹੋਈ ਸੀ।

ਉਸਦੇ ਗਾਏ ਗੀਤਾਂ 'ਚੋਂ "ਅਸਾਂ ਐਵੇਂ ਨਾ ਫਕੀਰੀ ਤੇਰੀ ਮੱਲੀ, ਬਹਾਨਾ ਤੈਨੂੰ ਤੱਕ ਲੈਣ ਦਾ" ਅਤੇ "ਮੇਰੇ ਰਾਂਝਾ ਪੱਲੇ ਦੇ ਵਿਚ ਪਾ ਦੇ" ਬਹੁਤ ਮਕਬੂਲ ਹੋਏ।

ਕੁਝ ਮਹੀਨੇ ਪਹਿਲਾਂ ਚੰਡੀਗੜ੍ਹ ਆਈ ਨੂਰਾਂ ਨੇ ਗੀਤ ਗਾਉਣ ਬਾਅਦ ਸਰੋਤਿਆਂ ਵਲੋਂ ਦਿਤੇ ਮਾਣ ਤੇ ਸਤਿਕਾਰ ਪਿਛੋਂ ਪਿਘਲੇ ਮਨ ਨਾਲ ਕਿਹਾ "ਮੈਂ ਸੁਹਣੀ ਨਹੀਂ ਪਰ ਰੱਬ ਵਲੋਂ ਦਿਤੀ ਇਹ ਅਵਾਜ਼ ਹੀ ਮੇਰਾ ਸਭ ਕੁਝ ਹੈ। ਖੁਦਾ ਮੈਨੂੰ ਨਿਮਰਤਾ ਬਖਸ਼ੇ!"

ਗੀਤਾ ਸ਼ਰਮਾ



ਨੂਰਾਂ : ਅਸਾਂ ਐਵੇਂ ਨਾ ਫਕੀਰੀ ਤੇਰੀ ਮੱਲੀ.....

ਬਾਬਾ ਐਵੇਂ ਫੜਿਆ ਗਿਆ

ਦੋਰਾਹਾ:—ਏਸ਼ੀਆਈ ਖੇਡਾਂ ਨੂੰ ਮੁਖ ਰੱਖਦਿਆਂ ਪੰਜਾਬ ਸਰਕਾਰ ਦੀ ਪੁਲੀਸ ਵਲੋਂ ਜਦੋਂ 12-13 ਨਵੰਬਰ ਦੀ ਰਾਤ ਨੂੰ ਪੰਜਾਬ ਭਰ ਵਿਚੋਂ ਉਘੇ ਅਕਾਲੀ ਵਰਕਰਾਂ ਨੂੰ ਘਰਾਂ ਵਿਚ ਛਾਪੇ ਮਾਰ ਕੇ ਗ੍ਰਿਫਤਾਰ ਕੀਤਾ ਗਿਆ ਤਾਂ ਪਿੰਡ ਗੁੱਜਰਵਾਲ (ਜ਼ਿਲਾ ਲੁਧਿਆਣਾ) ਦੇ ਇਕ 80 ਸਾਲਾਂ ਬਜ਼ੁਰਗ ਬਾਬਾ ਬੰਤਾ ਸਿੰਘ ਨੂੰ ਵੀ ਪੁਲੀਸ ਨੇ ਤੜਕੇ ਚਾਰ ਵਜੇ ਉਸ ਵੇਲੇ ਗ੍ਰਿਫਤਾਰ ਕਰ ਲਿਆ ਜਦੋਂ ਉਹ ਗੁਰਦੁਆਰੇ ਜਾ ਰਿਹਾ ਸੀ। ਬੰਤਾ ਸਿੰਘ ਹੈਰਾਨ ਸੀ ਕਿ ਉਸਨੇ ਅਜਿਹਾ ਕਿਹੜਾ ਕਸੂਰ ਕੀਤਾ ਹੈ ਜਿਸ ਬਦਲੇ ਉਸਨੂੰ ਫੜਿਆ ਗਿਆ। ਕਿਉਂਕਿ ਉਸ ਅਨੁਸਾਰ ਨਾ ਤਾਂ ਉਹ ਸਾਰੀ ਉਮਰ ਕਦੀ ਕਿਸੇ ਨਾਲ ਲੜਿਆ ਝਗੜਿਆ ਸੀ ਤੇ ਨਾ ਹੀ ਕਿਸੇ ਜਥੇਬੰਦੀ ਜਾਂ ਪਾਰਟੀ ਦਾ ਵਰਕਰ ਸੀ।

ਬਾਬਾ ਬੰਤਾ ਸਿੰਘ ਦੇ ਪੁੱਛਣ ਤੇ ਪੁਲੀਸ ਨੇ ਉਸਨੂੰ ਦੱਸਿਆ ਕਿ ਦਿੱਲੀ ਵਿਚ ਖੇਡਾਂ ਕਰਕੇ ਕਿਸੇ ਗੜਬੜ ਦੇ ਡਰੋਂ ਉਸਨੂੰ ਫੜਿਆ ਗਿਆ ਹੈ। ਬਾਬੇ ਨੇ 107/151 ਧਾਰਾ ਅਧੀਨ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕਰਨ ਉਪਰੰਤ ਲੁਧਿਆਣਾ ਸੈਂਟਰਲ ਜੇਲ੍ਹ ਭੇਜ ਦਿਤਾ ਗਿਆ। ਖੋਜ ਕਰਨ ਤੇ ਪਤਾ ਲੱਗਾ ਕਿ ਪੁਲੀਸ ਗੁਜਰਵਾਲ ਦੇ ਉਘੇ ਅਕਾਲੀ ਵਰਕਰ ਭਗਵੰਤ ਸਿੰਘ ਨੂੰ ਗ੍ਰਿਫਤਾਰ ਕਰਨ ਗਈ ਤੇ ਫੜ ਲਿਆ ਬਾਬਾ ਬੰਤਾ ਸਿੰਘ ਨੂੰ।

ਬਾਬੇ ਨੇ ਇਕ ਮੁਲਾਕਾਤ ਦੌਰਾਨ ਦੱਸਿਆ ਕਿ ਉਸਨੇ ਆਪਣੀ ਸਾਰੀ ਉਮਰ ਕਦੀ ਕਿਸੇ ਪਾਰਟੀ ਵਿਚ ਹਿੱਸਾ ਨਹੀਂ ਲਿਆ ਤੇ ਨਾ ਹੀ ਜੇਲ੍ਹ ਆਦਿ ਕੱਟੀ ਹੈ। ਉਸ ਦੱਸਿਆ ਕਿ ਬਾਬਾ ਹਰਨਾਮ ਸਿੰਘ ਕਾਮਾ ਗਾਟਾ ਮਾਰੂ ਨੇਤਾ ਦਾ ਉਹ ਭਤੀਜਾ ਹੈ।

ਆਸਟ੍ਰੇਲੀਆ ਨੇ ਅੰਤਰਰਾਸ਼ਟਰੀ ਹਾਕੀ ਵਿਚ ਭਾਰਤ ਨੂੰ ਹਰਾਇਆ

ਪਾਕਿਸਤਾਨ ਛੇਂਵੇ ਨੰਬਰ ਤੇ

ਮੈਲਬੋਰਨ: ਪਿਛਲੇ ਐਤਵਾਰ ਅੰਤਰਰਾਸ਼ਟਰੀ ਹਾਕੀ ਦੇ ਫ਼ਾਈਨਲ ਮੈਚ ਵਿਚ ਆਸਟ੍ਰੇਲੀਆਂ ਨੇ ਭਾਰਤ ਨੂੰ 6-1 ਦੇ ਫ਼ਰਕ ਨਾਲ ਹਰਾਇਆ। ਇਸ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਵਿਚ ਦਸ ਦੇਸ਼ਾਂ ਨੇ ਹਿੱਸਾ ਲਿਆ।

ਅੱਧੇ ਸਮੇਂ ਤੱਕ ਆਸਟ੍ਰੇਲੀਆ ਨੇ ਭਾਰਤ ਸਿਰ ਚਾਰ ਗੋਲ ਕੀਤੇ। ਇਹ ਚਾਰੇ ਗੋਲ ਆਸਟ੍ਰੇਲੀਆਂ ਦੇ ਟੈਰੀ ਵਾਲਸ਼ ਨੇ ਕੀਤੇ। ਦੋ ਸ਼ਾਰਟ ਕਾਰਨਰਾਂ ਦੇ ਗੋਲ ਕਰੈਂਗ ਡੇਵੀਜ਼ ਨੇ ਕੀਤੇ।

ਹਾਲੈਂਡ ਤੀਜੇ ਤੇ ਨਿਊਜ਼ੀਲੈਂਡ ਚੌਥੇ ਨੰਬਰ ਤੇ ਰਿਹਾ।

ਪੰਜਵੇਂ ਤੇ ਪੱਛਮੀ ਜਰਮਨੀ ਤੇ ਛੇਵੇਂ ਤੇ ਪਾਕਿਸਤਾਨ।

ਕੈਨੇਡਾ ਇਸ ਟੂਰਨਾਮੈਂਟ ਤੇ ਚੀਨ ਨੂੰ 2-0 ਦੇ ਫ਼ਰਕ ਨਾਲ ਹਰਾ ਕੇ ਨੌਵੇਂ ਨੰਬਰ ਤੇ ਰਿਹਾ।

ਪਿਟ ਸਭ ਤੋਂ ਤੇਜ਼ ਦੌੜਾਕ

ਨਵੀਂ ਦਿੱਲੀ :— ਮਲੇਸ਼ੀਆ ਦਾ ਰਬੁਅਨ ਪਿਟ 10.68 ਸਕਿੰਟਾਂ ਵਿਚ 100 ਮੀਟਰ ਦੌੜ ਜਿਤ ਕੇ ਏਸ਼ੀਆ ਦਾ ਸਭ ਤੋਂ ਤੇਜ਼ ਦੌੜਾਕ ਬਣਿਆ।

10.72 ਸਕਿੰਟਾਂ ਨਾਲ ਦੱਖਣੀ ਕੋਰੀਆ ਦਾ ਕੁਏਨ ਜਾਂਗ ਦੂਜੇ ਤੇ 10.76 ਸਕਿੰਟਾਂ ਨਾਲ ਥਾਈਲੈਂਡ ਦਾ 32 ਸਾਲਾ ਸੁਚਰਤ ਤੀਜੇ ਨੰਬਰ ਤੇ ਆਇਆ। ਸੁਚਰਤ ਨੇ ਬੰਕਾਕ ਏਸ਼ੀਆਡ ਵਿਚ ਇਹ ਦੂਰੀ 10.46 ਸਕਿੰਟਾਂ ਵਿਚ ਤੈਅ ਕੀਤੀ ਸੀ।

ਪਿਟ 10.4 ਸਕਿੰਟਾਂ ਦਾ ਰਿਕਾਰਡ ਨਹੀਂ ਤੋੜ ਸਕਿਆ। ਇਹ ਰੀਕਾਰਡ ਇੰਡੋਨੇਸ਼ੀਆ ਦੇ ਐਮ ਸੇਰੰਗੇਤ, ਫਿਲਪਾਈਨ ਦੇ ਰੇਗੇਲੀਓ ਤੇ ਥਾਈਲੈਂਡ ਦੇ ਅਨਤ ਰਤਨਪਾਲ ਦਾ ਹੈ।

ਅਮਰੀਕਾ ਦੇ ਜਿਮ ਹਿਨਜ਼ ਦਾ 9.95 ਸਕਿੰਟਾਂ ਦਾ 14 ਸਾਲ ਪੁਰਾਣਾ ਸੰਸਾਰ ਰਿਕਾਰਡ ਬਰਕਰਾਰ ਚਲਿਆ ਆ ਰਿਹਾ ਹੈ।

ਹਾਕੀ : ਹਿੰਦ ਨਮੋਸ਼ੀ ਭਰੀ ਹਾਲਤ ਤੋਂ ਜਿੱਤ ਤੱਕ

ਮੈਲਬੋਰਨ:-ਏਸ਼ੀਆਡ ਵਿਚ ਹੋਈ ਨਮੋਸ਼ੀ ਭਰੀ ਹਾਰ ਦਾ ਬਦਲਾ ਲੈਂਦਿਆਂ ਹਿੰਦ ਨੇ ਏਸੰਡਾ ਹਾਕੀ ਟੂਰਨਾਮੈਂਟ ਦੇ ਗਰੁਪ 'ਏ' ਦੇ ਆਪਣੇ ਪਹਿਲੇ ਤੇ ਦਸਵੇਂ ਮੈਚ ਵਿਚ ਪਾਕਿਸਤਾਨ ਨੂੰ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਹਰਾ ਦਿਤਾ।

ਪਾਕਿਸਤਾਨੀ ਫਾਰਵਰਡਾਂ ਨੇ ਮੈਚ ਜਿਤਣ ਲਈ ਜ਼ੋਰ ਤਾਂ ਬਹੁਤ ਲਾਇਆ ਪਰ ਗੋਲਕੀਪਰ ਰੋਮੀਓ ਨੇ ਉਹਨਾਂ ਦੀ ਪੇਸ਼ ਨਾ ਜਾਣ ਦਿਤੀ।

ਸ਼ੁਰੂ ਦੇ ਬਾਰਾਂ ਮਿੰਟ ਖੇਡ ਸੁਸਤ ਰਹੀ। 13 ਵੇਂ ਮਿੰਟ ਵਿਚ ਡੀ ਦੇ ਬਾਹਰੋਂ ਸਈਅਦ ਅਲੀ ਨੇ ਵਿਹਲ ਦਾ ਫਾਇਦਾ ਉਠਾਉਂਦਿਆਂ ਅੰਦਰ ਵੜ ਕੇ ਗੋਲੀ ਨੂੰ ਝਕਾਉਂਦਾ ਗੋਲ ਕਰਕੇ ਖੇਡ ਮਘਾਈ।

ਇਸ ਤੋਂ ਬਾਅਦ ਦਵਿਤੀ ਵਿਰੋਧੀ ਟੀਮਾਂ ਵਿਚ ਗਹਿਗਚ ਖੇਡ ਹੋਈ। ਪਾਕਿਸਤਾਨੀ ਫਾਰਵਰਡਾਂ ਨੇ ਗੋਲ ਬਰਾਬਰ ਕਰਨ ਲਈ ਪੂਰਾ ਜ਼ੋਰ ਲਾਇਆ ਪਰ ਰੋਮੀਓ ਉਹਨਾਂ ਦੇ ਹਮਲੇ ਨਕਾਮ ਕਰਦਾ ਰਿਹਾ। ਉਸਨੇ 24 ਵੇਂ ਤੇ 33ਵੇਂ ਮਿੰਟ ਵਿਚ ਦੋ ਬਿਹਤਰੀਨ ਗੋਲ ਬਚਾਏ।

ਦੂਜੇ ਅੱਧ ਵਿਚ ਪਾਕਿਸਤਾਨੀ ਫੇਰ ਚੜ੍ਹ ਗਏ ਤੇ ਮਨਜ਼ੂਰ ਨੇ 17ਵੇਂ ਮਿੰਟ ਵਿਚ ਮਿਲੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲਕੇ ਮੈਚ ਬਰਾਬਰੀ ਤੇ ਲੈ ਆਂਦਾ।

ਇਸ ਤੋਂ ਪਹਿਲਾਂ 5ਵੇਂ ਮਿੰਟ ਵਿਚ ਹਿੰਦ ਨੇ ਇਕ ਬਹੁਤ ਹੀ ਕੀਮਤੀ ਗੋਲ ਗਵਾਇਆ। ਜਦੋਂ ਜ਼ਫਰ ਨੇ ਪੈਨਾਲਟੀ ਸਟਰੋਕ ਦੀ ਪੂਰੀ ਵਰਤੋਂ ਨਹੀਂ ਕਰ ਸਕਿਆ। ਤਾਂ ਵੀ ਫਰਤੀਲੇ ਜ਼ਫਰ ਨੇ 20ਵੇਂ ਮਿੰਟ ਵਿਚ ਪੈਨਾਲਟੀ ਕਾਰਨਰ ਨਾਲ ਉਹ ਗੋਲ ਕਰਕੇ ਆਪਣੀ ਗਲਤੀ ਸੁਧਾਰ ਦਿਤੀ ਜਿਸਨੂੰ ਵਿਸ਼ਵ ਚੈਂਪੀਅਨ, ਏਸ਼ੀਆਡ ਚੈਂਪੀਅਨ ਲੰਮੀ ਵਿਸਲ ਤਕ ਉਤਾਰ ਨਹੀਂ ਸਕਿਆ।

ਪਾਕਿਸਤਾਨ ਨੇ ਮੈਚ ਖਤਮ ਹੋਣ ਦੇ ਦੋ ਮਿੰਟ ਪਹਿਲਾਂ ਹੈਰਾਨ ਕਰ ਦੇਣਾ ਸੀ ਪਰ ਰੋਮੀਓ ਨੇ ਡਾਈ ਮਾਰਕੇ ਹਨੀਫ ਖਾਨ ਦੀ ਕੋਸ਼ਿਸ਼ ਫੇਲ੍ਹ ਕਰ ਦਿਤੀ।

ਇਸ ਜਿੱਤ ਦੇ ਨਾਲ ਨਾਲ ਹਿੰਦ ਨੂੰ ਇਕ ਜ਼ਬਰਦਸਤ ਧੱਕਾ ਲੱਗਾ ਜਦੋਂ ਪਾਕੀ ਲੋਕਾਂ ਵਲੋਂ ਸੁਟੀਆਂ ਬੋਤਲਾਂ ਨਾਲ ਬੁਰੀ ਤਰਾਂ ਜ਼ਖਮੀ ਹੋ ਗਏ ਸਈਅਦ ਅਲੀ ਨੂੰ ਮੈਚ ਖਤਮ ਹੋਣ ਦੇ ਕੁਝ ਮਿੰਟ ਪਹਿਲਾਂ ਵਿਚੋਂ ਚੁੱਕ ਕੇ ਲਿਆਣਾ ਪਿਆ।

ਅੱਜ ਪਾਕਿਤਸਾਨ ਦੇ ਸੈਂਟਰ ਫਾਰਵਰਡ ਹਸਨ ਸਰਦਾਰ ਨੂੰ ਪਹਿਲੇ ਅੱਧ ਦੇ ਅੱਧ ਵਿਚ ਹੀ ਬਾਹਰ ਸੱਦ ਲਿਆ ਗਿਆ। ਉਹ ਪਹਿਲਾਂ ਹੀ ਠੀਕ ਨਹੀਂ ਸੀ ਪਰ ਉਸਨੂੰ ਮੈਦਾਨ ਵਿਚ ਜ਼ਰੂਰ ਉਤਾਰਿਆ ਗਿਆ।

ਉਸਦੀ ਥਾਂ ਆਏ ਸਈਅਦ ਖਾਨ ਨੂੰ ਵੀ ਦੂਜੇ ਅੱਧ ਵਿਚ ਵਾਪਸ ਸੱਦ ਲਿਆ ਗਿਆ ਤੇ ਮੁਸ਼ਤਿਆਕਅਹਿਮਦ ਨੂੰ ਭੇਜਿਆ ਗਿਆ।

ਹਿੰਦ ਦੀ ਰੱਖਿਆ ਪੰਕਤੀ ਨੇ ਸੰਸਾਰ ਦੇ ਮਹਾਨ ਲੈਫਟ ਆਊਟ ਕਲੀਮੁਲਾ ਨੂੰ ਪਹਿਲੇ ਅੱਧ ਵਿਚ ਤਾਂ ਚਲਣ ਨਹੀਂ ਦਿਤਾ ਦੂਜੇ ਅੱਧ ਵਿਚ ਵੀ ਉਹ ਖਾਸ ਜੌਹਰ ਨਹੀਂ ਦਿਖਾ ਸਕਿਆ।

ਭਾਰਤੀ ਟੀਮ : ਰੋਮੀਓ ਜੇਮਜ਼, ਮਨੋਹਰ ਟੋਪਨੋ, ਵਿਨੀਤ ਕੁਮਾਰ, ਐਮ. ਐਮ. ਸੋਮਾਇਆ, ਕਾਰਵਾਲਹੋ ਰਾਜਿੰਦਰ ਸਿੰਘ(ਜੂਨੀਅਰ), ਜਲਾਲਉਦੀਨ (ਮੈਰਵਿਨ ਫਰਾਂਡੇਜ਼), ਗੋਮਜ਼(ਮੁਹੰਮਦਸ਼ਾਹਿਦ), ਜਗਦੀਪ ਸਿੰਘ, ਸਈਅਦ ਅਲੀ, ਜ਼ਫਰ ਇਕਬਾਲ।

ਪਾਕਿਸਤਾਨੀ ਟੀਮ : ਸ਼ਾਹਿਦ ਅਲੀ, ਮਨਜ਼ੂਰ ਉਲ ਹਸਨ(ਸੀਨੀਅਰ), ਕਾਸਿਮ ਜ਼ਿਆ, ਅਬਦੁੱਲ ਰਸ਼ੀਦ, ਸਈਅਦ ਅਹਿਮਦ, ਇਸ਼ਤਿਆਕ ਅਹਿਮਦ, ਕਲੀਮੁੱਲਾ, ਮਨਜ਼ੂਰ(ਜੂਨੀਅਰ), ਹਸਨ ਸਰਦਾਰ(1. ਸਈਦ ਖਾਨ, 2. ਮੁਸ਼ਤਾਕ ਅਹਿਮਦ), ਹਨੀਫ ਖਾਨ ਸ਼ਮੀ ਉਲਾ।

ਕੁਤੀ ਦਾ ਮੰਗੇਤਰ ਕਤਲ

ਅਬੋਹਰ ਸਥਾਨਕ ਗਲੀ ਨੰਬਰ 8 ਵਿਚ ਪਿਛਲੇ ਸਾਲ ਇਕ ਮਿਸ ਰੂਬੀ ਨਾਮਕ ਕੁਤੀ ਦਾ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਇਆ ਗਿਆ ਸੀ। ਮਠਿਆਈ ਅਤੇ ਚਾਹ ਦੀ ਪਾਰਟੀ ਵੀ ਕੀਤੀ ਗਈ ਸੀ। ਕੁਤੀ ਦੇ ਮਾਲਕ ਸ੍ਰੀ ਰਾਜੀਵ ਨਾਗਪਾਲ ਨੇ ਮਿਸ ਰੂਬੀ ਦੀ ਸ਼ਾਦੀ ਮੁਕਤਸਰ ਵਿਚ ਸ਼ੇਰੂ ਨਾਮਕ ਕੁੱਤੇ ਨਾਲ ਤੈਅ ਕੀਤੀ ਸੀ ਪਰ ਸ਼ੇਰੂ ਨੂੰ ਕਿਸੇ ਨੇ ਅਗਵਾ ਕਰਕੇ ਕਤਲ ਕਰ ਦਿਤਾ ਸੀ। ਰਜਨੀਸ਼ ਕੁਮਾਰ ਨੇ ਆਪਣੇ ਕੁਤੇ ਵਿਸ਼ਾਲ ਦਾ ਜਨਮ ਦਿਨ ਵੀ ਬੜੀ ਧੂਮਧਾਮ ਨਾਲ ਮਨਾਇਆ। ਕੁੱਤੇ ਵਿਸ਼ਾਲ ਨੂੰ ਪੈਂਟ ਅਤੇ ਕਮੀਜ਼ ਪਾਈ ਗਈ। ਇਸ ਮੌਕੇ ਤੇ ਕੇਕ ਕਟਿਆ ਗਿਆ ਅਤੇ ਲੋਕਾਂ ਨੂੰ ਮਠਿਆਈ ਅਤੇ ਚਾਹ ਪਿਲਾਈ ਗਈ। ਕਮਰੇ ਨੂੰ ਗੁਲਦਸਤੇ ਅਤੇ ਫੁਲਾਂ ਨਾਲ ਸਜਾਇਆ ਗਿਆ। ਕੁਤੇ ਦੇ ਮਾਲਕ ਰਜਨੀਸ਼ ਕੁਮਾਰ ਨੇ ਦਸਿਆ ਕਿ ਉਹ ਹੁਣ ਕੁਤੇ ਵਿਸ਼ਾਲ ਦਾ ਵਿਆਹ ਵੀ ਬੜੀ ਧੂਮ ਧਾਮ ਨਾਲ ਕਰੇਗਾ। ਸ਼ਹਿਰ ਦੇ ਪਤਵੰਤਿਆਂ ਅਤੇ ਸੂਬੇ ਦੇ ਆਗੂਆਂ ਨੂੰ ਸ਼ਾਦੀ ਦੇ ਕਾਰਡ ਭੇਜ ਕੇ ਬੁਲਾਇਆ ਜਾਏਗਾ। ਘਰਾਂ ਵਿਚ ਵਿਆਹ ਦੀ ਮਠਿਆਈ ਭੇਜੀ ਜਾਏਗੀ। ਏਸੇ ਤਰ੍ਹਾਂ ਇਸ ਸ਼ਹਿਰ ਦੇ ਜਨਤਾ ਪਾਰਟੀ ਦੇ ਨੇਤਾ ਨੇ ਵੀ ਆਪਣੇ ਕੁੱਤੇ ਦਾ ਜਨਮ ਦਿਨ ਮਨਾਇਆ ਸੀ ਅਤੇ ਦੋ ਦਰਜਨ ਕੁਤਿਆਂ ਨੂੰ ਖਾਣਾ ਖਿਲਾਇਆ।

ਦਸਵੇਂ ਏਸ਼ੀਆਡ ਵਿਚ 24 ਖੇਡਾਂ ਹੋਣਗੀਆਂ

ਨਵੀਂ ਦਿਲੀ —ਦਖਣੀ ਕੋਰੀਆ ਦੀ ਰਾਜਧਾਨੀ ਸਿਓਲ ਵਿਚ 1986 ਵਿਚ ਹੋਣ ਵਾਲੀਆਂ ਦਸਵੀਆਂ ਏਸ਼ੀਆਈ ਖੇਡਾਂ ਵਿਚ ਕੁਝ ਨਵੀਂਆਂ ਆਈਟਮਾਂ ਸ਼ਾਮਿਲ ਕੀਤੀਆਂ ਜਾਣਗੀਆਂ ਜੋ ਨੌਵੀਆ ਖੇਡਾਂ ਵਿਚ ਨਹੀਂ ਹਨ।

ਦਸਵੀਆਂ ਏਸ਼ੀਆਈ ਖੇਡਾਂ ਦੀ ਪਬੰਧਕ ਕਮੇਟੀ ਦੇ ਜਨਰਲ ਸਕੱਤਰ ਸੀ ਘੋਤ ਕਿਮ ਨੇ ਕਲ ਇਥੇ ਇਕ ਮੁਲਾਕਾਤ ਵਿਚ ਦਸਿਆ ਕਿ ਕਮੇਟੀ ਨੇ ਦਸਵੀਆਂ ਏਸ਼ੀਆਈ ਖੇਡਾਂ ਵਿਚ 24 ਆਈਟਮਾਂ ਨੂੰ ਰੱਖਣ ਦਾ ਪ੍ਰਸਤਾਵ ਕੀਤਾ ਹੈ। ਨੌਵੀਆਂ ਏ. ਆਈ. ਖੇਡਾਂ ਵਿਚ 21 ਆਈਟਮਾਂ ਹਨ।

ਉਨ੍ਹਾਂ ਨੇ ਦਸਿਆਂ ਕਿ ਨਵੀਆਂ ਆਈਟਮਾਂ ਵਿਚ ਮਹਿਲਾ ਹੈਂਡਬਾਲ ਅਤੇ ਬੇਸਬਾਲ ਸ਼ਾਮਿਲ ਕਰਨ ਦਾ ਪ੍ਰਸਤਾਵ ਹੈ। ਮਰਦ ਹੈਂਡਬਾਲ ਨੌਵੀਆਂ ਏਸ਼ੀਆਈ ਖੇਡਾਂ ਵਿਚ ਪਹਿਲੀ ਵਾਰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਖੇਡਾਂ ਵਿਚ ਕੁਲ ਤਿੰਨ ਨਵੀਆਂ ਆਈਟਮਾਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਸ੍ਰੀ ਕਿਮ ਨੇ ਦਸਿਆਂ ਕਿ ਸਿਓਲ ਏਸ਼ੀਆਡ ਵਿਚ ਕੋਰੀਆ ਦੇ ਕੌਮੀ ਖੇਡ ਤੈਕਪੁਡੀ ਨੂੰ ਪ੍ਰਦਰਸ਼ਨੀ ਮੈਚ ਦੇ ਰੂਪ ਵਿਚ ਸ਼ਾਮਿਲ ਕੀਤਾ ਜਾਵੇਗਾ। ਸ੍ਰੀ ਕਿਮ ਇਨੀਂ ਦਿਨੀਂ ਨੌਵੀਆਂ ਏਸ਼ੀਆਈ ਖੇਡਾਂ ਨੂੰ ਦੇਖਣ ਇਥੇ ਆਏ ਹੋਏ ਹਨ। ਗਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਇੰਨੇ ਘੱਟ ਸਮੇਂ ਵਿਚ ਭਾਰਤ ਨੇ ਇੰਨੇ ਸ਼ਾਨਦਾਰ ਤਰੀਕੇਨਾਲ ਖੇਡਾਂ ਦਾ ਪ੍ਰਬੰਧ ਕੀਤਾ ਹੈ, ਇਸ ਦਾ ਯਕੀਨ ਨਹੀਂ ਆਉਂਦਾ।

ਸ੍ਰੀ ਕਿਮ ਨਵੀਆਂ ਖੇਡਾਂ ਦੇ ਪ੍ਰਬੰਧ ਦੌਰਾਨ ਤਿੰਨ ਵਾਰ ਭਾਰਤ ਆਏ ਸਨ। ਇਹ ਉਨ੍ਹਾਂ ਨੇ ਕਿਹਾ ਕਿ ਸਿਓਲ ਵਿਚ ਏਸ਼ੀਆਡ ਦੇ ਮੁੱਖ ਸਟੇਡੀਅਮ ਵਿਚ ਇਕ ਲੱਖ ਦਰਸ਼ਕਾਂ ਦੇ ਬੈਠਣ ਦੀ ਸਮਰਥਾ ਹੋਵੇਗੀ।

ਏਸ਼ੀਆਈ ਹਾਕੀ ਸੰਘ ਦੀ ਚੋਣ

ਖੇਡਾਂ ਦੇ ਤਿਉਹਾਰ ਤੇ ਅਖੇਡ ਭਾਵਨਾ

ਮੈਂ ਇਕ ਫੌਜੀ ਹਾਂ। ਮੈਂ ਉਦੋਂ ਤਕ ਗੋਲੀ ਨਹੀਂ ਚਲਾਉਂਦਾ, ਜਦੋਂ ਤਕ ਇਹ ਵਿਸ਼ਵਾਸ ਨਹੀਂ ਹੋ ਜਾਂਦਾ ਕਿ ਨਿਸ਼ਾਨਾ ਅਚੂਕ ਰਹੇਗਾ ਅਤੇ ਤੁਸੀਂ ਵੇਖਿਆ ਹੀ ਹੋਵੇਗਾ ਕਿ ਮੇਰੀ ਪਹਿਲੀ ਗੋਲੀ ਨਿਸ਼ਾਨੇ ਉਤੇ ਸਹੀ ਬੈਠੀ—ਇਹ ਸ਼ਬਦ ਹਨ ਏਸ਼ੀਆਡ ਹਾਕੀ ਸੰਘ ਦੇ ਆਨਰੇਰੀ ਸਕੱਤਰ ਬਿਰਗੇਡੀਅਰ ਐਮ. ਕੇ. ਆਤਫ਼ ਦੇ ਜੋ ਉਹਨਾਂ ਨੇ ਏਸ਼ੀਆਡ ਹਾਕੀ ਸੰਘ ਦੀ ਬੈਠਕ ਵਿਚ ਚੈਅਰਮੈਨ ਦੇ ਅਹੁਦੇ ਦੀ ਚੋਣ ਵਿਚ ਭਾਰਤੀ ਪ੍ਰਤੀਨਿਧੀ ਸ੍ਰੀ ਇੰਦਰ ਮੋਹਨ ਮਹਾਜਨ ਦੀ ਹੈਰਾਨ ਕਰ ਦੇਣ ਵਾਲੀ ਹਾਰ ਤੋਂ ਪਿਛੋਂ ਆਪਣੇ ਸਮਰਥਕਾਂ ਨੂੰ ਕਹੇ।

ਜਿਸ ਦੇਸ਼ ਨੇ ਨੌਵੀਆਂ ਏਸ਼ੀਆਡ ਖੇਡਾਂ ਵਿਚ ਮਹਿਲਾ ਹਾਕੀ ਮੁਕਾਬਲੇ ਵਿਚ ਸੋਨੇ ਦਾ ਮੈਡਲ ਜਿਤਿਆ ਹੈ ਉਸਨੂੰ ਜੋ ਏਸ਼ੀਆ ਵਿਚ ਹਾਕੀ ਦਾ ਸੰਚਾਲਨ ਕਰਨ ਵਾਲੇ ਸੰਗਠਨ ਵਿਚ ਪ੍ਰਤੀਨਿਧਤਾ ਤਕ ਨਾ ਦਿਤੀ ਜਾਵੇ ਤਾਂ ਭਲਾ ਕਿਸਨੂੰ ਹੈਰਾਨੀ ਨਹੀਂ ਹੋਵੇਗੀ। ਕੁਝ ਦੇਸ਼ਾਂ ਨੇ ਇਕਜੁਟ ਹੋਕੇ ਭਾਰਤ ਨੂੰ ਇਸ ਤਰ੍ਹਾਂ ਬਾਹਰ ਰੱਖਣ ਦੀ ਵਿਉਂਤ ਬਣਾਈ ਤੇ ਉਹ ਸਫਲ ਹੋ ਗਏ।

ਭਾਰਤੀ ਹਾਕੀ ਸੰਘ ਦੇ ਚੈਅਰਮੈਨ ਸ੍ਰੀ ਇੰਦਰ ਮੋਹਨ ਮਹਾਜਨ ਨੇ ਏਸ਼ੀਆਡ ਹਾਕੀ ਸੰਘ ਦੇ ਮੈਂਬਰਾਂ, ਵਿਸ਼ੇਸ਼ ਕਰਕੇ ਬੇਗਮ ਆਤਿਫ ਦਾ ਖਾਤਰਦਾਰੀ ਵਿਚ ਕੋਈ ਕਸਰ ਨਾ ਛੱਡੀ ਅਤੇ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ। ਸ੍ਰੀ ਮਹਾਜਨ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੇਵਲ ਨੌ ਵੋਟਾਂ ਹੀ ਹਾਸਲ ਕਰ ਸਕੇ ਅਤੇ ਮਲੇਸ਼ੀਆ ਦੇ ਰਾਜਾ ਅਜਲਾਨਸ਼ਾਹ ਨੂੰ 19 ਵੋਟਾਂ ਹਾਸਲ ਕਰਕੇ ਮਹਾਜਨ ਨੂੰ ਉਖਾੜ ਫੈਂਕਿਆ। ਸ੍ਰੀ ਮਹਾਜਨ ਨੂੰ ਭਾਰਤ ਦੇ ਦੋ, ਸ੍ਰੀ ਲੰਕਾ ਦੇ ਦੋ, ਇੰਡੋਨੇਸ਼ੀਆ ਦੇ ਦੋ, ਈਰਾਨ ਦੇ ਦੋ ਤੇ ਹਾਂਗਕਾਂਗ ਦਾ ਇਕ ਮੱਤ ਪ੍ਰਾਪਤ ਕੀਤਾ।

ਭਾਰਤ ਅਜੇ ਆਪਣੇ ਜ਼ਖਮਾਂ ਨੂੰ ਠੀਕ ਕਰ ਰਿਹਾ ਸੀ ਕਿ ਉਸਨੂੰ ਦੂਜਾ ਜ਼ਖਮ ਲੱਗਾ। ਉਹਦੇ ਦੂਜੇ ਉਮੀਦਵਾਰ ਸ੍ਰੀਮਤੀ ਵਿਦਿਆ ਸਟੀਕਸ ਨੂੰ ਵੀ ਹਾਰ ਦਾ ਕੌੜਾ ਘੁੱਟ ਪੀਣਾਂ ਪਿਆ।

ਜਦੋਂ ਏਸ਼ੀਆਡ ਹਾਕੀ ਸੰਘ ਦੇ ਉਪ ਪ੍ਰਧਾਨ ਦੀ ਪਦਵੀ ਲਈ ਭਾਰਤ ਦੀ ਸ੍ਰੀਮਤੀ ਵਿਦਿਆ ਸਟਾਕਸ ਦਾ ਨਾਂ ਪੇਸ਼ ਕੀਤਾ ਗਿਆ ਤਾਂ ਕਿ ਪਾਕਿਸਤਾਨ ਦੇ ਬ੍ਰਗੇਡੀਅਰ ਆਤਿਫ਼ ਦੀ ਪਤਨੀ ਬੇਗਮ ਪਰਬੀਨ ਆਤਿਫ਼ ਦਾ ਨਾਂ ਤਜਵੀਜ਼ ਕਰ ਦਿਤਾ ਗਿਆ।

ਭਾਰਤੀ ਪ੍ਰਤੀਨਿਧਾਂ ਨੇ ਇਸ ਉਤੇ ਇਤਰਾਜ਼ ਕੀਤਾ ਅਤੇ ਕਿਹਾ ਕਿ ਜਿਸ ਦੇਸ਼ ਵਿਚ ਇਸਤਰੀ -ਹਾਕੀ ਖੇਡੀ ਹੀ ਨਹੀਂ ਜਾਂਦੀ ਉਸ ਦੇਸ਼ ਦੀ ਪ੍ਰਤੀਨਿਧ ਨੂੰ ਸੰਘ ਵਿਚ ਲੈਣ ਦਾ ਕੀ ਕਾਰਨ ਹੈ ਪਰ ਪ੍ਰਧਾਨ ਸਾਹਿਬ ਦੇ ਕੰਨਾਂ ਉਤੇ ਜੂੰ ਤਕ ਨਾ ਰੇਂਗੀ। ਇਉਂ ਲੱਗਾ ਜਿਵੇਂ ਸਭ ਕੁਝ ਪਹਿਲਾਂ ਤੋਂ ਤੈ ਹੈ। ਮੱਤਦਾਨ ਦਾ ਨਾਟਕ ਰਚਿਆ ਗਿਆ ਅਤੇ ਪਾਕਿਸਤਾਨ ਦੀ ਬੇਗਮ ਪਰਬੀਨ ਆਤਿਫ਼ ਨੂੰ ਬਾਰਾਂ ਦੇ ਮੁਕਾਬਲੇ ਸੋਲਾਂ ਵੋਟਾਂ ਨਾਲ ਜੇਤੂ ਐਲਾਨਿਆ ਗਿਆ। ਭਾਰਤੀ ਪ੍ਰਤੀਨਿਧ ਇਸਦੇ ਵਿਰੋਧ ਵਿਚ ਬੈਠਕ ਤੋਂ ਉਠ ਕੇ ਬਾਹਰ ਚਲੇ ਗਏ। ਇਹ ਨਾਟਕ ਤਾਂ ਸਿੰਘਾਪੁਰ, ਹਾਂਗਕਾਂਗ, ਮਲੇਸ਼ੀਆ ਤੇ ਜਪਾਨ ਦੀਆਂ ਇਸਤਰੀ ਪ੍ਰਤੀਨਿਧਾਂ ਨੂੰ ਵੀ ਪਸੰਦ ਨਾ ਆਇਆ ਅਤੇ ਭਾਰਤੀ ਪ੍ਰਤੀਨਿਧ ਨਾਲ ਵੀ ਉਹ ਵੀ ਵਾਕ-ਆਊਟ ਕਰ ਆਈਆਂ। ਮਲੇਸ਼ੀਆ ਦੀ ਇਸਤਰੀ ਪ੍ਰਤੀਨਿਧ ਦੀ ਦਾਦ ਦੇਣੀ ਪਵੇਗੀ ਕਿ ਮਲੇਸ਼ੀਆ ਦੇ ਪ੍ਰਤੀਨਿਧ ਦੇ ਪ੍ਰਧਾਨਗੀ ਪਦ ਉਤੇ ਬਿਰਾਜਮਾਨ ਹੋਣ ਦੇ ਬਾਵਜੂਦ ਉਹ ਬੈਠਕ ਤੋਂ ਬਾਹਰ ਆ ਗਏ।

ਜਦੋਂ ਅਜਿਹੇ ਸਾਰੇ ਲੋਕ ਬਾਹਰ ਚਲੇ ਗਏ ਤਾਂ ਬਚ ਰਹੇ ਲੋਕਾਂ ਨੇ ਆਪਣੀ ਪਸੰਦ ਦੇ ਲੋਕਾਂ ਨੂੰ ਹੀ ਚੁਣ ਲਿਆ। 1986 ਵਿਚ ਦੱਖਣੀ ਕੋਰੀਆ ਵਿਚ ਏਸ਼ੀਆਡ ਹੋਣੀਆਂ ਹਨ। ਇਸ ਕਰਕੇ ਇਹਨਾਂ ਲੋਕਾਂ ਨੇ ਖਾਨਾ-ਪੂਰੀ ਕਰਨ ਲਈ ਮਹੱਤਤਾ-ਹੀਨ ਥਾਵਾਂ ਉਤੇ ਦੱਖਣੀ ਕੋਰੀਆ ਦੇ ਦੋ ਪ੍ਰਤੀਨਿਧਾਂ ਨੂੰ ਚੁਣ ਲਿਆ।

ਅਗਲੇ ਚਾਰ ਸਾਲਾਂ ਲਈ ਚੁਣੇ ਗਏ ਏਸ਼ੀਆਈ ਹਾਕੀ ਸੰਘ ਦੇ ਅਹੁਦੇਦਾਰਾਂ ਦੇ ਨਾਂ ਇਸ ਪਰਕਾਰ ਹਨ।

ਪ੍ਰਧਾਨ ਰਾਜਾ ਅਜਲਾਨ ਸ਼ਾਹ(ਮਲੇਸ਼ੀਆ), ਉਪ ਪ੍ਰਧਾਨ ਬੇਗਮ ਪਰਵਾਨ ਆਤਿਫ਼(ਪਾਕਿਸਤਾਨ), ਸ੍ਰੀ ਸਿਨ (ਦੱਖਣੀ ਕੋਰੀਆ), ਸ੍ਰੀ ਦਾਊਦ (ਉਮਾਨ), ਬ੍ਰਿਗੇਡੀਅਰ ਮਾਰਟਨ (ਬੰਗਲਾ ਦੇਸ਼)।

ਖਾਜ਼ਨਚੀ ਸ੍ਰੀ ਖੋਕਰ(ਸੰਯੁਕਤ ਅਰਬ ਅਮੀਰਾਤ)।

ਸਹਾਇਕ ਮੰਤਰੀ ਵਿਜੇ ਨਾਥਨ (ਮਲੇਸ਼ੀਆ) ਤੇ ਸ੍ਰੀਮਤੀ ਜਿਨ (ਦੱਖਣੀ ਕੋਰੀਆ)।

ਭਾਰਤ ਵਲੋਂ ਸੋਨੇ ਦੇ 5 ਹੋਰ ਤਮਗੇ

ਬੰਬਈ:—ਭਾਰਤ ਨੇ ਇਥੇ 6 ਦੇਸ਼ਾਂ ਦੀ ਅਥਲੈਟਿਕ ਪ੍ਰਤੀਯੋਗਤਾ ਦੇ ਦੂਜੇ ਦਿਨ ਸੋਨੇ ਦੇ ਤਮਗੇ ਜਿੱਤਣ 'ਚ ਆਪਣੀ ਲੀਡ ਬਰਕਰਾਰ ਰੱਖੀ। ਅਜ ਭਾਰਤੀ ਪੁਰਖ ਤੇ ਮਹਿਲਾ ਅਥਲੀਟਾਂ ਨੇ ਸੋਨੇ ਦੇ ਪੰਜ ਤਮਗੇ ਜਿੱਤੇ ਅਤੇ ਇਸ ਤਰ੍ਹਾਂ ਭਾਰਤ ਵੱਲ ਜਿੱਤੇ ਸੋਨ ਤਮਗਿਆਂ ਦੀ ਕੁੱਲ ਗਿਣਤੀ 11 ਹੋ ਗਈ।

ਜ਼ਮੀਨ ਦੀ ਗਿਰੀ ਕੀਮਤ ਕਾਰਨ ਸੌਦੇ ਰੱਦ

ਪਟਿਆਲਾ: ਪਿਛਲੇ ਕੁਝ ਸਾਲਾਂ ਤੇ ਜ਼ਮੀਨ ਦੀਆਂ ਕੀਮਤਾਂ ਮਤਵਾਤਰ ਬੜੀ ਤੇਜ਼ੀ ਨਾਲ ਚੜ੍ਹ ਰਹੀਆਂ ਸਨ ਪਰ ਹੁਣ ਇਹ ਕੀਮਤਾਂ ਇਕ ਦਮ ਗਿਰ ਗਈਆਂ ਹਨ। ਕੁਝ ਸੌਦੇ ਇਕ ਦੋ ਸਾਲ ਪਹਿਲਾਂ ਹੋਏ ਸੀ ਜੋ ਹੁਣ ਰੱਦ ਹੋ ਗਏ ਹਨ।

ਇਥੋਂ ਨੇੜਲੇ ਖੇੜੀ ਗੌੜੀਆਂ ਪਿੰਡ ਵਿਚ ਕੁਝ ਜ਼ਮੀਨ ਦਾ 6 ਮਹੀਨੇ ਪਹਿਲਾਂ 45000 ਰੁਪਏ ਪ੍ਰਤੀ ਏਕੜ ਨੂੰ ਸੌਦਾ ਹੋਇਆ ਸੀ ਪ੍ਰੰਤੂ ਹੁਣ ਖਰੀਦਦਾਰ ਮੁੱਕਰ ਗਿਆ ਅਤੇ ਵੇਚਣ ਵਾਲੇ ਨੇ ਬੜੇ ਉਪਰਾਲਿਆਂ ਮਗਰੋਂ 33000 ਰੁਪਏ ਪ੍ਰਤੀ ਏਕੜ ਇਹ ਜ਼ਮੀਨ ਵੇਚੀ।

28 ਏਕੜਾ ਫਾਰਮ

ਨਾਭਾ ਨੇੜੇ 28 ਏਕੜ ਦਾ ਇਕ ਫਾਰਮ 10 ਮਹੀਨੇ ਪਹਿਲਾਂ 11 ਲੱਖ ਰੁਪਏ ਵਿਕ ਰਿਹਾ ਸੀ। ਹੁਣ ਇਸ ਜ਼ਮੀਨ ਲਈ 8 ਲੱਖ ਰੁਪਏ 'ਚ ਖਰੀਦਣ ਵਾਲਾ ਗਾਹਕ ਭਾਲਣਾ ਵੀ ਮੁਸ਼ਕਲ ਹੋ ਗਿਆ ਹੈ।

ਇਕ ਜ਼ਿਮੀਦਾਰ ਨੇ ਸਾਲ ਪਹਿਲਾਂ ਰੱਖੜਾ-ਮੰਡੋੜ ਵਿਖੇ 3 ਏਕੜ ਜ਼ਮੀਨ ਡੇਢ ਲੱਖ ਰੁਪਏ ਦੀ ਖਰੀਦੀ ਜੋ ਹੁਣ ਕੇਵਲ ਇਕ ਲੱਖ ਰੁਪਏ ਵਿਚ ਵਿਕਦੀ ਹੈ।

ਇਸੇ ਤਰ੍ਹਾਂ ਰੱਖੜਾ ਪਿੰਡ ਵਿਚ ਔਸਤਨ ਕੀਮਤ 35 ਹਜ਼ਾਰ ਰੁਪਏ ਪ੍ਰਤੀ ਏਕੜ ਤੇ ਗਿਰ ਕੇ 25000 ਰੁਪਏ ਪ੍ਰਤੀ ਏਕੜ ਰਹਿ ਗਈ ਹੈ।

ਵਪਾਰਕ ਜ਼ਮੀਨਾਂ

ਵਪਾਰਕ ਜ਼ਮੀਨਾਂ 'ਤੇ ਉਦਯੋਗਿਕ ਪਲਾਟਾਂ ਦੀਆਂ ਕੀਮਤਾਂ ਵੀ ਕਾਫੀ ਗਿਰ ਚੁੱਕੀਆਂ ਹਨ। ਪਟਿਆਲਾਂ ਵਿਚ ਗੈਰਮਨਜ਼ੂਰਸ਼ੁਦਾ ਕਲੋਨੀਆਂ ਵਿਚ ਰਿਹਾਇਸ਼ੀ ਮਕਾਨਾਂ ਲਈ ਪਲਾਟਾਂ ਦੀਆਂ ਕੀਮਤਾਂ ਪਹਿਲਾਂ ਕੁਝ ਮਹੀਨੇ ਸਥਿਰ ਹੋ ਗਈਆਂ ਸਨ ਹੁਣ 25 ਤੋਂ 30 ਪ੍ਰਤੀਸ਼ਤ ਤਕ ਗਿਰ ਗਈਆਂ ਹਨ। ਇਕ ਪ੍ਰਾਪਰਟੀ ਡੀਲਰ ਦਾ ਕਹਿਣਾ ਹੈ ਕਿ ਸਰਹੰਦ ਰੋਡ ਤੇ ਹਸਨਪੁਰ ਝਿਲ ਨੇੜੇ ਜ਼ਮੀਨ ਦਾ ਕੋਈ ਦੋ ਲੱਖ ਰੁਪਏ ਪ੍ਰਤੀ ਏਕੜ ਦਾ ਵੀ ਗਾਹਕ ਨਹੀਂ। ਪਿਛਲੇ ਸਾਲ ਇਥੇ ਜ਼ਮੀਨ ਦਾ ਭਾਅ 3.75 ਲੱਖ ਤੋਂ 4 ਲੱਖ ਰੁਪਏ ਪ੍ਰਤੀ ਏਕੜ ਤਕ ਸੀ।

ਕੁਝ ਜ਼ਿਮੀਦਾਰਾਂ ਨੇ ਪਟਿਆਲੇ ਦੇ ਆਲੇ ਦੁਆਲੇ ਆਪਣੀ ਜ਼ਮੀਨ ਦਾ ਕੁਝ ਹਿਸਾ ਉਚੇ ਭਾਅ ਤੇ ਵੇਚ ਦਿਤਾ ਸੀ ਹੁਣ ਬਚੇ ਹੋਏ ਹਿੱਸੇ 'ਤੇ ਦੁਬਾਰਾ ਕਾਸ਼ਤ ਕਰਨ ਸਬੰਧੀ ਸੋਚ ਰਹੇ ਹਨ। ਕੁਝ ਨੇ ਤਾਂ ਸਫੈਦੇ ਲਗਵਾ ਦਿਤੇ ਹਨ।

ਕਾਰਨ

ਅਜਿਹੀ ਹਾਲਤ ਹੋ ਜਾਣ ਦੇ ਕਈ ਕਾਰਨ ਹਨ। ਬੈਂਕਾਂ ਦਾ ਕਰਜ਼ੇ ਦੇਣ ਸਬੰਧੀ ਹੱਥ ਘੁੱਟ ਲੈਣਾ ਤੇ ਦੂਜਾ ਕਿਸਾਨਾਂ ਵਲੋਂ ਆਪਣੀ ਜ਼ਮੀਨ 'ਚ ਵਾਧਾ ਨਾ ਕਰਨਾ ਉਪਰੋਕਤ ਕਾਰਨਾਂ ਵਿਚ ਸ਼ਾਮਲ ਹਨ।

ਫਾਰਮਰਜ਼ ਫੋਰਮ ਦੇ ਪ੍ਰਧਾਨ ਸੁਰਜੀਤ ਸਿੰਘ (ਕਰਨਲ) ਦਾ ਕਹਿਣਾ ਹੈ ਕਿ ਸੈੱਸ ਲਗਣ ਅਤੇ ਟਿਊਬਵੈਲਾਂ ਦਾ ਟੈਰਿਫ ਵਧਣ ਨਾਲ ਖੇਤੀ ਦਾ ਪੇਸ਼ਾ ਘਾਟੇ ਵੰਦਾ ਹੋ ਜਾਵੇਗਾ।

ਖੱਦਰ ਪਾਕੇ ਆਉਣ ਦੀ ਮਨਾਹੀ

ਗੰਗਾਨਗਰ: ਤੁਸੀ ਇਸ ਤਰ੍ਹਾਂ ਦੇ ਕਪੜੇ ਪਾ ਕੇ ਦਫਤਰ ਨਹੀਂ ਆ ਸਕਦੇ ਖੱਦਰ ਦੇ ਕਪੜੇ ਪਾਣੇ ਹਨ ਤਾਂ ਘਰ ਹੀ ਪਾਇਆ ਕਰੋ ਜੇਕਰ ਭਵਿੱਖ ਵਿਚ ਖੱਦਰ ਦੇ ਕਪੜੇ ਪਾ ਕੇ ਦਫਤਰ ਆਏ ਤਾਂ ਤੁਹਾਡੇ ਵਿਰੁਧ ਸਖਤ ਕਾਰਵਾਈ ਕੀਤੀ ਜਾਏਗੀ।

ਇਹ ਚੇਤਾਵਨੀ ਰਾਜਸਥਾਨ ਬੱਸ ਨਿਗਮ ਦੇ ਕਲਰਕ ਦੀਨ ਦਿਆਲ ਥਾਨਵੀ ਨੂੰ ਉਸ ਦੇ ਅਫਸਰ ਕੇ. ਸਿੰਘ ਨੇ ਦਿਤੀ ਜਦ ਕਿ ਉਹ ਆਪਣੇ ਜਨਮ ਦਿਨ ਦੇ ਮੌਕੇ ਤੇ ਖੱਦਰ ਦੇ ਕਪੜੇ ਪਾ ਕੇ ਦਫਤਰ ਆਇਆ ਸੀ।

ਸ੍ਰੀ ਥਾਨਵੀ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾਂ ਗਾਂਧੀ ਨੂੰ ਪੱਤਰ ਲਿਖਕੇ ਰਾਸ਼ਟਰੀ ਪੋਸ਼ਾਕ ਤੇ ਲਾਈ ਗਈ ਇਸ ਪਾਬੰਦੀ ਨੂੰ ਹਟਾਉਣ ਦੀ ਮੰਗ ਕੀਤੀ ਹੈ।

ਇੱਜ਼ਤ ਦੀ ਰਾਖੀ ਕਰਦੀ ਕਰਦੀ.........!

ਅੰਮ੍ਰਿਤਸਰ, ਪਿੰਡ ਲੋਪੋ ਕੇ ਚੋਗਾਵਾਂ ਦੇ ਨੇੜੇ ਇਕ ਔਰਤ ਲਖਵਿੰਦਰ ਕੌਰ ਦੀ ਜੋ ਕਿ ਪਿੰਡ ਮਾਨਵਾਲੇ ਦੀ ਵਸਨੀਕ ਹੈ ਦੀ ਮੌਤ ਦੀ ਖਬਰ ਹੈ। ਰਾਤ ਦੇ 9 ਕੁ ਦੇ ਟਾਈਮ ਨਾਲ ਗੁੰਡਿਆਂ ਨੇ ਉਸ ਦੇ ਘਰ ਤੇ ਹਮਲਾ ਕਰ ਦਿਤਾ ਲਖਵਿੰਦਰ ਦਾ ਪਤੀ ਅੰਮ੍ਰਿਤਸਰ ਮੰਡੀ ਵਿਚ ਮਟਰ ਵੇਚਣ ਗਿਆ ਸੀ। ਪਹਿਲਾਂ ਇਕ ਨੇ ਆ ਕੇ ਕਿਹਾ ਦਸ ਤੇਰਾ ਪਤੀ ਕਿਥੇ ਹੈ? ਜਦ ਉਹਨਾਂ ਗੁੰਡਿਆਂ ਨੂੰ ਉਹ ਨਜ਼ਰ ਨਹੀਂ ਆਇਆ ਤਾਂ ਉਹਨਾਂ ਚਾਰ ਗੁੰਡਿਆ ਨੇ ਉਸ ਨੂੰ ਉਸ ਦੀ ਇਜ਼ਤ ਦੇ ਵਿਰੁਧ ਖੇਡਣ ਲਈ ਮਜ਼ਬੂਰ ਕੀਤਾ ਤਾਂ ਇਸ ਔਰਤ ਨੇ ਕਿਹਾ ਕਿ ਮੇਰੇ ਘਰੋਂ ਬਾਹਰ ਚਲੇ ਜਾਉ ਨਹੀਂ ਤੇ ਮੈਂ ਤੁਹਾਡੇ ਨਾਲ ਬੁਰੀ ਕਰਾਂਗੀ, ਮੈਂ ਤੁਹਾਨੂੰ ਪਛਾਣ ਲਿਆ ਹੈ। ਇਨਾਂ ਕੁਝ ਕਹਿਕੇ ਲਖਵਿੰਦਰ ਨਾਂ ਔਰਤ ਅੰਦਰੋਂ ਬਾਹਰ ਨਿਕਲ ਕੇ ਰੌਲੀ ਪਾਉਣ ਲਗੀ ਤਾਂ ਚੌਹਾਂ ਗੁੰਡਿਆਂ ਨੇ ਉਸ ਦਾ ਮੂੰਹ ਬੰਨ ਕੇ ਤੇ ਧਰੂਹ ਕੇ ਅੰਦਰ ਲਿਆ ਕੇ ਕਹਿਣ ਲਗੇ ਜਾਂ ਤਾਂ ਸਾਨੂੰ ਆਪਣੀ ਇਜ਼ਤ ਦੇ ਨਾਲ ਖੇਡ ਲੈਣ ਦੇ, ਜੇ ਨਾਂ ਖੇਡਣ ਦਿਤਾ ਤਾਂ ਅਸੀਂ ਤੈਨੂੰ ਮਾਰ ਦਿਆਂਗੇ। ਉਸ ਔਰਤ ਦਾ ਇਕ ਛੋਟਾ ਜਿਹਾ ਦਿਉਰ ਇਸ ਮੌਕੇ ਦਾ ਗੁਆਹ ਹੈ। ਜਿਸ ਨੇ ਉਸ ਵੇਲੇ ਰੋਣਾ ਸ਼ੁਰੂ ਕੀਤਾ ਤੇ ਗੁੰਡਿਆ ਨੇ 8.9 ਸਾਲ ਦੇ ਦਿਉਰ ਨੂੰ ਧਮਕੀਆ ਦਿਤੀਆਂ ਕਿ ਜੇ ਤੂੰ ਰੌਲਾ ਪਾਇਆ ਤਾਂ ਤੈਨੂੰ ਮਾਰ ਦਿਤਾ ਜਾਵੇਗਾ ਜੋ ਕਿ ਲਖਵਿੰਦਰ ਦਾ ਦਿਉਰ ਹੈ ਤਾਂ ਉਸ ਮੁੰਡੇ ਦਾ ਮੂੰਹ ਬੰਨ ਕਿ ਗਲ੍ਹਾ ਘੁਟਿਆ ਗਿਆ ਡਰਦਾ ਹੋਇਆ ਮੁੰਡਾ ਦੜ ਵਟ ਗਿਆ। ਇਹਨਾਂ ਗੁੰਡਿਆਂ ਨੇ ਲਖਵਿੰਦਰ ਨੂੰ ਦਾਤਰ ਮਾਰ ਮਾਰ ਕਿ ਜਾਨੋਂ ਮੁਕਾ ਦਿਤਾ ਤੇ ਫਰਾਰ ਹੋ ਗਏ ਜੋ ਇਹ ਮੰਨੇ ਪਰਮੰਨੇ ਗੁੰਡੇ ਦਸੇ ਜਾਂਦੇ ਹਨ।

ਗੁੰਡੇ ਅਜੇ ਤਕ ਫੜੇ ਨਹੀਂ ਗਏ ਗੁੰਡਿਆਂ ਦੇ ਦੂਜੇ ਵਾਰਸ ਫੜ ਲਏ ਹਨ। ਕੇਸ ਥਾਣਾ ਲੋਪੋਕੇ ਵਿਚ ਦਰਜ ਹੈ। ਇਹ ਗੁੰਡੇ ਵੀ ਪਿੰਡ ਮਾਨਾਵਾਲੇ ਤੋਂ ਹੀ ਹਨ। ਜੋ ਕਿ ਲਖਵਿੰਦਰ ਨਾਂ ਦੀ ਔਰਤ ਦੇ ਗੁਆਂਢੀ ਹਨ।

ਵਹੁਟੀਆਂ ਬਦਲਣ ਦੀ ਅਨੋਖੀ ਸ਼ਰਤ

ਫਿਲੌਰ, - ਇਥੋਂ ਦੇ ਇਕ ਢਾਬੇ ਤੇ ਕੰਮ ਕਰਨ ਵਾਲੇ ਅਤੇ ਇਕ ਸਾਈਕਲ ਮੁਰੰਮਤ ਕਰਨ ਵਾਲੇ ਵਿਅਕਤੀ ਨੇ ਆਪਣੀਆਂ ਔਰਤਾਂ ਬਦਲਣ ਦੀ 50 ਰੁਪਏ ਦੀ ਸ਼ਰਤ ਲਾਈ। ਢਾਬੇ ਵਾਲੇ ਦੀ ਔਰਤ ਤਾਂ ਸਾਈਕਲਾਂ ਵਾਲੇ ਨਾਲ ਜਾਣ ਲਈ ਤਿਆਰ ਹੋ ਗਈ ਪਰ ਸਾਈਕਲ ਵਾਲੇ ਦੀ ਔਰਤ ਇਸ ਕੰਮ ਲਈ ਤਿਆਰ ਨਾ ਹੋਈ ਅਤੇ ਉਹ ਸ਼ਰਤ ਹਾਰ ਗਿਆ। ਸ਼ਾਮ ਨੂੰ ਦੋਹਾਂ ਨੇ ਮਿਲ ਕੇ 50 ਰੁਪਏ ਦੀ ਸ਼ਰਾਬ ਪੀਤੀ। ਸ਼ਹਿਰ 'ਚ ਇਸ ਘਟਨਾ ਦੀ ਬਹੁਤ ਚਰਚਾ ਹੈ। ਢਾਬੇ ਵਾਲਾ ਹਰੀਜਨ ਸੀ ਅਤੇ ਸਾਈਕਲਾਂ ਵਾਲੇ ਦੀ ਵਹੁਟੀ ਉਸ ਨਾਲ ਜਾਣ ਲਈ ਤਿਆਰ ਨਾ ਹੋਈ।

ਬੇਨਜ਼ੀਰ ਦੀ ਨਜ਼ਰਬੰਦੀ 'ਚ ਤਿੰਨ ਮਹੀਨੇ ਦਾ ਹੋਰ ਵਾਧਾ

ਇਸਲਾਮਾਬਾਦ:—ਪਾਕਿਸਤਾਨ ਸਰਕਾਰ ਨੇ ਸਵਰਗੀ ਸ੍ਰੀ ਜ਼ੁਲਫ਼ਕਾਰ ਅਲੀ ਭੁੱਟੋ ਦੀ ਸਪੁਤਰੀ ਬੇਨਜ਼ੀਰ ਭੁੱਟੋ ਦੀ ਨਜ਼ਰਬੰਦੀ ਵਿਚ 90 ਦਿਨਾਂ ਦਾ ਹੋਰ ਵਾਧਾ ਕਰ ਦਿਤਾ ਹੈ।

ਕੁਮਾਰੀ ਬੇਨਜ਼ੀਰ ਭੁੱਟੋ ਨੂੰ 1981 ਵਿਚ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਪਾਕਿਸਤਾਨੀ ਏਅਰ ਲਾਈਨ ਦਾ ਇਕ ਹਵਾਈ ਜਹਾਜ਼ ਅਗਵਾ ਕਰਕੇ ਕਾਬਲ ਲਜਾਇਆ ਗਿਆ ਸੀ। ਇਸ ਜਹਾਜ਼ ਨੂੰ ਅਗਵਾ ਕਰਨ ਵਾਲਿਆਂ ਵਿਚ ਕੁਮਾਰੀ ਭੁੱਟੋ ਦੇ ਦੋ ਭਰਾ ਸ਼ਾਮਲ ਹਨ। ਬੇਨਜ਼ੀਰ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਘਰ ਵਿਚ ਹੀ ਨਜ਼ਰਬੰਦ ਕਰ ਦਿਤਾ ਗਿਆ ਸੀ। ਸ੍ਰੀਮਤੀ ਨੁਸਰਤ ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੈਅਰਮੈਨ ਵੀ ਹਨ। ਅਤੇ ਉਹ ਆਪਣੇ ਫੇਫੜੇ ਦੇ ਕੈਂਸਰ ਦੇ ਇਲਾਜ ਲਈ ਜਰਮਨ ਗਏ ਹੋਏ ਹਨ ਅਤੇ ਉਹਨਾਂ ਨੂੰ ਇਲਾਜ ਲਈ ਜਰਮਨ ਜਾਣ ਦੀ ਮਨਜ਼ੂਰੀ ਵੀ ਪਾਕਿਸਤਾਨ ਦੇ ਫੌਜੀ ਹਾਕਮਾਂ ਨੇ ਸਾਰੀ ਦੁਨੀਆਂ ਦੀਆਂ ਅਗਾਂਹ ਵਧੂ ਤੇ ਜਮਹੂਰੀ ਤਾਕਤਾਂ ਵਲੋਂ ਜ਼ੋਰਦਾਰ ਦਬਾਅ ਪਾਏ ਜਾਣ ਤੋਂ ਬਾਅਦ ਹੀ ਦਿਤੀ ਹੈ।

ਇਨੀਂ ਦਿਨੀਂ ਆਪਣੇ ਅਮਰੀਕਾ ਯਾਤਰਾ ਸਮੇਂ ਪਾਕੀ ਰਾਸ਼ਟਰਪਤੀ ਜਨਰਲ ਜ਼ਿਆ ਨੇ ਨੈਸ਼ਨਲ ਪ੍ਰੈਸ ਕਲੱਬ ਵਿਚ ਇਕ ਭਾਸ਼ਣ ਦੇਂਦਿਆਂ ਕਿਹਾ ਸੀ ਬੇਨਜ਼ੀਰ ਨੂੰ ਗ੍ਰਿਫਤਾਰੀ ਅਧੀਨ ਨਹੀਂ ਰੱਖਿਆ ਜਾ ਰਿਹਾ ਜਿਹੜਾ ਚਾਹੇ ਉਸਨੂੰ ਮਿਲ ਸਕਦਾ ਹੈ। ਪਰ ਅੱਜ ਹੀ ਕੁਮਾਰੀ ਬੇਨਜ਼ੀਰ ਦੀ ਨਜ਼ਰਬੰਦੀ ਵਿਚ ਤਿੰਨ ਮਹੀਨੇ ਦਾ ਹੋਰ ਵਾਧਾ ਕਰ ਦਿਤਾ ਗਿਆ।

ਗੱਲਾਂ 'ਚ ਲਾ ਕੇ ਪਤੀ ਨੇ ਨਹਿਰ 'ਚ ਧੱਕਾ ਦੇ ਦਿਤਾ

ਸਮਾਨਾ: ਅਜ ਸ਼ਹਿਰ ਵਿਚ ਉਸ ਸਮੇਂ ਸੁਨਸਨੀ ਫੈਲ ਗਈ ਜਦੋਂ ਇਕ ਨਵ-ਵਿਆਹੀ ਔਰਤ ਨੂੰ ਉਸਦੇ ਪਤੀ ਵੈਸਾਖੀ ਰਾਮ ਮੁਨੀਮ ਨੇ ਦਹੇਜ ਘਟ ਲਿਆਉਣ ਅਤੇ ਦਿਮਾਗ ਮੋਟਾ ਹੋਣ ਕਰਕੇ ਉਸਨੂੰ ਮੌਤ ਦੇ ਮੂੰਹ ਵਿਚ ਪਾ ਦਿਤਾ। ਪ੍ਰਾਪਤ ਸੂਚਨਾ ਅਨੁਸਾਰ ਵੈਸਾਖੀ ਰਾਮ ਦਾ ਤਿੰਨ ਮਹੀਨੇ ਪਹਿਲਾਂ ਹੀ ਜਾਖਲ ਮੰਡੀ ਵਿਖੇ ਵਿਆਹ ਹੋਇਆ ਸੀ ਤੇ ਇਸ ਵਿਆਹ ਤੇ ਕੁੜੀ ਦੇ ਮਾਪਿਆਂ ਨੇ ਰੁਪਏ ਵੀ ਚੰਗੇ ਖਰਚ ਕੀਤੇ ਸਨ ਪਰ ਫਿਰ ਵੀ ਮੁਨੀਮ ਤੇ ਉਸਦੀ ਮਾਂ ਦੀ ਲਾਲਸਾ ਪੂਰੀ ਨਹੀਂ ਹੋਈ। ਕਲ ਸਵੇਰੇ ਮੌਕਾ ਪਾ ਕੇ ਦੋਸ਼ੀ ਆਪਣੀ ਪਤਨੀ ਕਾਂਤਾ ਨੂੰ ਸੈਰ ਕਰਨ ਦੇ ਬਹਾਨੇ ਸਥਾਨਕ ਭਾਖੜਾ ਨਹਿਰ ਤੇ ਲੈ ਗਇਆ ਤੇ ਆਪਣੀਆਂ ਗੱਲਾਂ ਵਿਚ ਲਾ ਕੇ ਉਸਨੂੰ ਭਾਖੜਾ ਵਿਚ ਧੱਕਾ ਦੇ ਦਿਤਾ। ਅਗਲੇ ਦਿਨ ਮੁਹੱਲੇ ਵਿਚ ਇਹ ਰੌਲਾ ਪਾ ਦਿਤਾ ਕਿ ਕਾਂਤਾ ਘਰੋਂ ਦੌੜ ਗਈ ਹੈ ਕਿਉਂਕਿ ਉਹ ਦਿਮਾਗੀ ਤੌਰ ਤੇ ਉਸਦੀ ਹਾਲਤ ਕੁਝ ਖਰਾਬ ਸੀ। ਇਹ ਸੂਚਨਾ ਉਸਨੇ ਆਪਣੇ ਸੌਹਰੇ ਵੀ ਭੇਜ ਦਿਤੀ। ਇਸਤੇ ਲੜਕੀ ਦੇ ਮਾਂ-ਪਿਉ ਨੂੰ ਸ਼ੱਕ ਹੋਇਆ ਤਾਂ ਉਹਨਾਂ ਨੇ ਸਥਾਨਕ ਥਾਣੇ ਵਿਚ ਰਿਪੋਰਟ ਲਿਖ ਦਿਤੀ। ਪੁਲੀਸ ਤਫਸ਼ੀਸ ਹੋਣ ਤੇ ਦੋਸ਼ੀ ਨੇ ਆਪਣਾ ਜੁਰਮ ਕਬੂਲ ਕਰ ਲਿਆ।

ਪਰ ਲੜਕੀ ਦੇ ਵਾਰਸ਼ਾ ਨੇ ਇਹ ਦੋਸ਼ ਲਾਇਆ ਹੈ ਕਿ ਲੜਕੀ ਨੂੰ ਉਸਦੀ ਸੱਸ ਸੌਹਰੇ ਤੇ ਪਤੀ ਨੇ ਮਿਲ ਕੇ ਘਰ ਗਲਾਂ ਘੁਟ ਕੇ ਮਾਰਿਆਂ ਹੈ ਤੇ ਬਾਦ ਵਿਚ ਲਾਸ਼ ਨੂੰ ਭਾਖੜਾ ਵਿਚ ਸੁਟ ਦਿਤਾ। ਉਹਨਾਂ ਨੇ ਲੜਕੇ ਦੇ ਮਾਂ ਪਿਉ ਨੂੰ ਗਰਿਫਤਾਰ ਕਰਨ ਦੀ ਮੰਗ ਕੀਤੀ ਹੈ। ਤਫਤੀਸ ਅਜੇ ਜਾਰੀ ਹੈ।

ਪਾਕਿਸਤਾਨ 'ਚ ਦੋ ਨਵੇਂ ਅਜੂਬੇ :

ਦੌਲਤਾਨਾ ਤੇ ਟੂਆਨਾ

ਲੰਡਨ:— ਲੰਡਨ ਤੋਂ ਛਪਦੀ ਇਕ ਹਫਤਾਵਾਰ ਪਾਕਿਸਤਾਨੀ ਅਖਬਾਰ "ਅਖਬਾਰ-ਏ-ਵਤਨ" ਨੇ ਦੁਨੀਆਂ ਭਰ'ਚ ਜਾਣੇ ਪਛਾਣੇ 7 ਅਜੂਬਿਆਂ ਵਿਚ ਦੋ ਨਵੇਂ ਅਜੂਬੇ ਜੋੜ ਕੇ ਇਹ ਗਿਣਤੀ 9 ਕਰ ਦਿਤੀ ਹੈ। ਇਹਨਾਂ ਨਵੇਂ ਅਜੂਬਿਆਂ 'ਚੋਂ ਇਕ ਪਾਕਿਸਤਾਨੀ ਲੀਡਰ ਮਿਸਟਰ ਮੁਮਤਾਜ਼ ਦੌਲਤਾਨਾ ਹੈ। 'ਅਖਬਾਰ-ਏ-ਵਤਨ ਦੀ ਜਬਾਨੀ ਇਸ 8ਵੇਂ ਅਜੂਬੇ ਦੀ ਕਹਾਣੀ :

ਦੌਲਤਾਨਾ ਦਰ ਅਸਲ ਮੁਮਤਾਜ਼ ਮੁਹੰਮਦ ਦੌਲਤਾਨਾ ਹਨ। ਮੀਆਂ ਖਾਨਦਾਨੀ ਗੋਤ ਹੈ, ਮੁਮਤਾਜ਼ ਉਹ ਖੁਦ ਹਨ ਅਤੇ ਦੌਲਤਾਨਾ ਰਾਜਨੀਤਕ ਤੇ ਖਾਨਦਾਨੀ ਗੱਲ ਸਮਝ ਲਓ। ਕਿਹਾ ਜਾਂਦਾ ਹੈ ਕਿ ਜੰਗ ਦੇ ਦਿਨਾਂ 'ਚ ਅੰਗਰੇਜ਼ ਬਹਾਦਰ ਆਪਣੇ 'ਦੇਸੀ ਰਿਸ਼ਤੇਦਾਰਾਂ' ਨੂੰ ਫੌਜੀ ਭਰਤੀ ਦਾ ਠੇਕਾ ਦਿਆ ਕਰਦੇ ਸਨ। ਜਿੰਨੇ ਆਦਮੀ ਭਰਤੀ ਕਰਾਏ ਜਾਂਦੇ ਉਨੇਂ ਆਨੇ ਇਹਨਾਂ ਦੇਸੀ ਰਿਸ਼ਤੇਦਾਰਾਂ ਨੂੰ ਕਮਿਸ਼ਨ ਦੇ ਰੂਪ 'ਚ ਦਿਤੇ ਜਾਂਦੇ। ਜਦੋਂ ਦੇਸੀ ਆਦਮੀ ਸੌਖਿਆ ਹੀ ਲੱਭ ਜਾਂਦੇ ਸਨ ਉਦੋਂ ਕਮਿਸ਼ਨ ਇਕ ਆਨਾ ਸੀ। ਸਸਤੇ ਜ਼ਮਾਨੇ 'ਚ ਇਹਨਾ ਕਾਲੇ ਸਾਹਬਾਂ ਕੋਲ ਆਨੇ ਦੀ ਏਨੀ ਦੌਲਤ ਇਕੱਠੀ ਹੋ ਗਈ ਕਿ ਇਹਨਾਂ ਨੂੰ 'ਦੌਲਤ ਆਨੇ' ਕਿਹਾ ਜਾਣ ਲਗਾ। ਇਸ ਪਿਛੋਂ ਕਾਲੇ ਸਾਹਬਾਂ ਦੇ ਇਕ ਪਰਵਾਰ ਨੂੰ 'ਦੌਲਤ ਨਾਂ' ਦੇ ਰੂਪ ਵਿਚ ਮਸ਼ਹੂਰੀ ਮਿਲ ਗਈ।

ਦੌਲਤਾਨਾ ਵਾਂਗ ਹੀ ਸਰਗੋਧਾ ਤੇ ਟੂਆਨਾ ਵੀ ਸੁਣੇ ਜਾਂਦੇ ਹਨ। ਇਹ ਵੀ ਉਹੋ ਧੰਦਾ ਕਰਦੇ ਸਨ। ਪਰ ਉਹਨਾਂ ਨੂੰ ਵਨ ਆਨਾ ਦੀ ਥਾਂ ਟੂ-ਆਨਾ ਕਮਿਸ਼ਨ ਮਿਲਦਾ ਸੀ। ਇਹ 'ਟੂ (ਦੋ) ਆਨਾ' ਟੂਆਨਾ ਦੇ ਤੌਰ ਤੇ ਇਕ ਬਹੁਤ ਵੱਡੇ ਖਾਨਦਾਨ ਦੇ ਰੂਪ ਵਿਚ ਮਸ਼ਹੂਰ ਹੋ ਗਿਆ।

ਅਖਬਾਰ-ਏਵਤਨ ਕਹਿੰਦਾ ਹੈ ਕਿ ਆਨੇ-ਆਨੇ ਜਾਂ ਦੋ-ਦੋ ਆਨੇ ਕਮਿਸ਼ਨ ਲੈ ਕੇ ਭੋਲੇ-ਭਾਲੇ ਸ਼ਹਿਰੀਆਂ ਨੂੰ ਗੋਰਿਆਂ ਦੀ ਖਾਤਰ ਜੰਗ ਦੀ ਭੱਠੀ ਵਿਚ ਝੋਕਣ ਵਾਲੇ ਸਵਰਗੀ ਦੌਲਤਾਨਿਆਂ ਤੇ ਟੂ-ਆਨਿਆਂ ਦੀ ਔਲਾਦ ਪਾਕਿਸਤਾਨ ਦੀ ਆਰਥਿਕਤਾ ਦੇ ਇਕ ਵਡੇ ਹਿੱਸੇ ਉਤੇ ਕਬਜ਼ਾ ਕਰੀ ਬੈਠੀ ਹੈ। ਹੋਈ ਨਾ ਅਜੂਬੇ ਵਾਲੀ ਗੱਲ! ਕਲ ਆਨਾ ਜਾਂ ਟੂ ਆਨਾ ਕਮਿਸ਼ਨ ਕਮਾ ਕੇ ਆਦਮੀ ਆਨਾ ਜਾਂ ਟੂਆਨਾ ਬਣ ਸਕਦਾ ਸੀ—ਤਾਂ ਅੱਜ ਪਾਕਿਸਤਾਨ ਦੇ ਹੋਰ ਲੋਕ ਪੂਰਬੀ ਖੇਤਰਾਂ ਵਿਚੋਂ ਕਰੋੜਾਂ ਅਰਬ ਆਨੇ ਕਮਾ ਕੇ ਲਿਆਉਂਦੇ ਹਨ। ਆਪਣੇ ਘਰਾਂ ਵਿਚ ਰੰਗੀਨ ਟੀ. ਵੀ., ਵੀ. ਸੀ. ਆਰ, ਫਰਿਜ਼ ਅਤੇ ਵਾਸ਼ਿੰਗ ਮਸ਼ੀਨਾਂ ਨਾਲ ਸੁਖ ਭੋਗਦੇ ਹਨ ਪਰ ਦੌਲਤਾਨਿਆਂ ਅਤੇ ਟੂਆਨਿਆਂ ਵਾਂਗ ਉਹਨਾਂ ਨੂੰ ਕੋਈ ਮਸ਼ਹੂਰੀ ਨਹੀਂ ਮਿਲਦੀ।

ਰਾਜਨੀਤਕ ਅਜੂਬਾ

ਹਫਤਾਵਰ ਨੇ ਅੱਗੇ ਜਾਕੇ ਕਿਹਾ ਕਿ 'ਮਰਹੂਮ ਅਯੂਬ ਖਾਂ' ਦਾ ਮਾਰਸ਼ਲ ਲਾਅ ਲੱਗਾ ਤਾਂ ਇਕ ਦਿਨ ਅਯੂਬ ਸਾਹਬ ਨੂੰ ਖਿਆਲ ਔੜਿਆ ਕਿ ਹੁਣ ਨਾਰਮਲ ਲਾਅ ਵੀ ਲੱਗਣਾ ਚਾਹੀਦਾ ਹੈ। ਇਸ ਲਈ ਉਹਨਾਂ ਆਪਣੇ ਤੌਰ ਤੇ ਰਾਜਨੀਤੀ ਦੀ ਬਹਾਲੀ ਦਾ ਪਰੋਗਰਾਮ ਬਣਾਇਆ। ਮੁਸਲਮ ਲੀਗ ਦੇ ਵੱਡੇ ਵੱਡੇ ਲੀਡਰ ਇਸ ਪਰੋਗਰਾਮ ਦੇ ਸਮਰਥਕ ਬਣ ਗਏ। ਪਰ ਦੌਲਤਾਨਾ ਅੜ ਗਏ। ਉਹਨਾਂ ਅਯੂਬ ਖਾਂ ਕਨਵੈਨਸ਼ਨ ਲੀਗ ਦੇ ਮੁਕਾਬਲੇ ਕੌਂਸਲ ਲੀਗ ਦਾ ਫੱਟਾ ਲਾ ਲਿਆ ਅਤੇ ਦਾਅਵਾ ਕੀਤਾ ਕਿ ਕਾਇਦੇ-ਆਜ਼ਮ ਦੀ ਸੱਚੀ ਅਤੇ ਵੱਡੀ ਮੁਸਲਿਮ ਲੀਗ ਸਿਰਫ ਉਹਨਾਂ ਵਾਲੀ ਹੀ ਹੈ। ਇਹ ਉਸ ਜ਼ਮਾਨੇ ਦੀ ਗਲ ਹੈ ਜਦੋਂ ਪਾਕਿਸਤਾਨ ਵਿਚ ਮਰਹੂਮ ਅਯੂਬ ਖਾਂ ਦੇ ਸਰੀਰਕ ਜਲਾਲ ਦੀ ਤੂਤੀ ਬੋਲਦੀ ਸੀ।

ਪਰ 'ਅਯੂਬਾ' ਤਾਂ ਉਸ ਵੇਲੇ ਹੋਇਆ ਜਦੋਂ ਸ੍ਰੀ ਭੁੱਟੋ ਪਰਸ਼ਾਸਕ ਬਣੇ। ਦੌਲਤਾਨਾ ਸਾਹਬ ਭੁੱਟੋ ਦੇ ਰਾਜਨੀਤਕ ਮਿਤਰ ਬਣ ਬੈਠੇ ਲੰਡਨ ਵਿਚ ਪਾਕਿਸਤਾਨੀ ਸਫੀਰ ਬਣ ਗਏ। ਇਕ ਲੰਮੇ ਸਮੇਂ ਬਾਅਦ ਲੰਡਨ ਵਿਚ ਪਾਕਿਸਤਾਨੀ ਝੰਡੇ ਵਾਲੀ ਕਾਰ ਵਿਚ ਜਦੋਂ ਦੌਲਤਾਨਾ ਸਾਹਬ ਆਪਣੀ ਬੀਵੀ ਨਾਲ ਡਰਾਈਵ ਕਰਕੇ ਦਿਲ ਦੇ ਰੋਗਾਂ ਬਾਰੇ ਕਲਿਨਿਕ ਵੱਲ ਜਾ ਰਹੇ ਹੁੰਦੇ ਹਨ ਤਾਂ, ਉਹਨਾਂ ਦੀਆਂ ਅੱਖਾਂ ਵਿਚ ਜਿੱਤ ਦੀ ਚਮਕ ਹੁੰਦੀ ਹੈ। ਇਹ ਜਿੱਤ ਇਸ ਘਟਨਾ ਨਾਲ ਜੋੜੀ ਜਾ ਸਕਦੀ ਹੈ— ਇਹ ਇਕ ਰਾਜਨੀਤਕ ਅਜੂਬਾ ਹੈ।

ਹੁਣ ਜਿਹੜਾ ਨਵਾਂ 'ਅਜੂਬਾ' ਦੌਲਤਾਨਾ ਸਾਹਬ ਨੇ ਪੈਦਾ ਕੀਤਾ ਹੈ। ਇਹ ਵੀ ਇਕ ਨਵਾਂ ਹੀ ਅਜੂਬਾ ਹੈ। ਅਯੂਬ ਖਾਂ ਦੀ ਕਨਵੈਨਸ਼ਨ ਲੀਗ ਦੇ ਮੁਕਾਬਲੇ ਕੌਂਸਲ ਲੀਗ ਦਾ ਫੱਟਾ ਲਾਉਣ ਵਾਲੇ ਦੌਲਤਾਨਾ ਨੇ ਇਕ ਜ਼ਬਰਦਸਤ ਇੱਛਾ ਪਰਗਟਾਈ ਹੈ ਜਿਸਦਾ ਸਬੰਧ ਮੌਜੂਦਾ ਮਾਰਸ਼ਲ ਲਾਅ ਐਡਮਨਿਸਟਰੇਟਰ ਜਨਰਲ ਜ਼ਿਆ ਉਲ-ਹੱਕ ਨਾਲ ਹੈ। ਦੌਲਤਾਨਾ ਨੇ ਜਨਰਲ ਜ਼ਿਆ ਨੂੰ ਸਲਾਹ ਦਿਤੀ ਹੈ ਕਿ ਉਹ ਦੇਸ਼ ਵਿਚ ਚੋਣਾਂ ਹਰਗਿਜ਼... ਹਰਗਿਜ਼ ਨਾ ਕਰਾਉਣ ਕਿਉਂਕਿ ਚੋਣਾਂ ਕਰਵਾਉਣ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਦੌਲਤਾਨਾ ਨੇ ਜਨਰਲ ਜ਼ਿਆ ਨੂੰ ਮਸ਼ਵਰਾ ਦਿਤਾ ਕਿ ਉਹ (ਜ਼ਿਆ) ਬਸ ਏਨਾ ਕਰੇ ਕਿ ਉਹ ਇਕ ਰਾਜਨੀਤਕ ਪਾਰਟੀ ਬਣਾ ਲਵੇਂ ਮੈਂ ਉਸ ਦੀ ਇਕ ਸਰਗਰਮ ਕਾਰਕੁਨ ਦੇ ਰੂਪ 'ਚ ਸੇਵਾ ਕਰੂੰਗਾ।

ਸਭ ਤੋਂ ਛੋਟਾ ਤੇ ਹਲਕਾ ਕੈਮਰਾ

ਚੰਡੀਗੜ੍ਹ ਬੋਲਦੇ ਪੋਸਟ ਕਾਰਡ ਦੀ ਕਾਢ ਕਢਣ ਵਾਲੇ ਪੰਜਾਬ ਯੂਨੀਵਰਸਿਟੀ ਬੋਟਨੀ ਵਿਭਾਗ ਦੇ ਵਿਦਿਆਰਥੀ ਜੋਗਿੰਦਰ ਸਿੰਘ ਸਿਧੂ ਅਤੇ ਉਸਦੀ ਮੰਗੇਤਰ ਚਰਨਜੀਤ ਕੌਰ ਨੇ ਇਹ ਅਜਿਹਾ ਕੈਮਰਾ ਬਣਾਇਆ ਹੈ ਜੋ ਵਿਸ਼ਵ ਵਿਚ 'ਸਭ ਤੋਂ ਛੋਟਾ ਅਤੇ ਹਲਕਾ ਹੈ'।

ਇਸ ਤੋਂ ਪਹਿਲਾਂ ਸਭ ਤੋਂ ਛੋਟਾ ਕੈਮਰਾ 'ਪੇਤਾਲ' ਜਾਪਾਨੀ ਫਰਮ ਨੇ ਬਣਾਇਆ ਸੀ। ਸ੍ਰੀ ਸਿਧੂ ਅਤੇ ਚਰਨਜੀਤ ਨੇ ਪਤਰਕਾਰਾਂ ਨੂੰ ਦਸਿਆ ਕਿ ਉਹਨਾਂ ਦੀ ਕੈਮਰੇ ਦੀ ਲੰਬਾਈ 14 ਮਿਲੀ ਮੀਟਰ ਹੈ ਜਦੋਂ ਕਿ 'ਪੇਤਾਲ' ਦੀ ਲੰਬਾਈ 1.14 ਇੰਚ ਸੀ। ਉਹਨਾਂ ਪਤਰਕਾਰਾਂ ਸਾਹਮਣੇ ਆਪਣੇ ਕੈਮਰੇ ਨੂੰ ਕੰਮ ਕਰਦਿਆਂ ਦਿਖਾਇਆ।

ਇਹਨਾਂ ਦੇ ਕੈਮਰੇ ਦੀ ਚੌੜਾਈ ਅਤੇ ਉਚਾਈ 9 ਮਿਲੀ ਮੀਟਰ ਹੈ ਅਤੇ ਲੰਬਾਈ 0.4 ਇੰਚ ਹੈ ਜਦੋਂ ਕਿ 'ਪੇਤਾਲ' ਦੀ ਲੰਬਾਈ 0.47 ਸੀ। ਇਹਨਾਂ ਦੇ ਕੈਮਰੇ ਦਾ ਨਾਅ 'ਸੰਤੋਖ' ਹੈ ਅਤੇ ਇਸ ਕੈਮਰੇ ਦਾ ਭਾਰ 2.5829 ਗਰਾਮ ਅਤੇ 'ਪੇਤਾਲ' ਨਾਲੋਂ 10 ਗੁਣਾ ਹਲਕਾ ਹੈ।

ਇਸ ਕੈਮਰੇ ਦਾ ਸਾਈਜ਼ ਮਨੁਖ ਦੀ ਅੱਧੀ ਅੱਖ ਜਿੰਨਾ ਹੈ ਅਤੇ ਇਸ ਨੂੰ ਅੰਗੂਠੇ ਦੇ ਨੌਂਹ ਨਾਲ ਉਠਾਇਆ ਜਾ ਸਕਦਾ ਹੈ।

ਦੱਖਣੀ ਅਫਰੀਕਾ 'ਚ ਮੈਂਡਰੈਕਸ ਦੀ ਇਕ ਗੋਲੀ 100 ਰੁਪਏ ਦੀ

ਲੁਸਾਕਾ, (ਜ਼ਾਂਬੀਆਂ) ਭਾਰਤ ਵਿਚ ਬਣਦੀਆਂ ਨਸ਼ੀਲੀਆਂ ਮੈਂਡਰੈਕਸ ਗੋਲੀਆਂ ਦਾ ਵਪਾਰ ਦੱਖਣੀ ਅਫਰੀਕਾ ਵਿਚ ਦਿਨੋਂ ਦਿਨ ਬਹੁਤ ਵਧ ਫੁਲ ਰਿਹਾ ਹੈ, ਖਾਸ ਕਰ ਮੁਲਕ ਦਖਣੀ ਅਫਰੀਕਾ ਵਿਚ ਮੈਂਡਰੈਕਸ ਦੀ ਮੰਗ ਅਜ ਕਲ੍ਹ ਵਧਦੀ ਜਾ ਰਹੀ ਹੈ, ਜਿਥੇ ਮੈਂਡਰੈਕਸ ਦੀ ਇਕ ਗੋਲੀ ਖਰੀਦਣ ਲਈ ਬਾਰਾਂ ਅਮਰੀਕੀ ਡਾਲਰ ਤਕ ਤਾਰਨੇ ਪੈਂਦੇ ਹਨ। ਜੋ ਕਿ ਭਾਰਤ ਦੇ ਲਗਪਗ 100 ਰੁਪਏ ਬਣਦੇ ਹਨ।

ਅਤੇ ਦਖਣੀ ਅਫਰੀਕਾ ਦੇ ਗੁਆਂਢੀ ਮੁਲਕ ਜ਼ਾਂਬੀਆਂ, ਜ਼ਿੰਬਾਬਵੇ ਨੂੰ ਦਖਣੀ ਅਫਰੀਕਾ ਵਿਚ ਮੈਂਡਰੈਕਸ ਗੋਲੀਆਂ ਭੇਜਣ ਲਈ ਵਰਤਿਆ ਜਾ ਰਿਹਾ ਹੈ।

ਦੋ ਹਫਤੇ ਪਹਿਲਾਂ ਜ਼ਿੰਬਾਬਵੇ ਦੇ ਇਕ ਕਸਟਮ ਅਧਿਕਾਰੀ ਨੂੰ ਹਰਾਰੇ ਹਵਾਈ ਅਡੇ ਉਤੇ ਛਡ ਦਿਤਾ ਗਿਆ ਲਾਵਾਰਸ ਸੂਟਕੇਸ ਮਿਲਿਆ। ਸੂਟਕੇਸ ਖੋਲਣ ਤੇ ਉਸ ਵਿਚੋਂ ਮੈਂਡਰੈਕਸ ਦੀਆਂ ਨਸ਼ੀਲੀਆਂ ਗੋਲੀਆਂ ਮਿਲੀਆਂ।

ਜ਼ਾਂਬੀਆਂ ਦੇ ਵਿਸ਼ੇਸ਼ ਜਾਂਚ ਟੀਮ ਦੇ ਡਾਇਰੈਕਟਰ ਨੇ ਕਿਹਾ ਕਿ ਹਿੰਦ ਵਿਚ ਬਣਦੀਆਂ ਮੈਂਡਰੈਕਸ ਗੋਲੀਆਂ ਦਖਣੀ ਅਫਰੀਕਾ ਹੀ ਲਿਜਾਈਆਂ ਜਾਂਦੀਆਂ ਹਨ ਕਿਉਂਕਿ ਉਥੇ ਇਹਨਾਂ ਨਸ਼ੀਲੀਆਂ ਗੋਲੀਆਂ ਦੀ ਭਾਰੀ ਮੰਗ ਹੈ ਤੇ ਇਹ ਮੰਗ ਦਿਨੋਂ ਦਿਨ ਵਧਦੀ ਜਾ ਰਹੀ ਹੈ। ਜ਼ਾਂਬੀਆਂ ਨੂੰ ਸਿਰਫ ਅਗਾਂਹ ਭੇਜਣ ਵਾਲੇ ਟਿਕਾਣੇ ਵਜੋਂ ਹੀ ਵਰਤਿਆਂ ਜਾ ਰਿਹਾ ਹੈ।

ਸਮਝੌਤਾ ਨਾ ਹੋਣ ਲਈ ਕੇਂਦਰ ਜ਼ਿੰਮੇਵਾਰ

ਜਲੰਧਰ, ਮਾਰਕਸੀ ਪਾਰਟੀ ਦੀ ਸੂਬਾ ਕਮੇਟੀ ਨੇ ਪੰਜਾਬ ਦੀ ਸਥਿਤੀ ਉਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

ਇਥੇ ਅੱਜ ਜਾਰੀ ਕੀਤੇ ਗਏ ਇਕ ਬਿਆਨ ਵਿਚ ਪਾਰਟੀ ਦੇ ਸਕੱਤਰ ਸਾਥੀ ਸਤਵੰਤ ਸਿੰਘ ਨੇ ਆਸ ਪ੍ਰਗਟ ਕੀਤੀ ਹੈ ਕੇਂਦਰ ਸਰਕਾਰ ਅਤੇ ਅਕਾਲੀ ਆਗੂਆਂ ਵਿਚਕਾਰ ਚਲ ਰਹੀਆਂ ਗੱਲਾਬਾਤਾਂ ਕਿਸੇ ਨਤੀਜੇ ਉਤੇ ਪਹੁੰਚ ਜਾਣਗੀਆਂ ਅਤੇ ਪੰਜਾਬ ਦੀ ਸਥਿਤੀ ਆਮ ਵਰਗੀ ਹੋ ਜਾਵੇਗੀ। ਬਿਆਨ ਵਿਚ ਹੁਣ ਤਕ ਹੋਈਆਂ ਗੱਲਾਬਾਤਾਂ ਫੇਲ੍ਹ ਹੋਣ ਦੀ ਜ਼ਿਮੇਵਾਰੀ ਕੇਂਦਰ ਸਰਕਾਰ ਉਤੇ ਸੁਟੀ ਗਈ ਜਿਹੜੀ ਕਿ ਸਮਝੌਤਾ ਖਰੜੇ ਤੋਂ ਪਿਛੇ ਹਟੀ ਹੈ। ਬਿਆਨ ਵਿਚ ਵਿਦਿਆ ਮੰਤਰੀ ਹਰਚਰਨ ਸਿੰਘ ਅਜਨਾਲਾ ਦੇ ਘਰ ਉਤੇ ਸੁਟੇ ਗਏ ਬੰਬ ਦੀ ਨਿੰਦਾ ਕੀਤੀ ਗਈ ਅਤੇ ਅਕਾਲੀ ਦਲ ਦੇ ਆਗੂਆਂ ਨੂੰ ਇਕ ਵਾਰ ਫੇਰ ਅਤਿਵਾਦੀਆਂ ਦੀਆਂ ਸਰਗਰਮੀਆਂ ਤੋਂ ਸੁਚੇਤ ਰਹਿਣ ਲਈ ਕਿਹਾ ਗਿਆ।

ਕਿਸਾਨਾਂ ਵਲੋਂ ਗੰਨਾਂ ਮਿੱਲ ਮੈਨੇਜਰਾਂ ਦੇ ਘਿਰਾਓ

ਜਲੰਧਰ - ਪੰਜਾਬ ਕਿਸਾਨ ਸਭਾ ਦੇ ਸਕਤਰ ਸਾਥੀ ਜੋਗਿੰਦਰ ਦਿਆਲ ਨੇ ਦਸਿਆ ਦਸੰਬਰ ਨੂੰ ਪੰਜਾਬ ਭਰ ਦੀਆਂ ਗੰਨਾਂ ਮਿਲਾਂ ਅਗੇ ਕਿਸਾਨ ਰੈਲੀਆਂ ਕਰਨਗੇ ਅਤੇ ਜਨਰਲ ਮੈਨੇਜਰਾਂ ਦੇ ਘਿਰਾਓ ਕਰਨਗੇ।

ਪੰਜਾਬ ਦੇ ਕਿਸਾਨ ਮੰਗ ਕਰ ਰਹੇ ਹਨ ਕਿ ਉਹਨਾਂ ਨੂੰ ਗੰਨੇ ਦਾ ਭਾਅ 25 ਤੋਂ 28 ਰੁ: ਕੁਇੰਟਲ ਤਕ ਮੁਹਈਆ ਕੀਤਾ ਜਾਵੇ। ਕੇਂਦਰ ਸਰਕਾਰ ਵਲੋਂ ਗੰਨੇ ਦੇ ਭਾਅ ਸਿਰਫ 13 ਰੁਪਏ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ ਪੰਜਾਬ ਦੇ ਕਿਸਾਨਾਂ ਨੇ ਇਸ ਨੂੰ ਨਾ ਮਨਜੂਰ ਕਰ ਦਿਤਾ ਕਿਉਂਕਿ ਇਹ ਭਾਅ ਉਕਾ ਹੀ ਵਾਰਾ ਨਹੀਂ ਖਾਂਦਾ। ਪੰਜਾਬ ਸਰਕਾਰ ਨੇ ਪੰਜਾਬ ਦੀਆਂ ਮਿਲਾਂ ਨੂੰ ਹਦਾਇਤ ਕੀਤੀ ਹੈ ਕਿ ਉਹ 20 ਤੋਂ 22 ਰੁਪਏ ਤਕ ਗੰਨੇ ਦਾ ਭਾਅ ਕਿਸਾਨਾਂ ਨੂੰ ਦੇਣ ਪਰ ਇਹ ਭਾਅ ਵੀ ਪਿਛਲੇ ਸਾਲ ਨਾਲੋਂ ਥੋੜ੍ਹਾ ਹੈ

ਝੂਠ ਪਛਾਨਣ ਦੇ 7 ਨੁਸਖੇ

ਨਵੀਂ ਦਿੱਲੀ — ਜਿਉਂ ਜਿਉਂ ਮਨੁੱਖ ਵਿਕਾਸ ਦੇ ਪੰਧ ਤੈਅ ਕਰ ਰਿਹਾ ਹੈ। ਉਹ ਸਭਿਅਤਾ ਅਤੇ ਆਚਰਣ ਤੋਂ ਦੂਰ ਹੁੰਦਾ ਜਾ ਰਿਹਾ ਹੈ। ਪੈਸੇ ਦੇ ਲਾਲਚ ਨੇ ਮਨੁੱਖ ਦੀ ਆਤਮਾ ਨੂੰ ਮੁਰਦਾ ਕਰ ਦਿਤਾ ਹੈ। ਮਾਨਵਤਾ ਦਾ ਸਤਿਕਾਰ ਸਮਾਪਤ ਹੁੰਦਾ ਜਾ ਰਿਹਾ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਝੂਠ ਹੀ ਝੂਠ ਬੋਲਿਆਂ ਜਾ ਰਿਹਾ ਹੈ। ਹੁਣ ਮਾਹਰਾਂ ਨੇ ਝੂਠ ਬੋਲਣ ਵਾਲੇ ਆਦਮੀ ਦੀ ਪਛਾਣ ਲਈ ਸੱਤ ਤਰੀਕੇ ਖੋਜ ਕੱਢੇ ਹਨ। ਇਹ ਹਨ:—

1. ਜਦੋ ਵਿਅਕਤੀ ਝੂਠ ਬੋਲੇ ਹਨ ਤਾਂ ਉਹਨਾਂ ਦਾ ਮੂੰਹ ਸੁਕ ਜਾਂਦਾ ਹੈ ਅਤੇ ਉਹ ਲਗਾਤਾਰ ਆਪਣੇ ਬੁੱਲਾਂ ਉਤੇ ਜ਼ਬਾਨ ਫੇਰੀ ਜਾਂਦੇ ਹਨ।
2. ਉਹ ਮੇਜ ਜਾਂ ਤਖਤੇ ਉਤੇ ਆਪਣੀਆਂ ਉਂਗਲਾਂ ਮਾਰਦੇ ਹਨ ਅਤੇ ਪੈਰਾਂ ਦੇ ਅੰਗੂਠੇ ਵੀ ਹਿਲਾਈ ਜਾਂਦੇ ਹਨ। ਜਿਸਦਾ ਮਤਲਬ ਹੈ ਕਿ ਝੂਠ ਦੀ ਪ੍ਰੇਸ਼ਾਨੀ ਨਾਲ ਮਨ-ਮਸਤਕ ਦੇ ਬੋਝ ਦਾ ਇਜ਼ਹਾਰ ਕਰ ਰਿਹਾ ਹੈ।
3. ਦੁਕਾਨਦਾਰ ਝੂਠ ਬੋਲਦਿਆਂ ਨਜ਼ਰਾਂ ਚੁਰਾਉਂਦੇ ਹਨ।
4. ਦੂਜੇ ਵਿਅਕਤੀ ਦੀ ਅੱਖ ਦਾ ਸੰਪਰਕ ਤੋੜਨ ਲਈ, ਕੱਪੜੇ ਦਾ ਸਿਰਾ ਮਰੋੜਨਾ, ਜਾਂ ਕਾਲਪਨਿਕ ਧੱਬੇ ਸਾਫ ਕਰਨਾ ਵੀ ਝੂਠ ਦਾ ਲੱਛਣ ਹੈ।
5. ਗਲ 'ਚ ਲਮਕਦੇ ਰੁਮਾਲ, ਟਾਈ ਜਾਂ ਹਾਰ ਨੂੰ ਟਟੋਲਣਾ ਦਸਦਾ ਹੈ ਕਿ ਦੂਸਰਾ ਵਿਅਕਤੀ ਬੇਚੈਨੀ ਮਹਿਸੂਸ ਕਰ ਰਿਹਾ ਹੈ।
6. ਆਮ ਕਰਕੇ ਇਹ ਵੀ ਝੂਠ ਦੀ ਹਾਲਤ ਹੁੰਦੀ ਹੈ—ਜਦੋਂ ਸਰੀਰ ਤਣਾਅ ਦੀ ਹਾਲਤ 'ਚ ਹੋਵੇ ਅਤੇ ਤੁਸੀਂ ਉਸ ਨੂੰ ਦੂਰ ਕਰਨ ਲਈ ਲੱਤਾਂ ਦਾ ਕਰਾਸ ਬਣਾਕੇ ਖੋਲਣ ਅਤੇ ਫਿਰ ਦੂਜਾ ਕਰਾਸ ਬਣਾਓ ਤਾਂ ਇਹ ਸਥਿਤੀ ਇਕ ਹਦ ਤਕ ਮੱਥੇ ਦੇ ਬੋਝ ਨੂੰ ਪ੍ਰਗਟ ਕਰਦੀ ਹੈ।
7. ਜੇ ਤੁਸੀਂ ਕਿਸੇ ਸਾਥੀ ਨੂੰ ਮਿਲੋ—ਜਿਸ ਦੇ ਬਾਰੇ ਤੁਹਾਨੂੰ ਪਤਾ ਹੋਵੇ ਕਿ ਉਸਨੇ ਕੋਈ ਗਲਤ ਹਰਕਤ ਕੀਤੀ ਹੈ—ਤਾਂ ਉਹ ਇਕੱਠਾ ਜਿਹਾ ਹੋਣਾ ਸ਼ੁਰੂ ਕਰ ਦੇਂਦਾ ਹੈ। ਤੁਸੀ ਵਿਸ਼ਵਾਸ਼ ਕਰ ਲਵੋ ਕਿ ਉਹ ਝੂਠ ਬੋਲ ਰਿਹਾ ਹੈ।

ਜਮਹੂਰੀਅਤ ਬਹਾਲ ਨਾ ਹੋਈ ਤਾਂ ਪਾਕ ਖੇਰੂੰ ਖੇਰੂੰ ਹੋ ਜਾਏਗਾ

ਬੇਗਮ ਭੁੱਟੋ ਦੀ ਬੀ. ਬੀ. ਸੀ. ਨਾਲ ਮੁਲਾਕਾਤ

ਨਵੀਂ ਦਿਲੀ - ਫਾਂਸੀ ਲਾਏ ਗਏ ਪ੍ਰਧਾਨ ਜ਼ੈਡ ਏ. ਭੁਟੋ ਦੀ ਪਤਨੀ ਬੇਗਮ ਭੁਟੋ ਨੇ ਕਿਹਾ ਕਿ ਜੇ ਫੌਜੀ ਡਿਕਟੇਟਰ ਜ਼ਿਆ ਨੇ ਨੇੜ ਭਵਿਖ ਵਿਚ ਜਮਹੂਰੀਅਤ ਬਹਾਲ ਨਾ ਕੀਤੀ ਤਾਂ ਪਾਕਿਸਤਾਨ ਦੇ ਟੁਕੜੇ ਹੋ ਜਾਣ ਦਾ ਖਤਰਾ ਹੈ।

ਉਹਨਾ ਪ੍ਰਧਾਨ ਜ਼ਿਆ ਉਲਹਕ ਦੇ ਇਸ ਬਿਆਨ ਨੂੰ ਨਿਰਾ ਝੂਠ ਦਸਿਆ ਕਿ ਦੇਸ ਦੋ ਜਾਂ ਤਿੰਨ ਸਾਲਾਂ ਅੰਦਰ ਅੰਦਰ ਚੋਣਾਂ ਲਈ ਤਿਆਰ ਹੋ ਜਾਏਗਾ।

ਬੀ. ਬੀ. ਸੀ. ਨਾਲ ਇਕ ਮੁਲਾਕਾਤ ਵਿਚ 53 ਸਾਲ ਦੀ ਸ੍ਰੀਮਤੀ ਭੁਟੋ ਨੇ ਕਿਹਾ ਹੈ, "ਜ਼ਿਆ ਜਾਣਦਾ ਹੈ ਲੋਕ ਮਾਰਸ਼ਲ ਲਾਅ ਨਹੀਂ ਚਾਹੁੰਦੇ। ਉਹ ਕੇਵਲ ਸੰਗੀਨ ਤਾਣ ਕੇ ਹੀ ਰਾਜ ਕਰ ਰਿਹਾ ਹੈ।"

ਉਹ ਸਿੰਧ ਤੇ ਬਲੋਚਿਸਤਾਨ ਵਿਚ ਚਲ ਰਹੀਆਂ ਅਲਹਿਦਗੀ ਪਸੰਦ ਤਹਿਰੀਕਾਂ ਨੂੰ ਪਾਕਿਸਤਾਨ ਦੇ ਭਵਿੱਖ ਲਈ ਖਤਰਾ ਦਸਿਆ।

ਹਥਿਆਰਬੰਦ ਪੁਲਸ ਦੇ ਵਤੀਰੇ ਨੂੰ ਸੈਕੂਲਰ ਬਨਾਣ ਤੇ ਜ਼ੋਰ

ਨਵੀਂ ਦਿਲੀ, — ਫਿਰਕੂ ਹਿੰਸਾ ਨਾਲ ਵਧੇਰੇ ਮੁਅਸਰ ਢੰਗ ਨਾਲ ਨਿਪਟਣ ਲਈ ਕੇਂਦਰ ਨੇ ਰਾਜਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਹਥਿਆਬਬੰਦ ਪੁਲਸ ਦਲਾਂ ਦਾ ਇਸ ਢੰਗ ਨਾਲ ਪੁਨਰਗਠਨ ਕਰਨ ਸਮਾਜ ਦੇ ਸਹੀ ਵਰਗਾਂ ਨੂੰ ਇਸ ਵਿਚ ਨੁਮਾਇੰਦਗੀ ਮਿਲੇ।

ਚੀਨੀ ਯੋਜਨਾ 'ਚ 1.5 ਅਰਬ ਦਾ ਬਜਟ ਘਾਟਾ

ਬੀਜਿੰਗ. - ਚੀਨ ਦੀ 1981-85 ਲਈ ਚਾਰ ਫੀ ਸਦੀ ਸਾਲਾਨਾ ਆਰਥਕ ਪ੍ਰਗਤੀ ਦੀ ਯੋਜਨਾ ਹੈ, ਇਸ ਵਲੋਂ ਬਰਾਮਦਾਂ ਵਿਚ ਥੋੜ੍ਹਾ ਜਿਹਾ ਅਗੇ ਵਧਣ ਦੀ ਸੰਭਾਵਨਾ ਹੈ, ਅਤੇ ਇਹ ਸਾਲਾਨਾ ਬਜਟ ਘਾਟੇ 1.5 ਅਰਬ ਡਾਲਰ ਤਕ ਹੀ ਰਖਣ ਦੇ ਯਤਨ ਕਰੇਗਾ।

ਪ੍ਰਧਾਨ ਮੰਤਰੀ ਜ਼ਾਓ ਜ਼ਿਆਗ ਨੇ ਕਲ ਨੈਸ਼ਨਲ ਪੀਪਲਜ਼ ਕਾਂਗਰਸ ਨੂੰ ਦਸਿਆ ਕਿ 1985 ਵਿਚ ਖਤਮ ਹੋਣ ਵਾਲੀ ਪੰਜ ਸਾਲਾ ਯੋਜਨਾ ਲਈ ਰੱਖੇ ਗਏ ਟੀਚੇ ਸੁਰਖਿਅਤ ਅਤੇ ਢੁਕਵੇਂ ਹਨ, ਅਤੇ ਪੰਜ ਫੀ ਸਦੀ ਸਲਾਨਾ ਉਨਤੀ ਨਾਲ ਯੋਜਨਾ ਤੋਂ ਵਧ ਕੰਮ ਕਰਨ ਦੇ ਜਤਨ ਵੀ ਕੀਤੇ ਜਾਣਗੇ।

ਉਹਨਾਂ ਮਜ਼ਦੂਰਾਂ, ਦਫਤਰੀ ਕੰਮ ਅਤੇ ਸੇਵਾਵਾਂ ਵਲ ਵਧੇਰੇ ਚੰਗਾ ਰਵੱਈਆਂ ਅਖਤਿਆਰ ਕਰਨ ਅਤੇ ਸਵਾਰਥੀ ਹਿੱਤਾਂ ਲਈ ਮੰਦੇ ਕੰਮ ਬੰਦ ਕਰਨ ਦਾ ਸੱਦਾ ਦ੍ਿਤਾ।

ਹਜ਼ਾਰਾਂ ਪ੍ਰੀਵਾਰ ਬੇਘਰ ਹੋ ਗਏ

ਇਹਨਾਂ ਦਿਨਾਂ ਵਿਚ ਅਯੋਗ ਉਸਾਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਖਾਸ ਤੌਰ ਤੇ ਮੋਹਾਲੀ ਤੇ ਲੁਧਿਆਣਾ ਵਿਚ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਮਕਾਨ ਡੇਗ ਦਿਤੇ ਗਏ ਹਨ। ਮੋਹਾਲੀ ਵਿਚ ਫੇਜ਼ 4 ਵਿਚ 2 ਹਜ਼ਾਰ ਮਕਾਨ ਡੇਗ ਦਿਤੇ ਗਏ। ਇਸ ਮੰਤਵ ਲਈ ਅਨੰਦਪੁਰ ਸਾਹਿਬ ਤੋਂ ਪੁਲਸ ਮੰਗਵਾਈ ਗਈ। ਜਦ ਮਕਾਨ ਡੇਗੇ ਜਾ ਰਹੇ ਸਨ ਤਾਂ ਰੋਪੜ ਦੇ ਡਿਪਟੀ ਕਮਿਸ਼ਨਰ ਨੇ ਦੋ ਵਾਰ ਫੇਰਾ ਮਾਰਿਆ। ਕਿਸੇ ਨੇ ਕੋਈ ਰੋਕ ਨਹੀਂ ਪਾਈ। ਬੁਲਡੋਜ਼ਰਾਂ ਨੇ ਆ ਕੇ ਸਾਰੇ ਮਕਾਨ ਕੁਝ ਘੰਟਿਆਂ ਵਿਚ ਹੀ ਜ਼ਮੀਨ ਨਾਲ ਮਿਲਾ ਦਿਤੇ। ਜਿਥੇ ਪਹਿਲਾਂ ਬੜੀ ਰੌਣਕ ਸੀ, ਉਥੇ ਸਿਵਾਏ ਖੰਡਰਾਂ ਦੇ ਕੁਝ ਵੀ ਨਹੀਂ ਸੀ। ਲੋਕ ਆਪਣੇ ਬਾਲ ਬਚਿਆਂ ਸਮੇਤ ਸਮਾਨ ਲੈ ਕੇ ਖੁਲੇ ਅਸਮਾਨ ਥੱਲੇ ਬੈਠੇ ਸਨ। ਇਸ ਸਰਦੀ ਦੇ ਮੌਸਮ ਵਿਚ ਉਹਨਾਂ ਨਾਲ ਕੀ ਗੁਜ਼ਰਦੀ ਹੋਵੇਗੀ, ਇਸ ਦਾ ਅਨੁਮਾਨ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਅਜ ਕਲ ਜਦ ਲੋ ਬੰਦ ਕਮਰਿਆਂ ਵਿਚ ਰਜ਼ਾਈਆਂ ਵਿਚ ਸੌਂਦੇ ਹਨ ਤਾਂ ਫਿਰ ਖੁਲੇ ਅਸਮਾਨ ਥਲੇ ਰਹਿਣ ਵਾਲਿਆਂ ਨਾਲ ਕੀ ਗੁਜ਼ਰ ਰਹੀ ਹੋਵੇਗੀ। ਕੁਝ ਘੰਟੇ ਪਹਿਲਾਂ ਹੀ ਉਹ ਵੀ ਆਪਣੇ ਮਕਾਨਾਂ ਵਿਚ ਰਹਿ ਰਹੇ ਸਨ ਤੇ ਬਹੁਤ ਸਾਂਹਿਆਂ ਨੇ ਸ਼ਾਇਦ ਆਪਣੀ ਸਾਰੀ ਉਮਰ ਦੀ ਕਮਾਈ ਕਰਕੇ ਤੇ ਕਰਜ਼ੇ ਆਦਿ ਲੈ ਕੇ ਇਹ ਮਕਾਨ ਬਣਾਏ ਸਨ। ਉਹਨਾਂ ਦੇ ਅਜੇ ਕਰਜ਼ੇ ਵੀ ਨਹੀਂ ਲਥੇ ਸਨ ਕਿ ਉਹ ਬੇਘਰ ਹੋ ਗਏ। ਅਸਟੇਟ ਆਫਿਸ ਨੇ ਜੋ ਮਕਾਨ ਤੇ ਹੋਰ ਉਸਾਰੀਆਂ ਅਜੇ ਡੇਗਣੀਆਂ ਹਨ, ਉਹਨਾਂ ਦੀ ਨਿਸ਼ਾਨ ਦੇਹੀ ਵੀ ਕਰ ਲਈ ਗਈ ਹੈ।— ਇਸ ਤਰ੍ਹਾਂ ਲੁਧਿਆਣਾ ਵਿਚ ਵੀ ਅਯੋਗ ਉਸਾਰੀਆ ਡੇਗੀਆਂ ਜਾ ਰਹੀਆਂ ਹਨ।ਪੰਜਾਬ ਸਰਕਾਰ ਨੇ ਹੁਕਮ ਦਿਤਾ ਹੈ ਕਿ ਜਿਥੇ ਵੀ ਅਯੋਗ ਉਸਾਰੀਆਂ ਕੀਤੀਆ ਗਈਆਂ ਹਨ ਉਨ੍ਹਾਂ ਨੂੰ ਗਿਰਾ ਦਿਤਾ ਜਾਏ। ਇਸ ਸੁਆਲ ਦੇ ਦੋ ਪੱਖ ਹਨ ਟੈਕਨੀਕਲ ਤੌਰ ਤੇ ਅਧਿਕਾਰੀ ਠੀਕ ਹੋ ਸਕਦੇ ਹਨ ਕਿ ਜਿਥੇ ਵੀ ਕੋਈ ਅਯੋਗ ਉਸਾਰੀ ਹੋਵੇ ਉਸ ਨੂੰ ਡੇਗ ਦਿਤਾ ਜਾਏ ਕਿਸੇ ਨੂੰ ਇਹ ਅਧਿਕਾਰ ਨਹੀਂ ਕਿ ਉਹ ਸਰਕਾਰ ਜਾਂ ਸਰਕਾਰ ਦੀ ਕਿਸੇ ਏਜੰਸੀ ਦੀ ਜ਼ਮੀਨ ਤੇ ਕਬਜ਼ਾ ਕਰਕੇ ਉਸ ਤੇ ਉਸਾਰੀ ਕਰ ਲਵੇ ਇਸ ਲਈ ਅਧਿਕਾਰੀ ਤਾਂ ਕਹਿ ਦੇਣਗੇ ਉਨ੍ਹਾਂ ਨੇ ਨਕਸ਼ੇ ਪਾਸ ਨਹੀਂ ਕੀਤੇ, ਜ਼ਮੀਨਾ ਨਹੀਂ ਵੇਚੀਆਂ। ਕਾਲੋਨੀਆਂ ਦੀ ਆਗਿਆ ਨਹੀਂ ਦਿਤੀ ਤਾਂ ਜਿੰਨਾਂ ਨੇ ਮਕਾਨ ਆਦਿ ਬਣਾ ਲਏ ਉਨ੍ਹਾਂ ਨੇ ਆਪਣੇ ਰਿਸਕ ਅਤੇ ਜ਼ਿੰਮੇਵਾਰੀ ਤੇ ਹੀ ਮਕਾਨ ਬਣਾਏ। ਇਥੋ ਤਕ ਤਾਂ ਉਨ੍ਹਾਂ ਦੀ ਗੱਲ ਤਾਂ ਠੀਕ ਹੈ ਪਰ ਸੁਆਲ ਇਹ ਹੈ ਕਿ ਇਹ ਮਕਾਨ ਰਾਤੋਂ ਰਾਤ ਤਾਂ ਉਸਰ ਨਹੀਂ ਗਏ। ਇਹ ਮਕਾਨ ਇਕ ਦੂਜੇ ਦੀ ਦੇਖਾ ਦੇਖੀ ਉਸਾਰੇ ਗਏ ਕੁਝ ਲੋਕ "ਖਾਮ ਮਖਾਹ" ਹੀ ਕਿਧਰੇ ਖਾਲੀ ਪਈ ਜ਼ਮੀਨ ਦੇ ਮਾਲਕ ਬਣ ਬੈਠਦੇ ਹਨ। ਸ਼ਹਿਰਾਂ ਵਿਚ ਮਕਾਨਾਂ ਦੀ ਬਹੁਤ ਘਾਟ ਹੈ। ਫਿਰ ਕਰਾਏ ਇੰਨੇ ਜ਼ਿਆਦਾ ਹਨ ਕਿ ਗਰੀਬ ਆਦਮੀ ਤਾਂ ਇੰਨਾਂ ਕਰਾਇਆ ਤਾਂ ਅਦਾ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦਾ ਅਤੇ ਹੁਣ ਤਾਂ ਦਰਮਿਆਨੇ ਦਰਜ਼ੇ ਦੇ ਲੋਕਾਂ ਲਈ ਵੀ ਐਨੇ ਕਿਰਾਏ ਅਦਾ ਕਰਨੇ ਮੁਸ਼ਕਲ ਹਨ। ਇਸ ਲਈ ਲੋਕ ਕਿਰਾਇਆਂ ਤੋਂ ਬਚਣ ਲਈ ਖਾਲੀ ਪਈਆਂ ਥਾਵਾਂ ਤੇ ਉਸਾਰੀ ਸ਼ੁਰੂ ਕਰ ਦਿੰਦੇ ਹਨ ਤੇ ਇਹਨਾਂ ਜ਼ਮੀਨਾਂ ਦੇ ਜਾਅਲੀ ਮਾਲਕ ਉਹਨਾਂ ਨੂੰ ਐਨੇ ਸਬਜ਼ ਬਾਗ ਦਿਖਾਂਦੇ ਹਨ ਕਿ ਉਹ ਵਿਚਾਰੇ ਆਪਣੀ ਸਾਰੀ ਉਮਰ ਦੀ ਪੂੰਜੀ ਇਸ ਵਿਚਾਰ ਨਾਲ ਲਗਾਉਣ ਲਈ ਤਿਆਰ ਹੋ ਜਾਂਦੇ ਹਨ ਤਾਂ ਜੋ ਉਹਨਾਂ ਨੂੰ ਸਿਰ ਲੁਕਾਉਣ ਲਈ ਛੱਤ ਮਿਲ ਸਕੇ। ਇਹ ਸਭ ਕੁਝ ਅਧਿਕਾਰੀਆਂ ਦੀ ਨਕ ਥਲੇ ਹੈ। ਉਹਨਾਂ ਦੇ ਸਾਹਮਣੇ ਹੀ ਮਕਾਨ ਉਸਰ ਰਹੇ ਹੁੰਦੇ ਹਨ ਉਹ ਚੁੱਪ ਰਹਿੰਦੇ ਹਨ। ਜੇ ਉਹ ਪਹਿਲਾਂ ਹੀ ਲੋਕਾਂ ਨੂੰ ਦੱਸਣ ਕਿ ਜੋ ਮਕਾਨ ਉਹ ਉਸਾਰ ਰਹੇ ਹਨ, ਉਹ ਢਹਿ ਢੇਰੀ ਕਰ ਦਿਤੇ ਜਾਣਗੇ ਤਾਂ ਲੋਕ ਅਜਿਹਾ ਕਰਨ ਤੋਂ ਬਾਜ਼ ਆ ਸਕਦੇ ਹਨ। ਆਖਿਰਕਾਰ ਕੌਣ ਇਸ ਤਰਾਂ ਆਪਣਾ ਪੈਸਾ ਬਰਬਾਦ ਕਰਨ ਲਈ ਤਿਆਰ ਹੋ ਸਕਦਾ ਹੈ। ਇਹ ਅਧਿਕਾਰੀਆਂ ਦੀ ਗਲਤੀ ਵੀ ਹੈ ਕਿ ਉਹ ਅਯੋਗ ਉਸਾਰੀਆਂ ਕਰਨ ਵਾਲਿਆਂ ਨੂੰ ਪਹਿਲਾਂ ਰੋਕਦੇ ਨਹੀਂ। ਇਸ ਦੇ ਨਾਲ ਹੀ ਇਹ ਦੇਸ਼ ਦਾ ਵੀ ਨੁਕਸਾਨ ਹੈ। ਮਕਾਨਾਂ ਦੀ ਉਸਾਰੀ ਤੇ ਬੜਾ ਕੀਮਤ ਮਟੀਰੀਅਲ ਲੱਗਦਾ ਹੈ। ਉਹ ਵੀ ਸਾਰਾ ਜ਼ਾਇਆ ਹੋ ਗਿਆ। ਇਸ ਸਬੰਧੀ ਅਸੀਂ ਇਹ ਵੀ ਕਹਿਣਾ ਚਾਹੁੰਦੇ ਹਾਂ ਜੋ ਲੋਕ ਬੇਘਰ ਹੋ ਗਏ ਹਨ, ਉਹਨਾਂ ਨੂੰ ਦੁਵਾਰਾ ਵਸਾਇਆ ਜਾਣਾ ਚਾਹੀਦਾ ਹੈ। ਸਰਕਾਰ ਉਹਨਾਂ ਦੀ ਮਦਦ ਜ਼ਰੂਰ ਕਰੇ। ਸਰਕਾਰ ਵਲੋਂ ਜੋ ਮਕਾਨ ਬਣਾਏ ਜਾਂਦੇ ਹਨ, ਉਹਨਾਂ ਵਿਚ ਇਹਨਾਂ ਲੋਕਾਂ ਨੂੰ ਪਹਿਲ ਦੇਵੇ। ਚੰਗਾ ਹੁੰਦਾ ਜੇ ਇਹਨਾਂ ਦਾ ਪਹਿਲਾਂ ਪ੍ਰਬੰਧ ਕਰਕੇ ਫਿਰ ਇਹਨਾਂ ਦੇ ਮਕਾਨ ਢਾਏ ਜਾਂਦੇ। ਇਸਦੇ ਨਾਲ ਹੀ ਜਿਥੇ ਵੀ ਕਿਧਰੇ ਅਯੋਗ ਉਸਾਰੀ ਹੋ ਰਹੀ ਹੋਵੇ ਤਾਂ ਅਧਿਕਾਰੀ ਉਸਨੂੰ ਤੁਰੰਤ ਰੋਕ ਦੇਣ। ਲੋਕ ਅਜਿਹੀਆਂ ਥਾਵਾਂ ਉਤੇ ਜਿਹਨਾਂ ਬਾਰੇ ਉਹਨਾਂ ਨੂੰ ਸ਼ੱਕ ਹੋਵੇ ਕਿ ਉਹ ਪਰਵਾਨਤ ਕਲੋਨੀਆਂ ਨਹੀਂ, ਅਜਿਹੀਆਂ ਉਸਾਰੀਆਂ ਨਾ ਕਰਨ ਅਤੇ ਜੇ ਕੋਈ ਉਹਨਾਂ ਨੂੰ ਸਬਜ਼ ਬਾਗ ਦਿਖਾਏ ਤਾਂ ਉਸਦੇ ਬਹਿਕਾਵੇ ਵਿਚ ਨਾ ਆਉਣ। ਲੋਕਾਂ ਦੀ ਲੋੜ ਦਾ ਜੋ ਲੋਕ ਲਾਭ ਉਠਾਂਦੇ ਹਨ, ਉਹਨਾਂ ਵਿਰੁਧ ਵੀ ਸਖਤ ਤੋਂ ਸਖਤ ਕਰਾਵਾਈ ਕੀਤੀ ਜਾਣੀ ਚਾਹੀਦੀ ਹੈ। ਇਹ ਨਹੀਂ ਕੋਈ ਵਿਅਕਤੀ ਤਾਂ ਸਰਕਾਰੀ ਜ਼ਮੀਨਾਂ ਦੇ ਨਾਮ ਤੇ ਲੱਖਾਂ ਰੁਪੇ ਇਕੱਠੇ ਕਰ ਲਏ ਤੇ ਬਾਅਦ ਵਿਚ ਹਜ਼ਾਰਾਂ ਲੋਕ ਆਪਣੀ ਖੂਨ ਪਸੀਨੇ ਦੀ ਕਮਾਈ ਲੁਟਾ ਕੇ ਸੜਕਾਂ ਤੇ ਰੁਲਣ ਤੇ ਮਜਬੂਰ ਹੋ ਜਾਣ। ਸਰਕਾਰ ਤੋਂ ਲੋਕਾਂ ਦੇ ਆਪਸੀ ਸਹਿਯੋਗ ਨਾਲ ਲੋਕ ਲੁਟੇ ਜਾਣ ਤੇ ਤਬਾਹ ਹੋਣ ਤੋਂ ਬਚ ਸਕਦੇ ਹਨ

ਦਲ 26 ਜਨਵਰੀ ਤੱਕ ਫੈਸਲਾ ਉਡੀਕੇਗਾ

ਅੰਮ੍ਰਿਤਸਰ :—ਅਕਾਲੀ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਦੇ ਅਸਤੀਫੇ 26 ਜਨਵਰੀ ਨੂੰ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ "ਸੰਬੰਧਤ ਅਧਿਕਾਰੀਆਂ" ਦੇ ਹਵਾਲੇ ਕੀਤੇ ਜਾਣਗੇ।

ਇਸ ਤਰ੍ਹਾਂ ਅਕਾਲੀ ਹਾਈਕਮਾਂਡ ਨੇ ਅਸਤੀਫਿਆਂ ਬਾਰੇ ਫੈਸਲੇ ਨੂੰ ਲਗਭਗ ਡੇਢ ਮਹੀਨੇ ਲਈ ਹੋਰ ਲਟਕਾ ਕੇ ਸਰਕਾਰ ਨਾਲ ਗਲਬਾਤ ਲਈ ਗੁੰਜਾਇਸ਼ ਰੱਖ ਲਈ ਹੈ। ਅਕਾਲੀ ਲੀਡਰਸ਼ਿਪ ਸਮਝਦੀ ਜਾਪਦੀ ਹੈ ਕਿ ਏਨੇ ਸਮੇਂ ਦੌਰਾਨ ਵਿਚੋਲਿਆਂ ਨੂੰ ਕਿਸੇ ਨ ਕਿਸੇ ਸਮਝੌਤੇ ਉਤੇ ਅਕਾਲੀ ਦਲ ਅਤੇ ਕੇਂਦਰ ਸਰਕਾਰ ਨੂੰ ਰਾਜ਼ੀ ਕਰਨ ਦਾ ਕੋਈ ਨਾ ਕੋਈ ਰਾਹ ਲੱਭ ਹੀ ਪਵੇਗਾ।

ਅਕਾਲੀ ਹਾਈ ਕਮਾਂਡ ਦੀ ਮੀਟਿੰਗ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕ ਕੇਂਦਰੀ ਖੇਤੀ ਮੰਤਰੀ ਸੁਰਜੀਤ ਸਿੰਘ ਬਰਨਾਲਾ, ਸਾਬਕਾ ਖਜ਼ਾਨਾ ਮੰਤਰੀ ਸ੍ਰੀ ਬਲਵੰਤ ਸਿੰਘ ਤੇ ਹੋਰ ਆਗੂਆਂ ਨੇ ਅਸਤੀਫੇ ਇਕ ਦਮ ਸੰਬੰਧਤ ਅਧਿਕਾਰੀਆਂ ਦੇ ਹਵਾਲੇ ਕਰਨ ਦੇ ਵਿਚਾਰ ਦਾ ਵਿਰੋਧ ਕੀਤਾ ਅਤੇ ਦਲ ਵਿਚਲੇ ਗਰਮ ਖਿਆਲੀਆਂ ਨੂੰ "ਅਜੇ ਹੋਰ ਉਡੀਕ" ਕਰਨ ਲਈ ਅੰਤ ਰਾਜ਼ੀ ਕਰ ਲਿਆ। ਇਸ ਤੋਂ ਪਹਿਲਾਂ ਮੀਟਿੰਗ ਵਿਚ ਕਾਫੀ ਗਰਮਾ ਗਰਮੀ ਹੋਈ ਅਤੇ ਇਕ ਪੜਾਅ ਉਤੇ ਮੀਟਿੰਗ ਬਿਨਾਂ ਕੋਈ ਫੈਸਲਾ ਕੀਤਿਆ ਹੀ ਲਗਭਗ ਉਠ ਖੜੀ ਹੋਈ। ਮੀਟਿੰਗ ਵਿਚ ਗਰਮ ਖਿਆਲੀਆਂ ਨੇ ਇਹ ਵਿਚਾਰ ਵੀ ਰੱਖਿਆ ਕਿ ਸੰਤ ਭਿੰਡਰਾਂਵਾਲੇ ਦੇ ਹਵਾਲੇ ਕਰ ਦਿਤਾ ਜਾਵੇ ਜਾਂ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲੇ ਨੂੰ ਸਾਂਝੇ ਤੌਰ ਤੇ ਮੋਰਚੇ ਦੇ ਡਿਕਟੇਟਰ ਬਣਾ ਦਿਤਾ ਜਾਵੇ। ਪਰ ਇਹ ਵਿਚਾਰ ਅੰਤਮ ਤੌਰ ਤੇ ਪਾਸ ਨਾ ਹੋਇਆ। ਅਤੇ ਮੋਰਚੇ ਦੇ ਸਾਰੇ ਅਧਿਕਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਹੀ ਰਹਿਣ ਦਿਤੇ ਗਏ।

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ, "ਇਹ ਅਸਤੀਫੇ ਜਮਹੂਰੀਅਤ ਦੇ ਨਾਂਅ ਉਤੇ ਸਰਕਾਰ ਵਲੋਂ ਅਪਣਾਏ ਗਏ ਤਾਨਾਸ਼ਾਹ ਵਤੀਰੇ ਵਿਰੁਧ ਰੋਸ ਹਨ"। ਸ੍ਰੀ ਲੌਂਗੋਵਾਲ ਰਾਤ ਦੀ ਹਾਈ ਕਮਾਂਡ ਦੀ ਮੀਟਿੰਗ ਬਾਰੇ ਪੱਤਰਕਾਰਾਂ ਨੂੰ ਕਹਿ ਰਹੇ ਸਨ।

ਸੰਤ ਨੇ ਕਿਹਾ ਅਕਾਲੀ ਦਲ ਨੂੰ ਭਾਰਤ ਦੇ ਸੰਵਿਧਾਨ ਵਿਚ ਕੋਈ ਵਿਸ਼ਵਾਸ ਨਹੀਂ ਰਹਿਆ। ਉਹਨਾਂ ਕਿਹਾ ਸੰਵਿਧਾਨ ਅਤੇ ਕਾਨੂੰਨ ਸਿੱਖਾਂ ਜਿਹੜੇ ਕਿ ਘਟ ਗਿਣਤੀ ਵਿਚ ਹਨ, ਦੇ ਹਿੱਤਾਂ ਦੀ ਰਾਖੀ ਕਰਨ ਵਿਚ ਅਸਫਲ ਰਿਹਾ।

ਸੰਤ ਨੇ ਕਿਹਾ ਇਸੇ ਕਰਕੇ ਅਸੀਂ ਆਪਣੇ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ ਅਸਤੀਫੇ ਪੇਸ਼ ਕਰ ਦੇਣ। ਸਭ ਨੇ ਅਪੀਲ ਦਾ ਹੁੰਗਾਰਾ ਭਰਿਆ ਅਤੇ ਅਸਤੀਫੇ ਭੇਜ ਦਿਤੇ। ਉਹਨਾਂ ਦੱਸਿਆ ਕਿ ਵਿਧਾਇਕਾਂ ਵਲੋਂ ਸਿਰਫ ਡਾਕਟਰ ਭਗਤ ਸਿੰਘ ਹੀ ਅਜੇਹੇ ਹਨ, ਜਿਨ੍ਹਾਂ ਨੇ ਅਜੇ ਤੱਕ ਆਪਣਾ ਅਸਤੀਫਾ ਨਹੀਂ ਭੇਜਿਆ ਕਿਉਂਕਿ ਉਹ ਬਦੇਸ਼ ਗਏ ਹੋਏ ਹਨ, ਸੰਤ ਨੇ ਕਿਹਾ ਉਹਨਾਂ ਨਾਲ ਸੰਪਰਕ ਕੀਤਾ ਗਿਆ ਹੈ ਉਹ ਛੇਤੀ ਹੀ ਆਪਣਾ ਅਸਤੀਫਾ ਪੇਸ਼ ਕਰ ਦੇਣਗੇ। ਅਕਾਲੀ ਆਗੂ ਨੇ ਕਿਹਾ ਮੋਰਚਾ ਪਹਿਲਾਂ ਵਾਂਗ ਹੀ ਜਾਰੀ ਰਹੇਗਾ ਤੇ ਵਰਕਰ ਆਪਣੀਆਂ ਗ੍ਰਿਫਤਾਰੀਆਂ ਦਿੰਦੇ ਰਹਿਣਗੇ।

ਮੋਰਚੇ ਦੀ ਅਗਲੀ ਰੂਪ ਰੇਖਾ ਦਾ ਐਲਾਨ ਵੀ 26 ਜਨਵਰੀ ਨੂੰ ਰੀਪਬਲਿਕ ਦਿਵਸ ਤੇ ਕੀਤਾ ਜਾਵੇਗਾ।

ਜਦੋਂ ਸੰਤ ਲੌਂਗੋਵਾਲ ਨੂੰ ਪੱਤਰਕਾਰਾਂ ਨੇ ਸਵਾਲ ਕੀਤਾ ਕਿ 45 ਦਿਨ ਦਾ ਇਹ ਵਕਫਾ ਅਕਾਲੀ ਦਲ ਦੀ ਕਮਜ਼ੋਰੀ ਦੀ ਨਿਸ਼ਾਨੀ ਨਹੀਂ ਹੈ? ਤਾਂ ਸੰਤ ਨੇ ਕਿਹਾ 'ਨਹੀਂ'। ਇਹ ਤਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵਲੋਂ ਕੀਤੀ ਜਾ ਰਹੀ ਕੁਰਬਾਨੀ ਹੈ। ਅਤੇ ਸਿੱਖ ਸੰਗਤਾਂ ਫੈਸਲੇ ਦੀ ਉਡੀਕ ਕਰ ਰਹੀਆਂ ਹਨ। ਇਕ ਸੁਆਲ ਦੇ ਜਵਾਬ ਵਿਚ ਸੰਤ ਨੇ ਕਿਹਾ ਜੇਕਰ ਲੋੜ ਪਈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਆਪਣੇ ਅਸਤੀਫੇ ਦੇਣਗੇ। ਉਸਨੇ ਦਾਅਵਾ ਕੀਤਾ ਕਿ ਵੱਖ ਵੱਖ ਅਹੁਦਿਆਂ ਉਤੇ ਸਥਾਪਤ ਕੋਈ ਇਕ ਹਜ਼ਾਰ ਸਿੱਖਾਂ ਨੇ ਆਪਣੇ ਅਸਤੀਫੇ ਪਹਿਲਾਂ ਹੀ ਉਹਨਾਂ ਕੋਲ ਜਮਾਂ ਕਰਾਏ ਹੋਏ ਹਨ ਅਤੇ ਸਮਾਂ ਆਉਣ ਤੇ ਇਸਦਾ ਪਤਾ ਲਗ ਜਾਏਗਾ। ਉਨ੍ਹਾਂ ਕਿਹਾ ਕਿ ਇਹ ਅਸਤੀਫਾ ਦੇਣ ਵਾਲਿਆਂ ਵਿਚ ਬਹੁਤ ਸਾਰੇ ਆਈ. ਏ. ਐਸ. ਅਤੇ ਆਈ. ਪੀ. ਐਸ, ਅਫ਼ਸਰ ਸ਼ਾਮਲ ਹਨ। ਉਸਨੇ ਕਿਹਾ 4 ਅਗਸਤ ਤੋਂ ਸ਼ੁਰੂ ਕੀਤੇ ਗਏ ਮੋਰਚੇ ਵਿਚ ਹੁਣ ਤੱਕ ਸੱਠ ਹਜ਼ਾਰ ਅਕਾਲੀ ਵਰਕਰਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਹਨ। ਲਗਭਗ 168 ਵਿਅਕਤੀ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਸੰਤ ਨੇ ਕਿਹਾ ਜਿਸ ਢੰਗ ਨਾਲ ਸਰਕਾਰ ਨੇ ਸਿੱਖਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਹੈ ਉਸਤੋਂ ਲੱਗਦਾ ਹੈ ਜਿਵੇਂ ਸਰਕਾਰ ਸਿੱਖਾਂ ਨੂੰ ਇਸ ਦੇਸ ਦੇ ਬਰਾਬਰ ਦੇ ਸ਼ਹਿਰੀ ਨਹੀਂ ਸਮਝਦੀ।

ਜਦੋਂ ਸੰਤ ਨੂੰ ਰਾਤ ਵਾਲੀ ਮੀਟਿੰਗ ਵਿਚ ਪੈਦਾ ਡੈਡਲਾਕ ਬਾਰੇ ਪੁਛਿਆ ਗਿਆ ਤਾਂ ਸੰਤ ਨੇ ਕਿਹਾ "ਮਤਭੇਦ ਤਾਂ ਹੁੰਦੇ ਹੀ ਹਨ।"

ਉਸਨੇ ਕਿਹਾ ਉਸਨੂੰ ਇਹ ਅਧਿਕਾਰ ਦਿਤਾ ਗਿਆ ਹੈ ਕਿ ਉਹ ਅੰਤਮ ਤੌਰ ਤੇ ਜੋ ਮਰਜ਼ੀ ਫੈਸਲਾ ਕਰਨ।

ਸੰਤ ਨੇ ਕਿਹਾ ਜੇਕਰ ਪ੍ਰਧਾਨ ਮੰਤਰੀ ਚਾਹੁਣ ਤਾਂ ਉਹਨਾਂ ਨੂੰ ਮਿਲ ਸਕਦੇ ਹਨ ਅਤੇ ਉਹਨਾਂ ਦੇ ਇਸ ਕਦਮ ਦਾ ਸੁਆਗਤ ਕੀਤਾ ਜਾਵੇਗਾ।

ਵਿਅੰਗ

ਮੁਲਾਕਾਤ ਇਕ ਦਲ ਬਦਲੂ ਨਾਲ

.. ਕੇ. ਐਲ. ਗਰਗ

ਤਾਊ ਰੰਗੀ ਰਾਮ ਤੇ ਕਾਮਰੇਡ ਮੁਕੰਦੀ ਲਾਲਾ ਥੜ੍ਹੇ 'ਤੇ ਬੈਠੇ ਸ਼ਾਮ ਦੀ ਚਾਹ ਹਜ਼ਮ ਕਰ ਰਹੇ ਸਨ ਕਿ ਅਚਾਨਕ ਉਨ੍ਹਾਂ ਨੂੰ ਦੂਰੋਂ ਇੱਕ ਬੰਦਾ ਆਪਣੇ ਵਲ ਆਉਂਦਾ ਦਿਸਿਆ. ਤਾਊ ਨੇ ਆਪਣੀ ਇੱਕ ਡੰਡੀ ਵਾਲੀ ਐਨਕ ਲਾਉਂਦਿਆਂ ਉਧਰ ਦੇਖਿਆ. ਕਾਮਰੇਡ ਪਹਿਲਾਂ ਈ ਉਧਰ ਝਾਕ ਰਿਹਾ ਸੀ.

'ਆਹ ਕਿਹੜਾ ਆਉਂਦਾ ਚੋਰ ਜਿਆ, ਭਾਈ ਕਾਮਰੇਟਾਂ?' ਤਾਊਂ ਨੇ ਕੱਛੂ ਕੁੰਮੇ ਵਾਂਗ ਗਰਦਨ ਅਗਾਂਹ ਨੂੰ ਕੱਢਦੇ ਹੋਏ ਪੁੱਛਿਆ.

'ਕੋਈ ਨੇਤਾ ਹੋਣੈਂ, ਤਾਊ! ਸ਼ਕਲੋਂ ਤਾਂ ਪੂਰਾ ਛੱਟਿਆ ਹੋਇਆ ਹਰਾਮਖੋਰ ਜਿਆ ਲੱਗਦੇ—ਦੇਂਹ ਤਾਂ ਸਹੀ ਕਿਮੇਂ ਬਗਲੇ ਭਗਤ ਅਰਗੀ ਵਜ੍ਹਾ—ਕੜ੍ਹਾ ਬਣਾਈ ਐ.'

'ਮੈਨੂੰ ਚੋਰ ਜਿਆ ਲੱਗਦੇ ਤੇ ਤੈਨੂੰ ਨੇਤਾ ਜਿਆ, ਇਹ ਕੀ ਗੱਲ ਬਣਗੀ ਭਾਈ ਕਾਮਰੇਟਾ.'

'ਇੱਕੋ ਗੱਲ ਐ ਤਾਊ, ਇੱਕੋ! ਰਤੀ ਭਰ ਵੀ ਫ਼ਰਕ ਨੀ ਰਹਿਣ ਦਿੱਤਾ ਇਨਾਂ ਨੇਤਾਗਰੀ ਤੇ ਚੋਰਗਰੀ 'ਚ,' ਉਹ ਤਾੜੀ ਮਾਰਕੇ ਜ਼ੋਰ ਜ਼ੋਰ ਦੀ ਹੱਸ ਪਏ. ਬੰਦਾ ਬਿਲਕੁਲ ਕੋਲ ਅੱਪੜ ਗਿਆ ਸੀ.

'ਮ੍ਹਾਰਾਜ ਜੀ..... ਮ੍ਹਾਰਾਜ ਜੀ!' ਉਹਨੇ ਦੋਵੇਂ ਹੱਥ ਸਤਿਕਾਰ ਵਜੋਂ ਜੋੜ ਕੇ ਦੋਵਾਂ ਨੂੰ ਜੈ ਰਾਮ ਜੀ ਕੀ ਕਹੀ. 'ਮੈਂ ਤੁਹਾਡੇ ਕੋਲ ਬਹਿ ਸਕਦਾਂ.....ਵੋਟਰ ਤਾਂ ਭਗਵਾਨ ਵਰਗੇ ਹੀ ਹੁੰਦੇ ਐ—ਜੇ ਉਹਨਾਂ ਦੇ ਚਰਨਾਂ 'ਚ ਥਾਂ ਮਿਲਜੇ.....!' ਉਹਨੇ ਬੜੀ ਹੀ ਹਲੀਮੀ ਅਤੇ ਮਿਠਾਸ ਭਰੇ ਸ਼ਬਦਾਂ 'ਚ ਪੁੱਛਿਆ.

'ਆਉ, ਆਉ ਨੇਤਾ ਜੀ ਮਹਾਰਾਜ.....!' ਕਾਮਰੇਡ ਨੇ ਹਲਕੀ ਜਿਹੀ ਰੌਂ 'ਚ ਕਿਹਾ.

'ਥੋਡਾ ਨਾਉਂ ਕੀ ਐ ਜੀ ਭਲਾ?' ਤਾਊਂ ਸਮਝ ਗਿਆ ਸੀ ਕਿ ਬੰਦਾ ਕੋਈ ਲੀਡਰਨੁਮਾ ਈ ਸੀ.

'ਦਾਸ ਨੂੰ ਗੰਗਾ ਰਾਮ ਕਹਿੰਦੇ ਐ ਜੀ!' ਬੰਦੇ ਨੇ ਸਿਰ ਨਿਵਾ ਕੇ ਜਲੇਬੀ ਵਰਗੀ ਮਿੱਠੀ ਆਵਾਜ਼ਾ 'ਚ ਦੱਸਿਆ.

'ਗੰਗਾ ਰਾਮਾ ਚੂਰੀ ਖਾਏਂਗਾ..... ਅਛਿਆ, ਅਛਿਆ, ਗੰਗਾ ਰਾਮ ਚੂਰੀ ਖਾਣ ਆਲੇ ਜੀ.' ਤਾਊ ਨੂੰ ਪਤਾ ਨਹੀਂ ਕਿੱਥੋਂ ਮਜ਼ਾਕ ਸੁਝਣ ਲੱਗ ਪਿਆ ਸੀ.

'ਨਹੀਂ ਜੀ, ਲੋਕਾਂ ਦੀਆਂ ਝਿੜਕਾਂ ਖਾਣ ਵਾਲੇ, ਜੁੱਤੀਆਂ ਖਾਣ ਵਾਲੇ! ਚੂਰੀ ਹੁਣ ਕਿੱਥੇ ਲੱਭਦੀ ਐ ਜੀ— ਉਹ ਮਾਂ ਮਰਗੀ ਜਿਹੜੀ ਭੌਰ—ਭੌਰ ਕੇ ਚੂਰੀ ਖੁਆਉਂਦੀ ਹੁੰਦੀ ਸੀ.' ਬੰਦੇ ਨੇ ਇੱਕ ਲੰਮਾ ਹੌਕਾ ਜਿਹਾ ਖਿਚਕੇ ਕਿਹਾ.

'ਲੋਕਾਂ ਦਾ ਸਿਰ ਖਾਣ ਆਲੇ, ਮਗਜ਼ ਚੱਟਣ ਆਲੇ..... ਲਹੂ ਪੀਣ ਆਲੇ..... ਵੋਟਾਂ ਚੱਬਣ ਆਲੇ.....!' ਕਾਮਰੇਡ ਨੇ ਕਈ ਸ਼ਬਦ ਮਨ ਈ ਮਨ ਦੁਹਰਾ ਦਿੱਤੇ.

'ਜਮਨਾ ਦਾਸ ਕੌਣ ਤੀ ਜੀ? ਕੋਈ ਥੋਡੇ 'ਚੋਂ ਈ ਤੀ?' ਤਾਊਂ ਨੇ ਉਤਸੁਕਤਾ ਜਿਹੀ ਨਾਲ ਪੁੱਛਿਆ.

'ਉਹ ਵੀ ਦਾਸ ਦਾ ਈ ਪਹਿਲਾ ਨਾਉਂ ਸੀ ਜੀ —ਪਹਿਲੀਆਂ ਚੋਣਾਂ ਮੈਂ ਇਸੇ ਨਾਉਂ ਤੇ ਲੜੀਆਂ ਸੀ ਜੀ!' ਬੰਦੇ ਨੇ ਬੜੀ ਹੀ ਮਿੰਨਤ ਨਾਲ ਜਵਾਬ ਦਿੱਤਾ.

'ਇਹ ਗੱਲ ਕਿਮੇ ਮਸ਼ੂਰ ਹੋਗੀ ਬਈ ਗੰਗਾ ਗਏ ਗੰਗਾ ਰਾਮ ਤੇ ਜਮਨਾ ਗਏ ਜਮਨਾ ਦਾਸ.' ਤਾਊ ਨੇ ਅਚਾਨਕ ਕੁਝ ਯਾਦ ਆਉਂਦਿਆਂ ਹੀ ਪੁੱਛਿਆ.'

ਉਹ ਜੀ ਕੀ ਦੱਸੀਏ ਸਾਡੇ ਬਜ਼ੁਰਗਾਂ ਦਾ ਇਕ ਕਾਰਖਾਨਾ ਗੰਗਾ 'ਤੇ ਸੀ ਤੇ ਇਕ ਜਮਨਾ 'ਤੇ, ਬਸ ਜੀ ਤੁਸੀਂ ਜਾਣਦੇ ਈ ਓ ਕਿ ਨਿਗਰਾਨੀ ਲਈ ਕਦੇ ਉਥੇ ਜਾਣਾ ਪੈਂਦਾ ਸੀ ਤੇ ਕਦੇ ਉਥੇ. ਜਦ ਗੰਗਾ ਜਾਈਦਾ ਸੀ ਤਾਂ ਗੰਗਾ ਰਾਮ ਬਣ ਜਾਈਦਾ ਸੀ ਤੇ ਜਦ ਜਮਨਾ ਜਾਈਦਾ ਸੀ ਤਾਂ ਲੋਕ ਜਮਨਾ ਦਾਸ ਕਹਿਣ ਲੱਗ ਪੈਂਦੇ ਸਨ,' ਤੇ ਬੰਦਾ ਹੋਰ ਨਿਮ ਗਿਆ ਸੀ. ਤਾਊ ਤੇ ਕਾਮਰੇਡ ਤੋਂ ਹਾਸਾ ਰੋਕਣਾ ਮੁਸ਼ਕਲ ਹੋ ਗਿਆ ਸੀ.

'ਤੇ ਆਇਆ ਰਾਮ ਗਿਆ ਰਾਮ ਕੀ ਤੀ ਜੀ?' ਕਾਮਰੇਡ ਤੋਂ ਵੀ ਹੁਣ ਪੁੱਛਣੋਂ ਰਿਹਾ ਨਾ ਗਿਆ.

'ਊਂ ਜੀ ਤੁਸੀ ਜਾਣਦੇ ਈ ਓ ਸਾਡਾ ਖਾਨਦਾਨ ਸੀ ਵੱਡਾ—ਸੈਂਕੜੇ ਬੰਦੇ ਰੋਜ਼ ਮਿਲਣ ਗਿਲਣ ਵਾਲੇ ਆਏ ਈ ਰਹਿੰਦੇ ਸੀ. ਇਕ ਆਉਂਦਾ ਸੀ ਦੂਜਾ ਜਾਂਦਾ ਸੀ—ਇਕ ਉਠਦਾ ਸੀ ਦੂਜਾ ਬਹਿ ਜਾਂਦਾ ਸੀ—ਸਾਡੀ ਮਾਂ ਨੇ ਸਾਰੇ ਟੱਬਰ ਦਾ ਨਾਉਂ ਈ ਆਇਆ ਰਾਮ ਗਿਆ ਰਾਜ ਧਰਤਾ—ਹੋਰ ਆਉਂਣਾ ਜਾਣਾ ਕੀ ਮੋਠਾਂ ਦੀ ਦਾਲ ਐ,' ਹੁਣ ਕਾਮਰੇਡ ਨੂੰ ਹਾਸਾ ਵੀ ਆ ਰਿਹਾ ਸੀ ਤੇ ਉਹਦਾ ਰੋਣ ਨੂੰ ਵੀ ਜੀਅ ਕਰਦਾ ਸੀ. ਉਹਦਾ ਚਿੱਤ ਕਰਦਾ ਸੀ ਬਿਲਖ-ਬਿਲਖ ਕੇ ਕਹੇ.

'ਚੋਰੋ, ਹੁਣ ਤਾਂ ਝੂਠ ਬੋਲਣੋਂ ਹਟ ਜੋ—ਹੁਣ ਤਾਂ ਆਜ਼ਾਦੀ ਵੀ ਬੁੱਢੀ ਹੋ ਚਲੀ ਐ—ਹੁਣ ਤਾਂ ਭਾਰਤ ਮਾਂ ਦੇ ਕਪੜੇ ਵੀ ਤੁਸੀ ਲੋਕਾਂ ਲਾਹ ਲਏ..... ਹੁਣ ਤਾਂ......' ਪਰ ਉਹ ਚੁੱਪ ਹੀ ਰਿਹਾ.

'ਪਹਿਲੀਆਂ ਚੋਣਾਂ 'ਚ ਤਾਂ ਤੁਸੀ ਨੀਲੀ ਪਗ ਬੰਨ੍ਹੀਂ ਫਿਰਦੇ ਸੀ! ਕਾਮਰੇਡ ਤੋਂ ਰਿਹਾ ਨਾ ਗਿਆ.

'ਉਦੋਂ ਮੈਂ ਅਕਾਲੀ ਟਿਕਟ ਤੇ ਚੋਣ ਲੜੀ ਸੀ....'

'ਤੇ ਹੁਣ ਸਫ਼ੈਦ ਬੰਨ੍ਹੀਂ ਫਿਰੇ ਓਂ......!'

'ਐਤਕੀ ਸ਼ਾਇਦ ਕਾਂਗਰਸ ਟਿਕਟ ਮਿਲ ਜੇ......!'

'ਤੇ ਅਗਲੀ ਵਾਰ ਤੁਸੀ ਕੇਸਰੀਆ ਰੁਮਾਲਾ ਬੰਨ੍ਹ ਲਉਗੇ ਤੇ ਨੀਕਰ ਪਾਉਣ ਲੱਗ ਜੋਂਗੇ., ਤਾਊ ਨੇ ਮੁਸਕੜੀਆ ਕੱਢਦੇ ਹੋਏ ਕਿਹਾ.

'ਕੀ ਕਰੀਏ ਜੀ, ਜ਼ਮਾਨਾ ਈ ਖਰਾਬ ਆ ਗਿਐ, ਸਾਨੂੰ ਵੀ ਗਿਰਵਿਟ ਵਾਂਗੂ ਰੰਗ ਬਦਲਣੇ ਪੈਂਦੇ ਐ—'

'ਥੋੜੇ ਮੁਕਾਬਲੇ 'ਚ ਗਿਰਗਟ ਵਿਚਾਰਾ ਕੀਹਦਾ ਪਾਣੀਹਾਰ ਐ, ਉਹ ਤਾਂ ਥੋਡੇ ਸਾਹਮਣੇ ਪਾਂਸਕੂ ਵੀ ਨਹੀਂ, ਗਿਰਾਵਟ ਥੋਡਾ ਮੁਕਾਬਲਾ ਕਰ ਸਕਦਾ.....,' ਤਾਊ ਨੇ ਹਾਸਾ ਰੋਕਦੇ ਹੋਏ ਕਿਹਾ.

'ਅੱਜ ਕੱਲ੍ਹ ਹਰ ਬੰਦਾ ਆਪਣਾ ਨਜਾਇਜ਼ ਕੰਮ ਕਰਾਉਣਾ ਚਾਹੁੰਦੇ, ਸਾਡੇ ਕੋਲ ਅਲਾਦੀਨ ਦਾ ਚਿਰਾਗ ਤਾਂ ਹੈਨੀ ਬਈ ਘੁਮਾਇਆ ਤੇ ਕੰਮ ਹੋ ਗਿਆ. ਜੇ ਆਪੋਜੀਸ਼ਨ 'ਚ ਬਹਿ ਜੀਏ ਤਾਂ ਨਾ ਕਿਸੇ ਦਾ ਕੰਮ ਹੁੰਦੇ ਤੇ ਨਾ ਆਪਣੀ ਜੇਬ ਚਲਦੀ ਐ, ਲੋਕ ਤਾਂ ਮਿੰਟ 'ਚ ਕਹਿਣ ਲੱਗ ਪੈਂਦੇ ਐ ਕਿ ਖੂਹ 'ਚ ਡਿੱਗਵੇ ਐਮ. ਐਲ. ਏ. ਤੇ ਖਾਤੇ 'ਚ ਜਾਏ ਉਹਦੀ ਐਮ. ਐਲ. ਈ, ਸਾਡੇ ਕੋਲ ਕਿਹੜਾ ਕਾਰੂ ਦਾ ਖਜਾਨਾ ਬਈ ਅਸੀਂ ਕੱਢ-ਕੱਢ ਲਾਈ ਜਾਵਾਂਗੇ. ਚੋਣਾ ਲੜਨ ਤੇ......!' ਬੰਦੇ ਨੇ ਤਰਲੇ ਜਿਹੇ ਨਾਲ ਕਿਹਾ!

'ਤਾਂ ਹੀ ਤਾਂ ਲੋਕ ਰਾਜਨੀਤੀ ਨੂੰ ਲੂੰਬੜਨੀਤੀ ਦੱਸਣ ਲੱਗ ਪੇ, ਤਾਊ ਹੁਣ ਇਹ ਨਿਰੀ ਗੁੱਡਿਆਂ ਦੀ ਖੇਡ ਐ!' ਕਾਮਰੇਡ ਨੇ ਤਾਊ ਵੱਲ ਦੇਖਦੇ ਹੋਏ ਕਿਹਾ.

'ਕਾਮਰੇਡ ਜੀ ਤੁਸੀ ਗਲਤ ਕਹਿੰਦੇ ਜੇ, ਸਾਡੇ ਵਰਗੇ ਲੋਕ ਤਾਂ ਪਾਵਰ ਨੂੰ ਬੈਲੈਂਸਡ ਰੱਖਦੇ ਨੇ! ਨਹੀਂ ਤਾਂ ਰਾਜ ਕਰਦੀ ਪਾਰਟੀ ਪਤਾ ਨੀ ਲੋਕਾਂ ਦਾ ਕੀ ਹਾਲ ਕਰਦੇ, ਜਿਧਰ ਜਾਈਏ ਉਧਰ ਈ ਰਾਜ ਭਾਗ ਦਾ ਗੇੜ ਬਣ ਜਾਂਦੇ, ਬਾਕੀ ਕਮਲੇ ਲੋਕ ਵਿਰੋਧੀ ਬੈਂਚਾਂ ਤੇ ਬੈਠੇ ਮੱਖੀਆ ਮਾਰਦੇ ਰਹਿੰਦੇ ਐ....'

'ਫੇਰ ਤਾਂ ਤੁਸੀਂ ਰਾਜਨੀਤੀ ਦੇ ਚਤੁਰ ਖਿਲਾੜੀ ਹੋਏ ਕਿ .....?' ਕਾਮਰੇਡ ਨੇ ਕਿਹਾ.

'ਨਹੀਂ ਜੀ ਕਿੱਥੇ, ਹੁਣ ਜਮਾਨੇ ਚੜ੍ਹਗੇ ਗੱਡੀ ਜਾਖਲ ਵਾਲੀ. ਹੁਣ ਤਾਂ ਹਰ ਕੋਈ ਸਾਨੂੰ ਵਿਕਾਊ ਮਾਲ ਈ ਸਮਝਦੇ, ਜਦੋਂ ਚੋਣਾ ਹੋ ਕੇ ਹਟਦੀਆਂ ਹਰ ਕੋਈ ਸਾਨੂੰ ਘੇਰ ਲੈਂਦਾ, ਕੋਈ ਕਿਸੇ ਫਾਰਮ 'ਚ ਕੱਟਦੇ ਤੇ ਕੋਈ ਕਿਸੇ ਚਿੜੀਆਂ ਘਰ 'ਚ ਲੁਕ ਕੇ ਜਾਨ ਬਚਾਉਂਦੈ, ਕੋਈ ਤੇਜਾ ਫ਼ਾਰਮ ਤੇ ਕੋਈ ਨੇਜਾ ਫ਼ਾਰਮ ਤੇ, ਕੁੜੀਆਂ ਜਾਂ ਤੀਵੀਆਂ ਉਧਲਦੀਆਂ ਸੁਣੀਆਂ ਸੀ ਕਦੇ ਐਮ. ਐਲ. ਏ. ਵੀ ਅਗਵਾਹ ਹੁੰਦੇ ਸੁਣੇ ਸੀ ਤੁਸੀਂ.....!' ਬੰਦੇ ਨੂੰ ਮੁੜ੍ਹਕਾ ਆ ਗਿਆ ਸੀ ।.

'ਇਬਤਦਾਏ ਇਸ਼ਕ ਹੈ ਰੋਤਾ ਹੈ ਕਿਆ..... ਆਗੇ ਆਗੇ ਦੇਖੀਏ ਹੋਤਾ ਹੈ ਕਿਆ......!' ਤਾਊ ਸ਼ਿਅਰ ਪੜ੍ਹਣ ਲੱਗ ਪਿਆ ਸੀ!

'ਅੱਜ ਫੇਰ ਕਿਮੇਂ ਹੋ ਗਿਆ ਆਉਣਾ?' ਕਾਮਰੇਡ ਨੇ ਪੁੱਛਿਆ!

'ਮੈਂ ਸੋਚਿਆ ਚਲੋ ਆਪਣੇ ਇਲਾਕੇ ਦੇ ਲੋਕਾਂ ਦਾ ਹਾਲ ਚਾਲ ਈ ਪੁੱਛ ਆਈਏ,,,,,!' ਬੰਦੇ ਨੇ ਹੀਂ ਹੀਂ ਕਰਦੇ ਹੋਏ ਕਿਹਾ!

'ਅਸੀਂ ਤਾਂ ਚੰਗੇ ਭਲੇ ਆਂ ਬਿਮਾਰ ਥੋੜੇ ਆਂ......!' ਤਾਊ ਝੱਟ ਬੋਲ ਪਿਆ.

'ਨਾਲੇ ਤੁਸੀ ਘਰ ਦੇ ਬੰਦੇ ਓ ਥੋਤੋਂ ਕਾਹਦੀ ਲਕਾਊ ਐ, ਆਉਣ ਵਾਲੀਆਂ ਚੋਣਾਂ ਲਈ ਗਰਾਊਂਡ ਤਿਆਰ ਕਰ ਰਿਹਾਂ, ਲੋਕ ਇਹ ਨਾ ਕਹਿਣ ਕਿ ਨੇਤਾ ਲੋਕ ਸ਼ਕਲ ਈ ਨੀ ਦਿਖਾਉਂਦੇ......!

'ਗਰਾਊਂਡ 'ਚ ਫੁਟਬਾਲ ਖੇਡਿਆ ਕਰੋਗੇ ਕਿ ਹਾਕੀ— ਕਿ ਸ਼ਕਰਭੁਜੀ' ਤਾਊ ਖੀਂ-ਖੀਂ ਕਰਕੇ ਹੱਸ ਰਿਹਾ ਸੀ!

'ਨਹੀਂ ਰਾਜਨੀਤੀ ਦੇ ਦਾਉ ਪੇਚ ਹੋਇਆ ਕਰਨਗੇ ਰਾਜਨੀਤਕ ਦੰਗਲ..... ਕੁਸ਼ਤੀਆਂ ....' ਕਾਮਰੇਡ ਨੇ ਮਨ ਹੀ ਮਨ ਕਿਹਾ.

'ਚੰਗਾ ਭੁਲਿਉ ਨਾ ਦਾਸ ਨੂੰ' ਕਹਿਕੇ ਬੰਦਾ ਨਮਸਕਾਰ ਦੀ ਮੁਕਰਾ ਬਣਾਉਂਦਾ ਤੁਰ ਗਿਆ!

'ਇਹ ਡੱਡੂ ਕਿਧਰੋਂ ਨਿਕਲ ਆਏ ਕਾਮਰੇਟਾਂ......!' ਤਾਊ ਨੇ ਹੱਸਦਿਆਂ ਹੱਸਦਿਆਂ ਕਿਹਾ.

'ਮੀਂਹ ਪੈਣ ਤੇ ਇਹ ਨਿਕਲ ਈ ਆਉਂਦੇ ਐ-ਚੰਣਾ ਨੀ ਆ ਗੀਆਂ, ਟਰੈਂ ਟਰੈਂ ਕਰ ਕੇ ਸਿਰ ਖਾ ਜਾਣਗੇ ਜਨਤਾ ਦਾ ਤੇ ਫੇਰ ਪੰਜ ਵਰ੍ਹੇ ਭਾਮੇ ਅੱਗ ਵਰਦੀ ਰਵ੍ਹੇ ਇਨਾਂ ਦਾ ਸਾਹ ਤੱਕ ਨੀ ਸੁਣਾਈਂ ਦਿੰਦਾ......!'

'ਐਮੇਂ ਉੱਲੂ ਬਣਾਉਂਦੇ ਫਿਰਦੇ ਐ ਲੋਕਾਂ ਨੂੰ ਫਿਰ ਤਾਂ ਇਹ ਲੋਕ!'

'ਚਲੋ ਆਪਾਂ ਹੁਣ ਤਾਂ ਬੱਚ ਰਹੇ ਪਰ ਚੋਣਾਂ ਤੱਕ ਸ਼ਾਇਦ ਆਪਾਂ ਵੀ......!' ਤੇ ਉਹ ਦੋਵੇਂ ਜ਼ੋਰ ਜ਼ੋਰ ਦੀ ਹੱਸਣ ਲੱਗ ਪਏ।

ਸ: ਅਮਰ ਸਿੰਘ ਬੈਨੀਪਾਲ 57 ਸਾਲ ਦੇ ਬਜ਼ੁਰਗ ਹਨ ਜੋ ਅੱਜ ਕਲ੍ਹ ਵੈਨਕੂਵਰ ਰਹਿ ਰਹੇ ਹਨ। ਉਹ ਅਗਾਂਹ ਵਧੂ ਵਿਚਾਰਾਂ ਤੇ ਨਿਧੜਕ ਲੇਖਣੀ ਵਿਚ ਵਿਸ਼ਵਾਸ ਰੱਖਦੇ ਹਨ। ਉਹ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਮੋਢੀਆਂ ਵਿਚੋਂ ਹਨ।

ਸਾਨੂੰ ਉਹਨਾਂ ਦੀ ਨਜ਼ਮ ਛਾਪ ਕੇ ਖ਼ੁਸ਼ੀ ਮਹਿਸੂਸ ਹੋ ਰਹੀ ਹੈ।

ਐਂਵੇ ਏਹ ਮਨ ਭੁਲੇਖਾ ਖਾ ਗਿਆ

ਅਮਰ ਸਿੰਘ ਬੈਨੀਪਾਲ

ਆ ਗਏ ਏਥੇ ਅਸੀਂ
ਪਰਦੇਸ ਵਿਚ
ਛੱਡ ਕੇ ਆਪਣਾ ਪਿਆਰਾ ਦੇਸ਼ ਤੇ
ਕਈਆਂ ਦੇਸ਼ਾਂ ਦੇ
ਅਕਾਸ਼ੀ ਉਡਕੇ
ਆ ਗਏ ਏਥੇ ਅਸੀਂ
ਇਸ ਦੇਸ਼ ਵਿਚ
ਕਿਉਂਕਿ ਸਾਡੇ ਦੇਸ਼ ਵਿਚ ਤਾਂ
ਸਾਡੇ ਸਾਨੂੰ ਦਿਨ ਦਿਹਾੜੇ ਲੁੱਟਦੇ
ਵਾੜ ਹੀ ਉਥੇ ਤਾਂ
ਖਾਂਦੀ ਖੇਤ ਨੂੰ
ਕਿਉਂਕਿ ਸਰਮਾਏ ਦਾ
ਉਥੇ ਰਾਜ ਹੈ।
ਗੁਰਦਵਾਰਾਂ, ਮਸਜਦਾਂ ਵਿਚ, ਮੰਦਰਾਂ ਵਿਚ
ਰੱਬ ਦਾ ਘਰ ਲੋਕ ਜਿਸਨੂੰ ਆਖਦੇ
ਪਰ
ਮੇਰਾ ਤਾਂ ਏਹ ਕਦਾਚਿਤ ਇਤਕਾਦ ਨਹੀਂ
ਮੈਂ ਤਾਂ ਹੱਕ ਤੇ ਸੱਚ ਨੂੰ ਦੇਂਦਾ ਹਾਂ
ਕੇਵਲ ਨਾਓਂ ਰੱਬ ਦਾ
ਏਹ ਭਲਾ ਕੋਈ ਵਲਗਣਾ ਵਿਚ
ਬੰਦ ਕਰਕੇ ਰੱਖਣ ਵਾਲੀ ਵਸਤ ਹੈ ?
ਇਸਦਾ ਘਰ ਤਾਂ ਸਾਰੀ
ਏਹ ਕਾਇਨਾਤ ਹੈ।
ਕਿਉਂ ਪਏ ਪਾਂਦੇ ਹੋ ਕੋੜੇ ਸੋਚ ਦੀ
ਲੰਮੀ ਕਹਾਣੀ
ਕਿਉਂ ਪਲਾਂਦੇ ਹੋ ਇਹਨਾਂ ਨੂੰ
ਸੱਚਦੇ ਅੰਮ੍ਰਿਤ ਦੀ ਬੂੰਦ
ਇਹ ਹਜ਼ਮ ਇਹਨਾਂ ਦੇ ਹੋਣੀ ਹੀ ਨਹੀਂ
ਕਿਉਂ ਪਏ ਹੋ ਫੋਲਦੇ ਇਸ ਰੱਬ ਦੀ
ਅਸਲੀਅਤ ਦਾ ਰਾਜ
ਏਹ ਤਾਂ ਇਸਤੋਂ ਸੈਆਂ ਕੋਹਾਂ ਦੂਰ ਹਨ
ਝੂਠ ਦਾ, ਧੋਖਾ ਕਸ਼ੀ ਦਾ ਰਾਜ ਹੈ
ਜੀਵਨ ਇਹਨਾਂ ਦਾ
ਵਿਗਸਦਾ ਤੇ ਪਲਰ ਦਾ
ਇਸ ਭੇਤ ਵਿਚ
ਜਿਸ ਤਰਾਂ ਇਹ ਲੋਕ ਹਨ ਪਏ ਆਖਦੇ
ਗੁਰਦਵਾਰਾਂ, ਮਸਜਦਾਂ ਤੇ ਮੰਦਰਾਂ ਵਿਚ
ਮਾਣ ਇਜ਼ਤ ਉਥੇ ਵੀ ਧਨਵਾਨ ਦੀ
ਨਿਰਧਨਾਂ ਨੂੰ, ਕੰਗਲਿਆਂ ਨੂੰ
ਉਥੇ ਵੀ ਪੁਛਦੇ ਨਹੀਂ
ਏਦਾਂ ਲੱਗਦੈ
ਰੱਬ ਵੀ ਧਨਵਾਨ ਦਾ
ਰੱਬ ਨੂੰ ਮੁਲ ਲੈ ਲਿਆ ਹੁੰਦਾ
ਜਿਵੇਂ ਧਨਵਾਨ ਨੇ
ਅਮਨ ਤੇ ਕਾਨੂੰਨ ਤੇ ਇਨਸਾਫ ਵੀ
ਮੁੱਢ ਤੋਂ ਹੁੰਦੇ ਜਿਵੇਂ ਜਾਗੀਰ ਇਸਦੀ
ਇਸ ਤੇ ਸਾਡਾ ਕੋਈ ਵੀ ਅਧਿਕਾਰ
ਹੁੰਦਾ ਨਹੀਂ ਜਿਵੇਂ
ਏਹ ਤਾਂ ਸਾਡੇ ਦੇਸ਼ ਵਿਚ
ਵਡਿਆਂ ਦੀ ਮਲਕੀਅਤ ਹੀ ਹੈ
ਓਥੇ ਤਾਂ ਸਾਡੇ ਦੇਸ਼ ਵਿਚ ਅਵਾਮ ਤੇ
ਟੁੱਟ ਟੁੱਟ ਪੈਂਦੇ ਮੁਸੀਬਤ ਦੇ ਪਹਾੜ
ਓਥੇ ਤਾਂ ਏਨੀ ਹੈ ਅਜੀਰਨ ਜ਼ਿੰਦਗੀ
ਝੂਠ ਬਣ ਬਣ ਚੰਬੜਦੇ ਏਹ ਖੇਤ ਫਸਲਾਂ
ਖਾਣ ਨੂੰ ਹਨ ਆਉਂਦੀਆਂ ਜੂਹਾਂ, ਅਜਾੜ
ਏਸ ਮਾਰੂ ਭੇਜਲੋਂ ਡਰਕੇ ਅਸੀਂ
ਸੱਤ ਸਮੁੰਦਰ ਟੱਪ ਗਏ ਤੁਰਕੇ ਅਸੀਂ
ਸੋਚਿਆ ਸੀ ਸੁੱਖ ਦਾ ਸਾਹ ਆਵੇਗਾ ਏਥੇ
ਕਰਨ ਖਾਵਾ ਕਰੇਗਾ,ਖਾਵੇਗਾ ਏਥੇ
ਪਰ
ਏਥੇ ਵੀ ਜਾਗੀਰਦਾਰੀ ਹੈ
ਸ਼ਕਲ ਕੁਝ ਹੋਰ ਹੈ
ਏਥੇ ਵੀ ਸਰਮਾਏਦਾਰੀ ਹੈ
ਸ਼ਕਲ ਕੁਝ ਹੋਰ ਹੈ
ਏਥੇ ਵੀ ਓਵੇਂ ਹੀ ਮੇਰੇ ਦੇਸ਼ ਵਾਂਗੂ
ਕੋਝਿਆਂ ਦੈਂਤਾਂ ਦੀ ਢਾਣੀ ਹੈ
ਸ਼ਕਲ ਕੁਝ ਹੋਰ ਹੈ
ਮਿਲ ਕਾਮਾ ਖੇਤ ਕਾਮਾ
ਗਰਜਕੇ ਕੋਈ ਵੀ ਕਾਮਾ
ਆਪਣੇ ਮਾਲਕ ਦੀ ਰਜ਼ਾ ਬਾਝੋਂ
ਓਹ ਇਕ ਪਲ ਵੀ ਲੰਘਾ ਸਕਦਾ ਨਹੀਂ
ਓਹ ਚਾਹੁੰਦੇ ਰਾਤ ਦਿਨ
ਏਹ ਕੰਮ ਕਰਦਾ ਹੀ ਰਹੇ
ਮੇਰੇ ਲਈ, ਮੇਰੇ ਲਈ
ਜਾਨ ਤੋੜ ਮੇਹਨਤਾਂ ਕਰਕੇ
ਰਹੇ ਇਹ ਪਾਲਦਾ
ਮੈਨੂੰ, ਮੇਰੇ ਪ੍ਰਵਾਰ ਨੂੰ
ਜਿਸ ਤਰ੍ਹਾਂ ਇਹ
ਜੰਮਿਆਂ ਈ ਹੁੰਦੈ
ਸਿਰਫ ਉਸਦੇ ਲਈ
ਤੇ
ਇਸਦੇ ਆਪਣੇ ਨਿਆਣੇ ਨਿੱਕੇ
ਤੇ ਤ੍ਰੀਮਤ ਏਸਦੀ
ਭਾਵੇਂ ਡਿੱਗਣ ਢੱਠੇ ਖੂਹ ਵਿਚ
ਇਸ ਨੂੰ ਕੀ
ਰੋਂਦੇ ਰਹਿਣ ਪਏ ਰਾਤ ਦਿਨ
ਇਸਦੀ ਨਿਤਾਣੀ ਜਾਨ ਨੂੰ
ਏਹ ਭਲਾ ਕੋਈ ਗੱਲ
ਅਚੰਭਾ ਜਨਕ ਹੈ
ਏਹ ਤਾਂ ਆਦਤ ਹੀ
ਹੁੰਦੀ ਹੈ ਧਨਵਾਨ ਦੀ
ਏਥੇ ਵੀ ਹੈ ਰਾਜ ਸਰਮਾਏ ਦਾ
ਤੇ ਧਨਵਾਨ ਦਾ
ਏਥੇ ਵੀ ਘੱਟ ਕੌਡੀਓ
ਪੈਂਦਾ ਏ ਮੁਲ ਇਨਸਾਨ ਦਾ
ਏਥੇ ਵੀ ਜੱਗ ਨਚਦਾ
ਧਨਵਾਨ ਅੱਗੇ
ਖੂਨ ਪੀਣੇ ਵਿਉਂਤਾਂ ਰਹਿੰਦੇ ਵਿਉਂਤਦੇ
ਆਪਣੀ ਗੁਡੀ ਉਚੀ ਚੜ੍ਹਾਣ ਦੇ ਲਈ
ਸਰਮਾਏਦਾਰੀ ਦੇ ਸੁਨੈਹਰੇ ਤਾਜ ਨੂੰ
ਹੋਰ ਲਸ਼ਕਾਵਣ ਤੇ ਚਮਕਾਵਣ ਲਈ
ਖਾਸ ਮੌਕੇ, ਖਾਸ ਵੇਲੇ
ਮਹਿੰਗਾਈ ਵਧਾ ਦਿੰਦੇ ਨੇ ਏਹ
ਭੁੱਖ ਦੇ ਇਸ ਦੈਂਤ ਨੂੰ
ਸਿਰ ਤੇ ਚੜ੍ਹਾ ਦੇਂਦੇ ਨੇ ਏਹ
ਤੇ ਕਦੇ ਕਦੇ
ਐਂਵੇ ਸ਼ੁਗਲ ਲਈ
ਮਾਇਕ ਸਥਿਤੀ, ਆਰਥਿਕ ਸਥਿਤੀ
ਨੂੰ ਲਚਕ ਦੇਵਣ ਦੇ ਲਈ
ਕਰ ਵੀ ਦੇਂਦੇ ਹਨ
ਸੁਖਾਵੇ ਹਲਾਤ ਪੈਦਾ
ਤਾਂਕੇ ਉਠ ਖਲੋਵਣ ਨਾ ਸਾਰੇ ਲੋਕ ਇਹ
ਸਾਡੀ ਢਾਣੀ ਨਾਲ ਟੱਕਰ ਲੈਣ ਲਈ

ਤੇ
ਇਸ ਮੁਕਾਬਲੇ ਦੀ ਅੱਗ ਨੂੰ
ਠੰਢਾ ਕਰਨ ਲਈ
ਕਰ ਵੀ ਦੇਂਦੇ ਹਨ
ਸੁਖਾਵੇਂ ਹਲਾਤ ਪੈਦਾ
ਤਾਂ ਕੇ ਇਸ ਅਗਨੀ ਦਾ
ਮਾਰੂ ਸੇਕ ਕਿਧਰੇ
ਸਾੜ ਕੇ ਏਨਾਂ ਨੂੰ
ਕਰ ਨਾ ਦੇਵੇ ਸੁਆਹ
ਛਲੀਏ ਹਨ ਏਹ ਲੋਹਾ
ਕਰਦੇ ਰਹਿੰਦੇ ਹਨ ਛਲ ਦਾਰ ਪਰਦਾ

ਭੋਲੀ ਭਾਲੀ ਬੇਖਬਰ ਮਨੁਖਤਾ ਦੇ ਨਾਲ
ਏਥੇ ਵੀ ਇਸ ਦੇਸ਼ ਵਿਚ ਦੁਸ਼ਮਨ ਅਸਾਡੇ
ਦੋਸਤੀ ਦਾ ਬੁਰਕਾ ਪਾਈ ਵਿਚਰਦੇ
ਵੰਡੀਆਂ ਪਾਂਦੇ ਨੇ ਇਨਸਾਨਾਂ ਦੀਆਂ
ਏਹ ਮਜ਼ਹਬੀ ਲੋਕ-ਰੱਬ ਦੇ ਪੁਜਾਰੀ
ਸਰਮਾਏ ਦਾਰੀ ਦੇ ਏਜੰਟ
ਹੌਲੇ ਹੌਲੇ ਟੂਕ ਟੂਕ ਖਾਵਣ ਲਈ
ਸਾਡੀ ਕਮਾਈ
ਸੁਖਣਾਂ ਦੇ ਰੂਪ ਵਿਚ
ਜਾਂ ਦਾਨ ਦੀ ਕੋਈ ਸ਼ਕਲ ਦੇਕੇ
ਅਕਲ ਖੋਹਕੇ, ਹੋਸ਼ ਖੋਹ ਕੇ
ਧੱਕ ਦੇਂਦੇ ਹਨ ਮਨੁੱਖ ਨੂੰ
ਜੀਵਨ ਦੇ ਖੇਤਰ ਦੇ ਵਿਚ ਬੇਤਰਸ ਹੋਕੇ
ਤੁਰਦੀ ਫਿਰਦੀ ਲਾਸ਼ ਜਿਉਂ
ਹੁੰਦਾ ਏ ਬੰਦਾ
ਕੁੱਝ ਤਾਂ ਕਮਲੀ ਸੀ ਹੀ
ਰਾਹ ਸਿਵਿਆਂ ਦੇ ਪਾ ਲਈ ਇਨਾਂ ਨੇ
ਕਰਕੇ ਛਲ ਮਨੁੱਖ ਨਾਲ
ਗੁੱਡੀ ਚੜ੍ਹਾ ਲਈ ਇਨਾਂ ਨੇ
ਮੂਲੋਂ ਈ ਇਨਸਾਨ ਨੂੰ
ਕੀਤਾ ਨਿਕਾਰਾ ਇੰਨਾਂ ਨੇ
ਇੰਝ ਲੁਟਿਆ ਪੁਟਿਆ
ਬੰਦਾ ਵਿਚਾਰਾ ਇੰਨਾਂ ਨੇ
ਇਸ ਤਰ੍ਹਾਂ
ਇਨਸਾਨੀਅਤ ਦੀ ਲਾਸ਼ ਤੇ
ਪਾ ਲਏ ਮੰਦਰ ਅਤੇ
ਛਡਿਆ ਚੁਬਾਰਾ ਇੰਨਾਂ ਨੇ
ਏਥੇ ਵੀ ਏਹੋ ਜਿਹਾ ਹੀ ਹਾਲ ਹੈ
ਐਂਵੇ ਈ
ਏਹ ਮਨ ਭੁਲੇਖਾ ਖਾ ਗਿਆ
ਆ ਗਏ ਏਥੇ ਅਸੀਂ ਇਸ ਦੇਸ਼ ਵਿਚ

ਗੁਰਾਂਦਿਤਾ ਖੰਨਾ ਦਾ ਸਨਮਾਨ

—ਲੋਕ ਲਿਖਾਰੀ ਸਭਾ, ਅੰਮ੍ਰਿਤਸਰ ਦੇ ਸਹਿਯੋਗ ਨਾਲ ਅਯੋਜਤ ਇਕ ਸਮਾਗਮ ਵਿਚ ਸਾਹਿਤ ਟਰੱਸਟ ਢੁਡੀਕੇ ਵਲੋਂ ਪੰਜਾਬੀ ਅਤੇ ਹਿੰਦੀ ਦੇ ਦੇਸ਼ ਭਗਤ ਬਜ਼ੁਰਗ ਸਾਹਿਤਕਾਰ ਸ੍ਰੀ ਗੁਰਾਂਦਿਤਾ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਸੁਜਾਨ ਸਿੰਘ ਨੇ ਕੀਤੀ। ਸ੍ਰੀ ਜਸਵੰਤ ਸਿੰਘ ਕੰਵਲ ਨੇ ਪ੍ਰਧਾਨ ਜੀ ਰਾਹੀਂ ਖੰਨਾ ਨੂੰ ਗਿਆਰਾਂ ਸੌ ਰੁਪਿਆ ਨਕਦ ਅਤੇ ਇਕ ਸ਼ਾਲ ਭੇਂਟ ਕੀਤੀ।

ਅਸੀਂ ਆਪਣੇ ਤੋਂ ਪਹਿਲਾਂ ਤੇ ਪਿਛੋਂ ਦੇ ਸਮੇਂ ਵੱਲ ਝਾਕਦੇ ਤੇ ਜੋ ਕੁਝ ਹੈ ਨਹੀਂ, ਉਸ ਲਈ ਸੱਧਰ ਕਰਦੇ ਹਾਂ।

—ਪਲਾਟੋ

ਬਹੁਤ ਸਾਰੇ ਸੁਪਨਿਆਂ ਨੂੰ ਲੱਤਾਂ ਲਗ ਜਾਂਦੀਆਂ ਹਨ ਤੇ ਉਹ ਤੁਰਨ ਫਿਰਨ ਲਗ ਜਾਂਦੇ ਹਨ, ਜਾਂ ਉਨ੍ਹਾਂ ਨੂੰ ਖੰਭ ਲਗ ਜਾਂਦੇ ਹਨ ਤੇ ਉਹ ਉਡਾਰੀ ਲੈ ਲੈਂਦੇ ਹਨ।

—ਇਕਾਰਸ

ਪੁਰਾਣੇ ਆਲੋਚਕਾਂ ਦਾ ਦੁਖਾਂਤ ਇਹ ਹੈ ਕਿ ਉਹਨਾਂ ਨੂੰ ਨਵੀਂ ਪੀੜ੍ਹੀ ਨਾਲ ਜੁੜਨ ਲਈ ਆਪਣੇ ਪੂਰਵ ਕਥਨਾਂ ਦੇ ਉਲਟ ਸੋਚਣਾ ਜਾਂ ਲਿਖਣਾ ਪੈਂਦਾ ਹੈ।

—ਵਾਈਲਡ

ਇਕ ਅਗ਼ਜ਼ਲ

ਅਜਾਇਬ ਕਮਲ

ਉਹ ਕੌਣ ਹੈ ਮੁਰਦਾ ਮਿੱਟੀ ਵਿਚ
ਜੋ ਬਲਦੇ ਹਰਫ਼ ਛੁਪਾ ਬੈਠਾ
ਉਹ ਕੌਣ ਹੈ ਮੁਰਦਾ ਮਿੱਟੀ ਨੂੰ
ਜੋ ਬਲਦਾ ਜਿਸਮ ਬਣਾ ਬੈਠਾ

ਅੱਖਾਂ ਦੇ ਜੰਗਲ 'ਚੋਂ ਲੰਘਦਾ
ਮੈਂ ਨਜ਼ਰ ਬਚਾ ਕੇ ਲੰਘ ਗਿਆ
ਜਿਸਮਾਂ ਦੇ ਜੰਗਲ 'ਚੋਂ ਲੰਘਦਾ
ਮੈਂ ਰਾਹ ਵਿਚ ਨਜ਼ਰ ਗੁਆ ਬੈਠਾ.

ਜ਼ਿੰਦਗੀ ਦਾ ਕੋਰਾ ਵਰਕਾ ਤਾਂ
ਤਸਵੀਰ ਵਾਹੁਣ ਲਈ ਮਿਲਿਆ ਸੀ
ਤਸਵੀਬ ਬਣਾਉਣ ਥਾਂ ਇਸ ਤੇ
ਮੈਂ ਘੁੱਗੂ ਘੋੜੇ ਪਾ ਬੈਠਾ

ਉਸ ਦਿਨ ਦੀ ਵਿਚ ਖਲਾਅ ਮੈਨੂੰ
ਇਕ ਲਾਟ ਤੈਰਦੀ ਦਿਸਦੀ ਹੈ
ਜਿਸ ਦਿਨ ਦਾ ਇਸ ਦੇ ਕੰਨੀਂ ਮੈਂ
ਇਕ ਬੋਲ ਸੁਲਗਦਾ ਪਾ ਬੈਠਾ

ਹਰ ਵੇਲੇ ਇਹਨਾਂ 'ਚੋਂ ਉਭਰੇ
ਚਿਹਰੇ ਤੇ ਬਾਜ਼ੂ ਦਿਸਦੇ ਨੇ
ਦਿਲ ਦੀ ਗੱਲ ਦਸ ਕੇ ਐਵੇਂ ਮੈਂ
ਦੀਵਾਰਾਂ ਨੂੰ ਉਕਸਾ ਬੈਠਾ

ਨਾ ਦਿਨੇ ਚੈਨ, ਨਾ ਰਾਤ ਸਮੇਂ
ਅੱਖਾਂ ਵਿਚ ਨੀਂਦਰ ਪੈਂਦੀ ਹੈ
ਸੋਚਾਂ ਦੀ ਤਪਦੀ ਮਿੱਟੀ ਵਿਚ
ਮੈਂ ਕੈਸੀ ਫ਼ਸਲ ਉਗਾ ਬੈਠਾ

ਇਕ ਅੱਧੀ ਚੂਲ ਤਾਂ ਇਸ ਘਰ ਦੀ
ਹਰ ਵੇਲੇ ਢਿਲਕੀ ਰਹਿੰਦੀ ਹੈ
ਕੁਝ ਪਤਾ ਨਹੀਂ ਬਿਧ ਮਾਤਾ ਤੋਂ
ਇਹ ਕੈਸੇ ਲੇਖ ਲਿਖਾ ਬੈਠਾ।

ਬਹੁਤ ਘਟ ਆਦਮੀ ਬਿਰਧ ਹੋਣ ਦਾ ਠੀਕ ਢੰਗ ਜਾਣਦੇ ਹਨ।

—ਲਾ ਰੋਸ਼ਫੋਕੋਲਡ

ਤੁਸੀਂ ਜੇਕਰ ਮੇਰੇ ਨਾਲ ਵਿਚਾਰ ਵਟਾਂਦਰਾ ਕਰਨਾ ਚਾਹੁੰਦੇ ਹੋ, ਤਾਂ ਆਪਣੇ ਸ਼ਬਦਾਂ ਦੀ ਪਰਿਭਾਸ਼ਾ ਕਰ ਲਵੋ।

—ਵਾਲਟੇਅਰ

ਗ਼ਜ਼ਲ

ਜਗਤਾਰ ਢਾਅ

ਸਾਗਰ ਅੰਦਰ ਉਤਰ ਸੂਰਜ ਹਸ ਰਿਹਾ।
ਮੱਛੀਆਂ ਨੂੰ ਜਾਚ ਤੈਰਨ ਦੀ ਦਸ ਰਿਹਾ।

ਖੋਲ੍ਹੀਆਂ ਤਾਂ ਸੀ ਪਲਕਾਂ ਰੌਸ਼ਨੀ ਦੇਖਣ ਲਈ,
ਨੇਰ੍ਹਾ ਉਲਟਾ ਨਜ਼ਰਾਂ ਅੰਦਰ ਧਸ ਰਿਹਾ।

ਭਗਤੀ ਦੇ ਗੁੰਬਦ 'ਚੋਂ ਨਿਕਲ ਆਦਮੀ,
ਜਿਸਮਾਂ ਦੀ ਦਲਦਲ ਅੰਦਰ ਫਸ ਰਿਹਾ।


ਨੰਗੇ ਹੋਕੇ ਏਨੇ ਘੂਕ ਮੌਸਮ ਗਏ ਲੋਕ,
ਤਨ ਤੋਂ ਚਾਂਦਨੀ ਚੱਟਦਾ ਕੁਤਾ ਹਸ ਰਿਹਾ।

ਅਸੀਂ ਵੀ ਬਣ ਕੇ ਫਰਨੀਚਰ ਹੁਣ ਲਿਸ਼ਕਾਂਗੇ,
ਕਮਰੇ ਨੂੰ ਸ਼ਿੰਗਾਰਨ ਦਾ ਉਠ ਝਸ ਰਿਹਾ।

ਏਥੇ ਲੰਘਦਾ ਹਰ ਦਿਨ ਹੀ 'ਢਾਅ' ਏਦਾਂ,
ਹਲਟ ਦਾ ਕੁੱਤਾ ਜੀਕੂੰ ਚਕਲੀ ਘਸ ਰਿਹਾ।

ਅਸੀਂ ਉਹੋ ਕੁਝ ਹੁੰਦੇ ਹਾਂ ਜੋ ਅਸੀਂ ਬਾਰ ਬਾਰ ਕਰਦੇ ਹਾਂ। ਚਮਤਕਾਰ ਕੋਈ ਕਿਰਿਆ ਨਹੀਂ ਸਗੋਂ ਆਦਤ ਹੁੰਦੀ ਹੈ।)

ਤਸਵੀਰ...............ਸ਼ਬਦ-ਚਿੱਤਰ




THE WHEELS

Dr. Hari Sharma

Be patient.
A few more strikes and It will be done.
This wheel.
You could then fill it up. With air.
You could then put it together.
And it will move you. Your vehicle.
Fast. As fast as you could make it.

Yes, I fix wheels. Day in, day out, every day.
So the wheels keep moving. You keep moving.
History keeps moving.
But you still can't move as fast as I do.
History cannot move as fast as I do.
For each year, you have to go through all
its months
For each month, you have to go through all its days.
For each day, all its hours.
And each minute of each hour.
every second of the minute.
You have to go through all of it.
I skip whole epochs.
Epoches of my life.
Like my childhood.
The Books, the slates, the kites, the fights,
The marbles, the butterflies, the smiles,
The cuddles of Mama, the strokes of Papa.
I skipped all of it.
And in some years when I will be young, I'll be old.
I will have skipped one more epoch.
My youth.
No, you cannot move as fast as I do.
History cannot move as fast as I do.
I fix your wheels.
Who has fixed mine ?



ਪਹੀਏ

ਡਾ: ਹਰੀ ਸ਼ਰਮਾ

ਸਬਰ ਕਰੋ
ਥੋੜ੍ਹੀਆਂ ਜਹੀਆਂ ਹੋਰ ਸੱਟਾਂ,
ਇਹ ਠੀਕ ਹੋ ਜਾਇਗਾ।
ਇਹ ਪਹੀਆ
ਫਿਰ ਇਸਨੂੰ ਤੁਸੀਂ ਭਰ ਸਕੋਗੇ
ਹਵਾ ਨਾਲ
ਫਿਰ ਤੁਸੀਂ ਇਸਨੂੰ ਸਾਂਭ ਸਕੋਗੇ

ਫਿਰ ਇਹ ਤੁਹਾਨੂੰ ਘੁਮਾਏਗਾ
ਤੁਹਾਡੀ ਮੋਟਰ ਨੂੰ ਚਲਾਏਗਾ
ਤੇਜ਼,
ਹੋਰ ਤੇਜ਼
ਜਿਨ੍ਹਾਂ ਤੇਜ਼ ਤੁਸੀਂ ਚਾਹੋਗੇ ?

ਹਾਂ, ਮੈਂ ਪਹੀਏ ਠੀਕ ਕਰਨਾਂ
ਦਿਨ, ਰਾਤ, ਹਰ ਰੋਜ਼
ਤਾਂਕਿ ਪਹੀਏ ਚਲਦੇ ਰਹਿਣ
ਤੁਸੀਂ ਚਲਦੇ ਰਹੋ
ਇਤਿਹਾਸ ਚਲਦਾ ਰਹੇ

ਪਰ ਤੁਸੀਂ ਮੇਰੇ ਵਾਂਗ ਤੇਜ਼
ਨਹੀਂ ਚਲ ਸਕਦੇ
ਇਤਿਹਾਸ ਮੇਰੇ ਵਾਂਗ ਤੇਜ਼
ਨਹੀਂ ਚੱਲ ਸਕਦਾ

ਹਰ ਸਾਲ, ਤੁਹਾਨੂੰ ਮਹੀਨਿਆਂ ਵਿਚੀਂ
ਗੁਜ਼ਰਨਾ ਪੈਂਦਾ ਹੈ
ਹਰ ਮਹੀਨੇ, ਤੁਹਾਨੂੰ ਦਿਨਾਂ ਵਿਚੀਂ
ਜਾਣਾ ਪੈਂਦਾ ਹੈ
ਹਰ ਦਿਨ, ਘੰਟਿਆਂ ਵਿਚੀਂ
ਹਰ ਘੰਟੇ, ਮਿੰਟਾਂ ਵਿਚੀਂ
ਹਰ ਮਿੰਟ, ਸਕਿੰਟਾਂ ਵਿਚੀਂ
ਤੁਹਾਨੂੰ ਇਨਾਂ ਰਾਹੀਂ ਜਾਣਾ
ਹੀ ਪੈਂਦਾ ਹੈ।

ਮੈਂ ਪੂਰੇ ਯੁੱਗਾਂ ਨੂੰ ਟੱਪਦਾ ਹਾਂ
ਮੇਰੇ ਜੀਵਨ ਦੇ ਯੁੱਗ
ਮੇਰੇ ਬਚਪਨ ਦੇ ਵਾਂਗ

ਪੁਸਤਕਾਂ, ਸਲੇਟਾਂ, ਗੁੱਡੇ, ਲੜਾਈਆਂ,
ਬੰਟੇ, ਤਿਤਲੀਆਂ, ਮੁਸਕਰਾਹਟਾਂ,
ਮਾਂ ਦੀਆਂ ਕੁਤਕਤਾਰੀਆਂ,
ਪਿਉ ਦੀ ਪੋਲੀ ਪੋਲੀ ਹੱਥ-ਫੇਰੀ

ਮੈਂ ਇਸ ਸਭ ਕੁਝ ਨੂੰ
ਟੱਪ ਗਿਆ !

ਥੋੜ੍ਹੇ ਸਾਲਾਂ ਵਿਚ ਜਦੋਂ ਮੈਂ
ਜਵਾਨ ਹੋਵਾਂਗਾ,
ਮੈਂ ਬੁੱਢਾ ਹੋ ਜਾਵਾਂਗਾ।

ਮੈਂ ਇਕ ਹੋਰ ਯੁੱਗ ਨੂੰ ਟੱਪ
ਗਿਆ ਹੋਵਾਂਗਾ-
ਮੇਰੀ ਜੁਆਨੀ।

ਨਹੀਂ, ਤੁਸੀਂ ਏਨਾ ਤੇਜ਼ ਨਹੀਂ
ਚਲ ਸਕਦੇ ਜਿੰਨਾਂ ਮੈਂ
ਇਤਿਹਾਸ ਏਨਾ ਤੇਜ਼ ਨਹੀਂ
ਚਲ ਸਕਦਾ ਜਿੰਨਾਂ ਮੈਂ

ਮੈਂ ਤੁਹਾਡੇ ਪਹੀਏ ਠੀਕ ਕਰਦਾਂ
ਮੇਰੇ ਪਹੀਏ ਕੀਹਨੇ ਠੀਕ ਕੀਤੇ ਹਨ ?

ਅਨੁਵਾਦ ਦਰਸ਼ਨ ਗਿੱਲ

ਇਹ ਧਰਤੀ ਦੇਸ਼ ਪੰਜਾਬ ਦੀ 'ਹਿੰਦ ਦਾ ਰੀਜ਼ਰਵ ਬੈਂਕ ਤੇ ਪ੍ਰਦੇਸਾਂ'ਚ ਗਏ ਪੰਜਾਬੀ'

ਸੁਰਜੀਤ ਸਿੰਘ ਸੰਧੂ
ਰਿਚਮੰਡ, ਬੀ. ਸੀ.

ਹਿੰਦੋਸਤਾਨ ਅਤੇ ਖਾਸ ਕਰਕੇ ਪੰਜਾਬ ਇਸ ਦੁਨੀਆਂ ਦਾ ਇਕ ਉਹ ਟੁਕੜਾ ਏ ਜਿਸ ਦੇ ਜਾਏ ਭਾਵੇਂ ਪ੍ਰਦੇਸਾਂ ਵਿਚ ਸੀਸ ਮਹਿਲਾਂ ਵਿਚ ਰਹਿ ਰਹੇ ਹੋਣ ਤਾਂ ਵੀ ਉਹਨਾਂ ਦੀ ਰੂਹ ਪੰਜਾਬ ਨੂੰ ਹੀ ਪ੍ਰਤਣ ਦੇ ਸੁਫਨੇ ਲੈਂਦੀ ਰਹਿੰਦੀ ਹੈ। ਉਥੇ ਉਸਨੂੰ ਬਾਹਰ ਖੇਤਾਂ ਵਿਚ ਕੰਡ ਭਰੇ ਦੋਸੂਤੀਏ ਤੇ ਭੁੰਜੇ ਲੰਮੇ ਪੈ ਕੇ ਤੰਗੜ ਦਾ ਸਿਰਹਾਣਾ ਬਣਾ ਕੇ ਸੁਤੇ ਪਏ ਜਾਗਣਾ ਮੁਸ਼ਕਲ ਹੋ ਜਾਂਦਾ ਹੈ। ਪਰ ਇਥੇ ਪ੍ਰਦੇਸਾਂ ਵਿਚ ਨਰਮ ਗਦੇਲਿਆਂ ਤੇ ਨੀਂਦ-ਗੋਲੀ ਖਾਕੇ ਵੀ ਨੀਂਦ ਲਿਆਉਣੀ ਮੁਸ਼ਕਲ ਹੋ ਜਾਂਦੀ ਹੈ। ਇਹ ਪੰਜਾਬ ਦੀ ਹੀ ਧਰਤੀ ਹੈ ਜਿਥੇ ਕਿ ਵੇਦ ਅਤੇ ਗੁਰੂ ਗ੍ਰੰਥ ਵਰਗੀਆਂ ਮਹਾਨ ਰਚਨਾਵਾਂ ਰਚੀਆਂ ਗਈਆਂ ਸਨ। ਇਸ ਧਰਤੀ ਤੇ ਰਿਸ਼ੀ ਬਾਲਮੀਕ, ਬਾਬਾ ਫਰੀਦ, ਅਤੇ ਗੁਰੂ ਨਾਨਕ ਵਰਗੀਆਂ ਮਹਾਨ ਆਤਮਾਵਾਂ ਨੇ ਜਨਮ ਲਿਆ ਸੀ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਸੁਰ-ਸਿੰਘ, ਊਧਮ ਸਿੰਘ, ਮੇਵਾ ਸਿੰਘ, ਅਤੇ ਮਦਨ ਲਾਲ ਢੀਂਗਰਾ ਵਰਗੇ ਹਜ਼ਾਰਾਂ ਸ਼ਹੀਦਾਂ ਅਤੇ ਦੇਸ਼ ਭਗਤਾਂ ਨੂੰ ਏਸੇ ਪੰਜਾਬ ਦੀ ਧਰਤੀ ਨੇ ਪਾਲ ਪੋਸ ਕੇ ਇਕ ਅਣਖੀਲੀ ਗੁੜ੍ਹਤੀ ਦਿਤੀ ਸੀ। ਸਿਰ ਤੇ ਖਫਣ ਬੰਨ੍ਹ ਕੇ ਮੈਦਾਨੇ ਜੰਗ ਨੂੰ ਤੁਰਨ ਵਾਲੇ ਇਸ ਪੰਜਾਬ ਦੇ ਜਾਏ ਹਨ। ਇਸ ਦੇ ਕਿੱਕਰ ਸਿੰਘ, ਗਾਮੇ, ਮਹੀਦੇ, ਗੁੰਗੇ ਤੇ ਦਾਰਾ ਸਿੰਘ ਵਰਗੇ ਭਲਵਾਨ ਕਿਸੇ ਨੂੰ ਭੁੱਲੇ ਨਹੀਂ। ਇਸਦੇ ਹਲ ਵਾਹਕਾਂ ਸਾਰੀ ਦੁਨੀਆਂ ਵਿਚ ਆਪਣੀ ਮਿਹਨਤ ਦੀਆਂ ਧੁੰਮਾਂ ਪਾ ਛੱਡੀਆਂ ਨੇ। ਵਾਰਸ ਸ਼ਾਹ, ਗੁਰਬਖ਼ਸ਼ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਵਰਗੀਆਂ ਸ਼ਖਸੀਅਤਾਂ ਨੂੰ ਵੀ ਏਸੇ ਪੰਜਾਬ ਨੇ ਹੀ ਜਨਮ ਦਿਤਾ ਏ।

ਪਰ ਅੱਜ ਹਿੰਦ ਦੇ ਰੀਜ਼ਰਵ ਬੈਂਕ ਦਾ ਫੈਸਲਾ ਸੁਣ ਕੇ ਅਸੀਂ ਆਪਣੇ ਦੇਸ ਵਿਚ ਕੋਈ ਖੇਤੀ ਵਾਲੀ ਜ਼ਮੀਨ ਨਹੀਂ ਖਰੀਦ ਸਕਦੇ ਜਾਂ ਖਰੀਦੀ ਹੋਈ ਜ਼ਮੀਨ ਵੀ ਵੇਚਣੀ ਪਵੇਗੀ, ਸਾਡੇ ਦਿਲਾਂ ਨੂੰ ਬੜਾ ਧੱਕਾ ਵਜਦਾ ਏ ਕਿ ਪੰਜਾਬ ਦੀ ਧਰਤੀ ਨੇ ਸਾਨੂੰ ਸਦਾ ਲਈ ਲਾਵਾਰਸ ਕਰ ਦਿਤਾ ਏ। ਸਾਡੇ ਸੁਫਨੇ ਢਹਿ ਢੇਰੀ ਹੋ ਗਏ ਲਗਦੇ ਨੇ। ਪਰ ਆਓ ਜ਼ਰਾ ਸਿਆਸੀ ਰੌਲੇ ਗੌਲੇ ਤੋਂ ਨਿਰਪੱਖ ਹੋ ਕੇ ਗੰਭੀਰਤਾ ਨਾਲ ਇਸ ਦੇ ਦੂਜੇ ਪੱਖ ਵੱਲ ਵੀ ਧਿਆਨ ਮਾਰੀਏ ਤਾਂ ਫੇਰ ਹੀ ਅਸੀਂ। ਕਿਸੇ ਨਿਰਨੇ ਤੇ ਪਹੁੰਚ ਸਕਾਂਗੇ।

ਅੰਗਰੇਜ਼ ਦੇ ਪੰਜਾਬ ਤੇ ਕਬਜ਼ਾ ਕਰਨ ਤੋਂ ਪਹਿਲਾਂ, ਪੰਜਾਬ ਦੀ ਖੇਤੀ ਵਾਲੀ ਜ਼ਮੀਨ ਦੀ ਮਾਲਕ ਪਿੰਡ ਦੀ ਪੰਚਾਇਤ ਹੋਇਆ ਕਰਦੀ ਸੀ ਅਤੇ ਪੰਚਾਇਤ ਪਰਵਾਰਾਂ ਦੀ ਲੋੜ ਅਨੁਸਾਰ ਜ਼ਮੀਨ ਵੰਡ ਦਿਆ ਕਰਦੀ ਸੀ। ਜਾਗੀਰਦਾਰ ਸਿਰ ਤੇ ਜ਼ਰੂਰ ਹੁੰਦੇ ਸਨ ਪਰ ਉਹਨਾਂ ਦਾ ਸਿੱਧਾ ਜ਼ਮੀਨ ਤੇ ਕੋਈ ਕਬਜ਼ਾ ਨਹੀਂ ਸੀ ਹੁੰਦਾ। ਪੈਦਾਵਾਰ 'ਚੋਂ ਨੀਯਤ ਕੀਤਾ ਹਿੱਸਾ ਜਾਗੀਰਦਾਰ ਨੂੰ ਦੇ ਦਿਤਾ ਜਾਂਦਾ ਸੀ ਅਤੇ ਜਾਗੀਦਾਰ ਅਗਾਂਹ ਗੌਰਮਿੰਟ ਨੂੰ ਪਹੁੰਚਾਉਣ ਦਾ ਜ਼ਿੰਮੇਵਾਰ ਹੁੰਦਾ ਸੀ। ਅੰਗਰੇਜ਼ ਨੇ ਜ਼ਮੀਨਾਂ ਜੱਦੀ ਪੁਸ਼ਤੀ ਕਰ ਦਿਤੀਆਂ, ਵੱਡੇ ਪਰਵਾਰਾਂ ਕੋਲ ਜ਼ਮੀਨ ਥੋੜੀ ਹੋਣ ਲੱਗ ਪਈ, ਗੱਭਰੂ ਬੇਰੁਜ਼ਗਾਰ ਹੋਣ ਲੱਗ ਪਏ ਅਤੇ ਇਹਨਾਂ ਬੇਰੁਜ਼ਗਾਰ ਜਵਾਨਾਂ ਨੂੰ ਅੰਗਰੇਜ਼ ਨੇ ਫੌਜ ਵਿਚ ਭਰਤੀ ਕਰਕੇ ਆਪਣੇ ਦੁਸ਼ਮਣ ਦੀਆਂ ਤੋਪਾਂ ਦਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿਤਾ। ਨਵੀਆਂ ਅਬਾਦ ਕੀਤੀਆਂ ਜ਼ਮੀਨਾਂ ਵੀ ਅੰਗਰੇਜ਼ ਨੇ ਆਪਣੇ ਤਾਬਿਆਦਾਰ ਝੋਲੀ ਚੁੱਕਾਂ ਨੂੰ ਦੇਂਦੇ ਰਹੇ। ਅਸੰਤੁਸ਼ਟਤਾ ਹੋਰ ਵਧ ਗਈ। ਮਜ਼ਬੂਰ ਹੋਏ ਪੰਜਾਬੀਆਂ ਨੇ ਬਾਹਰ ਦੇ ਦੇਸ਼ਾਂ ਨੂੰ ਜਾਣਾ ਸ਼ੁਰੂ ਕਰ ਦਿਤਾ।

ਹੁਣ, ਜਦੋਂ ਅਸੀਂ ਖੇਤੀ ਵਾਲੀ ਜ਼ਮੀਨ ਪੰਜਾਬ ਜਾਂ ਹਿੰਦ ਦੇ ਕਿਸੇ ਹਿੱਸੇ ਵਿਚ ਵੀ ਖਰੀਦਦੇ ਹਾਂ ਜਿਸ ਜ਼ਮੀਨ ਤੇ ਉਹ ਆਪਣੇ ਪਰਵਾਰ ਦਾ ਮਾੜ੍ਹਾ ਚੰਗਾ ਗੁਜ਼ਾਰਾ ਕਰ ਰਿਹਾ ਹੁੰਦਾ ਹੈ। ਜੋ ਕੀਮਤ ਜ਼ਮੀਨ ਦੀ ਅਸੀਂ ਦੇ ਸਕਦੇ ਹਾਂ ਉਹ ਕੀਮਤ ਇਕ ਦਿਨ ਹਲ-ਵਾਹਕ ਆਪਣੀ ਖੇਤੀ ਦੀ ਖੱਟੀ ਚੋਂ ਕਦੇ ਵੀ ਨਹੀਂ ਦੇ ਸਕਦਾ। ਇਸ ਤਰਾਂ ਅਸੀਂ ਆਪਣੇ ਹੀ ਭੈਣ ਭਰਾਵਾਂ ਦਾ ਗਲ ਘੁੱਟਣ ਲੱਗ ਜਾਂਦੇ ਹਾਂ ਉਹਨਾਂ ਦੀ ਮੇਹਨਤ ਦਾ ਇਕ ਬੜਾ ਵੱਡਾ ਹਿਸਾ ਸਾਡੇ ਨਾਂ ਤੇ ਬੈਂਕਾਂ ਵਿਚ ਗਲਦਾ ਸੜ੍ਹਦਾ ਰਹੇਗਾ ਜਿਹੜਾਂ ਕਿ ਉਹਨਾਂ ਮੇਹਨਤ ਕਸ਼ਾਂ ਨੇ ਆਪਣੇ ਪਰਵਾਰਾਂ ਦੀ ਭਲਾਈ ਲਈ ਖਰਚ ਕਰਨਾ ਸੀ। ਕੀ ਪੰਜਾਬ ਵਿਚ ਵਸਦਿਆਂ ਦਾ ਅਸੀਂ ਇਸ ਤਰਾਂ ਦਾ ਭਲਾ ਚਾਹੁੰਦੇ ਹਾਂ ?

ਵੈਸੇ ਵੀ ਜੇਕਰ ਪੰਜਾਬੀ ਜੱਟਾਂ ਨੇ ਆਪਣੇ ਆਪ ਨੂੰ ਸਿਆਸੀ ਤੌਰ ਤੇ ਚੌਕਨਿਆਂ ਨਾ ਕੀਤਾ ਜਿਸ ਤਰਾਂ ਕਿ 'ਪਗੜੀ ਸੰਭਾਲ ਜੱਟਾ' ਦੀ ਲਹਿਰ ਵੇਲੇ ਕੀਤਾ ਸੀ, ਤਾਂ ਉਹ ਦਿਨ ਦੂਰ ਨਹੀਂ ਜਦੋਂ ਕਿ ਪੰਜਾਬ ਦੀ ਸਾਰੀ ਜ਼ਮੀਨ ਗਿਣਤੀ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਕਾਰਪੋਰੇਸ਼ਨਾਂ ਦੇ ਸਪੁਰਦ ਹੋ ਜਾਵੇਗੀ। ਜਿਨਾਂ ਦੇ ਮਾਲਕ ਉਹੀ ਰਾਜੇ ਮਾਹਰਾਜੇ, ਬਲੈਕੀਏ ਤੇ ਸ਼ਾਹੂਕਾਰ ਬਣ ਜਾਣਗੇ ਅਤੇ ਖੇਤ ਮਜ਼ਦੂਰ ਬੀ. ਸੀ. ਵਿਚ ਕੰਮ ਕਰਦੇ ਪੰਜਾਬੀ ਖੇਤ ਮਜ਼ਦੂਰਾਂ ਵਾਂਗ ਠੇਕੇਦਾਰਾਂ ਦੀ ਲੁੱਟ ਖਸੁੱਟ ਦੇ ਸ਼ਿਕਾਰ ਹੋ ਜਾਣਗੇ। ਪੰਜਾਬੀ ਹਲ ਵਾਹਕ ਤਾਂ ਪਹਿਲਾਂ ਹੀ ਪਟਵਾਰੀਆਂ, ਠੇਕੇਦਾਰਾਂ ਅਤੇ ਹੋਰ ਕਈ ਕਿਸਮ ਦੇ ਅਜਾਰੇਦਾਰਾਂ ਦੀ ਲੁੱਟ ਵਿਚ ਫਸਿਆ ਪਿਆ ਏ ਜਿਨਾਂ ਤੋਂ ਕਿ ਅਜੇ ਉਸਨੇ ਖਲਾਸੀ ਪਾਉਣੀ ਹੈ। ਕੀ ਸਾਨੂੰ ਉਹਨਾਂ ਦੱਬੇ ਕੁਚਲੇ ਭਰਾਵਾਂ ਤੇ ਹੋਰ ਲੱਕ ਤੋੜਵਾਂ ਭਾਰ ਪਾਉਣਾ ਚਾਹੀਦਾ ਹੈ ਜਾਂ ਉਹਨਾਂ ਦੇ ਕਿਸੇ ਤਰਾਂ ਸਹਾਇਕ ਬਣਨਾ ਚਾਹੀਦਾ ਹੈ ?

ਜ਼ਮੀਨਾਂ ਖਰੀਦਣ ਨਾਲੋਂ ਚੰਗਾ ਹੋਵੇ ਜੇ ਪੰਜਾਬ ਸਰਕਾਰ ਕੇਰਲਾ ਦੀ ਸਰਕਾਰ ਵਾਂਗ ਬਾਹਰ ਵਸਦੇ ਪੰਜਾਬੀਆਂ ਪਾਸ ਉਥੇ ਸਨਅਤ ਅਤੇ ਦਸਤਕਾਰੀ ਤੇ ਪੈਸਾ ਲਾਉਣ ਲਈ ਕੋਈ ਪਰੋਗਰਾਮ ਸਾਡੇ ਸਾਹਮਣੇ ਰਖੇ ਜਿਸ ਨਾਲ ਸਾਡੇ ਮਨਾਂ ਨੂੰ ਵੀ ਤਸੱਲੀ ਹੋ ਜਾਵੇ ਕਿ ਅਸਾਂ ਆਪਣੇ ਪਿੱਛੇ ਵੀ ਕੁਛ ਹੱਕ ਰੱਖਿਆ ਹੋਇਆ ਹੈ ਅਤੇ ਪੰਜਾਬ ਵਸਦੇ ਨੌਜਵਾਨਾਂ ਲਈ ਹੋਰ ਰੁਜ਼ਗਾਰ ਪੈਦਾ ਹੋਣਗੇ ਤੇ ਉਥੋਂ ਦੀ ਅਮੀਰੀ ਵਿਚ ਵੀ ਸਾਡਾ ਲਾਇਆ ਪੈਸਾ ਵਾਧਾ ਕਰੇਗਾ।

ਇਸ ਲਈ ਸਾਨੂੰ ਅੱਜ ਨਿੱਘੇ ਦਿਲ ਨਾਲ ਸੋਚਣ ਦੀ ਲੋੜ ਹੈ ਕਿ ਜੇਕਰ ਸਾਡਾ ਪੰਜਾਬ ਨਾਲ ਅਟੁੱਟ ਪਿਆਰ ਹੈ ਤਾਂ ਅਸੀਂ ਉਸ ਧਰਤੀ ਤੇ ਰਹਿ ਰਹੇ ਲੋਕਾਂ ਨੂੰ ਆਪਣਾ ਗਾਹਕ ਬਣਾਉਣ ਵਿਚ ਖੁਸ਼ ਹੋਵਾਂਗੇ ਜਾਂ ਕਿ ਉਸ ਧਰਤੀ ਤੇ ਕੰਮ ਕਰਦੇ ਗਭਰੂਆਂ ਨੂੰ ਦੁੱਧ ਮੱਖਣਾਂ ਨਾਲ ਪਲਦੇ ਸੁਸ਼ੀਲ, ਤੰਦਰੁਸਤ ਜਵਾਨ ਆਪਣੇ ਖੇਤਾਂ ਵਿਚ ਕੰਮ ਕਰਦੇ ਹੀਰ ਰਾਂਝੇ, ਸੋਹਣੀ ਮਹੀਂਵਾਲ ਤੇ ਮਿਰਜ਼ਾ ਸਾਹਿਬਾਂ ਦੀਆਂ ਹੇਕਾਂ ਲਾਉਂਦੇ ਵੇਖਣਾ ਚਾਹੁੰਦੇ ਹਾਂ।

ਮੇਰੇ ਖ਼ਿਆਲ ਵਿਚ ਜੀਵਨ ਏਨਾ ਛੋਟਾ ਹੈ ਕਿ ਇਹਨੂੰ ਵੈਰ-ਭਾਵ ਪਾਲਣ ਜਾਂ ਅਨਿਆਂ ਦੇ ਲੇਖੇ ਨਹੀਂ ਲਾਇਆ ਜਾ ਸਕਦਾ।

— ਚਾਰਲਟ ਬ੍ਰੋਂਟੀ

ਕਰੋਧੀ ਮਨੁੱਖ ਆਪਣਾ ਮੂੰਹ ਖੋਹਲਦਾ ਹੈ ਤੇ ਅੱਖਾਂ ਮੀਟ ਲੈਂਦਾ ਹੈ।

—ਕੇਟੋ ਦਿ ਐਲਡਰ

ਤੁਸੀਂ ਆਪਣੇ ਦੁਸ਼ਮਣ ਲਈ ਜਿਹੜੀ ਅਗ ਬਾਲਦੇ ਹੋ ਉਹ ਅਕਸਰ ਉਹਨੂੰ ਏਡਾ ਨਹੀਂ ਸਾੜਦੀ ਜੇਡਾ ਖ਼ੁਦ ਤੁਹਾਨੂੰ।

— ਇਕ ਚੀਨੀ ਅਖਾਣ

ਗ਼ੁੱਸਾ ਚੜ੍ਹੇ ਤਾਂ ਇਹਦੇ ਨਤੀਜਿਆਂ ਬਾਰੇ ਸੋਚੋ।

— ਕਨਫ਼ਿਊਸ਼ਸ਼

ਸਾਬਰ ਮਨੁੱਖ ਦੇ ਗ਼ੁੱਸੇ ਤੋਂ ਬਚੋ।

— ਜਾਹਨ ਡਰਾਈਡਨ

ਮੁਹੱਬਤਨਾਮੇ

Der Mr. Gill,

Thank you very much for your recent letter. I would like to take this opportunity to wish you well with this new endeavour.

I have also arranged to have the newspaper pllaced on the press release list so that it will be apprised of government actions as they happen.

Again, I wish you every success.

With very best wishes,

Sincerely,
Grace M. Maccarthy
DEPUTY PREMIER
PARLIAMENT BULDINGS
VICTORIA,B.C.

ਢੁੱਡੀਕੇ
2.12.82

ਪਿਆਰੇ ਦਰਸ਼ਨ ਗਿੱਲ,

ਆਪਦਾ ਪੱਤਰ ਮਿਲਿਆ ਧੰਨਵਾਦ

ਮੈਂ ਪੂਰਾ ਯਤਨ ਕਰਾਂਗਾ ਕਿ ਆਉਂਦੀਆਂ ਗਰਮੀਆਂ ਵਿਚ ਆਵਾਂ।

ਜੋ ਵੀ ਕਦਮ ਪੁੱਟੋ, ਸਾਬਤ ਕਦਮੀ ਨਾਲ ਪੁੱਟੋ ਤੇ ਸਟੈਂਡ ਕਰੋ। ਅਸੀਂ ਲੋਕ ਬਾਹਰ ਆਕੇ ਹਮੇਸ਼ਾ ਬੇਵਰਿੰਗ ਮਾਈਂਡ ਰਹਿੰਦੇ ਹਾਂ। ਦੋਚਿਤੀ ਵਿਚ ਨਹੀਂ ਰਹਿਣਾ ਚਾਹੀਦਾ। ਏਹੋ ਸਾਡੀ ਨਾਕਾਮੀ ਦੀ ਵਜਾਹ ਹੁੰਦੀ ਹੈ। ਅਸੀਂ 'ਕਨੇਡਾ ਦਰਪਣ' ਲਈ ਕੁਝ ਨਾ ਕੁਝ ਭੇਜਦੇ ਰਹਾਂਗੇ।

ਹੋਰ ਕੋਈ ਸੇਵਾ? ਸਾਰੇ ਲੇਖਕ ਦੋਸਤਾਂ ਨੂੰ ਸਤਿਕਾਰ ਤੇ ਪਿਆਰ।

ਆਪਦਾ
ਜਸਵੰਤ ਸਿੰਘ ਕੰਵਲ

ਪਿਆਰੇ ਦਰਸ਼ਨ ਗਿੱਲ,

ਸਤਿ ਸ੍ਰੀ ਅਕਾਲ।

ਮੈਂ 'ਕੈਨੇਡਾ ਦਰਪਣ' ਦੇ ਤਿੰਨ ਅੰਕ ਪੜ੍ਹ ਚੁੱਕਾ ਹਾਂ। ਆਪ ਨੂੰ ਇਕ ਸਾਲ ਦਾ ਚੰਦਾ ਭੇਜ ਰਿਹਾ ਹਾਂ। ਮੈਨੂੰ ਸਾਹਿਤ ਪੜ੍ਹਨ ਦਾ ਬੇਹੱਦ ਸ਼ੌਕ ਹੈ। ਤੁਸੀਂ ਕਿਉਂਕਿ ਸਾਹਿਤਕਾਰ ਹੋ ਮੈਂ ਤੁਹਾਨੂੰ ਤੁਹਾਡੀਆਂ ਰਚਨਾਵਾਂ ਰਾਹੀਂ ਕਾਫ਼ੀ ਦੇਰ ਤੋਂ ਜਾਣਦਾ ਹਾਂ।....ਤੁਹਾਡੇ ਅਖਬਾਰ ਸਬੰਧੀ ਮੈਂ ਕੋਈ ਸਹਿਯੋਗ ਦੇ ਸਕਦਾ ਹੋਵਾਂ ਤਾਂ ਮੈਂ ਹਰ ਵਕਤ ਹਾਜ਼ਰ ਹਾਂ।

ਬਾਕੀ ਫਿਰ

ਆਪਦਾ ਵੀਰ
ਅਜੀਤ ਸਿੰਘ ਧਨੋਆ
ਵੈਨਕੂਵਰ

ਪਿਆਰੇ ਗਿੱਲ ਸਾਹਿਬ,

ਨਿਘੀਆਂ ਗਲਵਕੜੀਆਂ!

ਪ੍ਰਮਿੰਦਰਜੀਤ ਜੀ ਨੇ ਤੁਹਾਡੇ 'ਕੈਨੇਡਾ ਦਰਪਣ' ਦਾ ਜ਼ਿਕਰੇ-ਖੈਰ ਕੀਤਾ ਸੀ। ਅਜੇ ਤੱਕ ਇਸ ਕੌਮਾਂਤਰੀ ਪੱਤਰ ਦਾ ਮੁਖੜਾ ਨਹੀਂ ਦੇਖਿਆ। ਕੁਝ ਨਜ਼ਮਾਂ ਛੋਟੀਆਂ ਭੇਜ ਰਿਹਾ ਹਾਂ। ਉਮੀਦ ਹੈ 'ਕੈਨੇਡਾ ਦਰਪਣ' ਦੀਆਂ ਹਮਸਫ਼ਰ ਹੋਣਗੀਆਂ। ਪਰਚਾ ਲਗਾਤਾਰ ਭੇਜਦੇ ਰਹਿਣਾ। ਹੋਰ ਕੋਈ ਸੇਵਾ ਹੋਵੇ ਤਾਂ ਲਿਖਣਾ। 'ਕੈਨੇਡਾ ਦਰਪਣ' ਨੂੰ ਚੜ੍ਹਦੀ ਕਲਾ ਵਿਚ ਵੇਖਣ ਦਾ ਚਾਹਵਾਨ

ਤੁਹਾਡਾ ਹਮਸਫ਼ਰ,
ਜਸਬੀਰ ਸਿੰਘ ਸਰਨਾ
ਬਾਰਾਮੂਲਾ(ਕਸ਼ਮੀਰ)

ਪਿਆਰੇ ਦਰਸ਼ਨ ਗਿੱਲ,

ਸਤਿ ਸ੍ਰੀ ਅਕਾਲ।

ਇਸ ਮਹੀਨੇ 'ਲੋਅ' ਵਿਚ ਤੁਹਾਡੀ ਰੀਪੋਰਟ ਪੜ੍ਹੀ ਹੈ। ਬਹੁਤ ਧੜੱਲੇਦਾਰ ਸੀ। ਪਰ ਮੌਕਾਪਰਸਤਾਂ ਨੂੰ ਅਜੇ ਵੀ ਸ਼ਰਮ ਆਉਣ ਦੀ ਸੰਭਾਵਨਾ ਬਹੁਤ ਘੱਟ ਹੈ। ਸਾਥੀਆਂ ਨੂੰ ਯਾਦ।

ਮੋਹਨ ਸਿੰਘ ਰਾਹੀ
ਰਵੀ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ

ਪਿਆਰੇ ਦਰਸ਼ਨ,

ਯਾਦ!

ਭਾਰਤ ਜਾ ਆਇਆ ਹਾਂ। ਮਿਲਣਾ ਚਾਹੁੰਦਾ ਹੋਇਆ ਵੀ ਕਈਆਂ ਨੂੰ ਮਿਲਣ ਦਾ ਸਮਾਂ ਨਹੀਂ ਲੱਗਾ -ਜਿਨਾਂ ਵਿਚ ਦਰਸ਼ਨ ਨੱਤ ਵੀ ਰਹਿ ਗਿਆ ਹੈ।

ਨਵੇਂ ਪਰਚੇ ਦੀ ਇਕ ਕਾਪੀ ਭੇਜਣੀ।

ਤੇਰਾ ਆਪਣਾ
ਜਗਤਾਰ ਢਾਅ
ਸਾਊਥਾਲ, ਇੰਗਲੈਂਡ

ਪਿਆਰੇ ਵੀਰ ਦਰਸ਼ਨ,

ਨਿੱਘੀ ਨਿੱਘੀ ਯਾਦ।

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਤੂੰ ਵੈਨਕੂਵਰ ਸ਼ਿਫਟ ਕਰ ਗਿਆ ਹੈਂ। 'ਕੈਨੇਡਾ ਦਰਪਣ' ਤੇਰੀ ਹਿੰਮਤ ਤੇ ਕਿਰਿਆਸ਼ੀਲਤਾ ਦੀ ਗੱਲ ਹੈ। ਮੈਂ ਕਈ ਵਾਰ ਇਰਾਦਾ ਬਣਾਇਆ ਕਿ ਇਥੇ ਕੀਨੀਆਂ ਵਿਚ ਇਕ ਦੋਮਾਸਕ, ਤ੍ਰੈਮਾਸਕ ਜਾਂ ਸਪਤਾਹਕ ਪੱਤਰ ਛਾਪਾਂ ਪਰ ਹੌਸਲਾ ਹੀ ਨਹੀਂ ਪੈਂਦਾ। ਸੋ ਭਾਈ ਜਾਨ ਮੇਰੇ ਵਲੋਂ ਏਸ ਵੈਂਚਰ ਲਈ ਬਹੁਤ ਬਹੁਤ ਸ਼ੁਭਕਾਮਨਾਵਾਂ। ਜੇ ਤੂੰ ਆਖੇਂ ਤਾਂ ਮੈਂ ਅਫਰੀਕਾ ਦੀਆਂ ਸਮੱਸਿਆਵਾਂ ਬਾਰੇ ਕਦੇ ਕਦੇ ਲਿਖਦਾ ਰਿਹਾ ਕਰਾਂਗਾ। ਪਤਾ ਲੱਗਾ ਹੈ ਕਿ ਗੁਰਦਿਆਲ ਨੇ ਵੀ 'ਨਵੀਂ ਧਰਤੀ' ਕੱਢਣਾ ਸ਼ੁਰੂ ਕੀਤਾ ਹੈ।

ਜੇ ਯਤਨ ਅਰੰਭਿਆਂ ਹੈ ਤਾਂ ਡਟ ਕੇ ਕੰਮ ਕਰੀਂ। ਚਾਹੇ ਤਖਤ ਚਾਹੇ ਤਖਤਾ। ਤੂੰ ਹਿੰਮਤੀ ਹੈਂ, ਤਮਤ ਹੀ ਹੋਵੇਗਾ।

ਬਾਕੀ ਅਗਲੇ ਪੱਤਰ ਵਿਚ।

ਪਿਆਰ ਨਾਲ

ਤੇਰਾ ਵੀਰ,
ਅਜਾਇਬ ਕਮਲ
ਨੈਰੋਬੀ

ਸ੍ਰੀਮਾਨ ਜੀ,

ਅਸੀਂ ਵਿਲੀਅਮਜ਼ ਲੇਕ ਨਵੀਂ ਗਰੌਸਰੀ ਦੀ ਦੁਕਾਨ ਖੋਲ੍ਹੀ ਹੈ। ਸਾਨੂੰ ਪਤਾ ਲੱਗਾ ਹੈ ਕਿ ਆਪ ਜੀ ਦਾ ਪੇਪਰ 'ਕੈਨੇਡਾ ਦਰਪਣ' ਵਿਲੀਅਮਜ਼ ਲੇਕ ਘੱਟ ਆਉਂਦਾ ਹੈ। ਅਸੀਂ ਆਪ ਜੀ ਅੱਗੇ ਬੇਨਤੀ ਕਰਦੇ ਹਾਂ ਕਿ ਜੇ ਤੁਸੀਂ ਥੋੜ੍ਹੀਆਂ ਜਿਹੀਆਂ ਕਾਪੀਆਂ ਸਾਨੂੰ ਭੇਜ ਦਿਆ ਕਰੋ ਤਾਂ ਅਸੀਂ ਵੀ ਤੁਹਾਡੇ ਪੇਪਰ ਨੂੰ ਹੋਰ ਵੀ ਅੱਗੇ ਲਿਜਾਣ ਵਿਚ ਹੱਥ ਵਟਾ ਸਕਦੇ ਹਾਂ। ਅਸੀਂ ਆਪਦੇ ਅਤੀ ਧੰਨਵਾਦੀ ਹੋਵਾਂਗੇ।

ਆਪਦਾ
ਸੰਤੋਖ ਸਿੰਘ ਧਾਲੀਵਾਲ
ਜਨਤਾ ਫੂਡ ਸਪਲਾਈ

ਪੰਜਾਬੀ ਲਿਟਰੇਰੀ ਐਸੋਸੀਏਸ਼ਨ

ਪੰਜਾਬੀ ਸਾਹਿਤ ਸਭਾ ਵੈਨਕੂਵਰ ਦੀ ਮੀਟਿੰਗ 19-12-82 ਨੂੰ 5052 ਵਿਕਟੋਰੀਆ ਡਰਾਈਵ, ਵੈਨਕੂਵਰ ਵਿਖੇ ਚਾਰ ਵਜੇ ਸ਼ਾਮ ਨੂੰ ਹੋਈ। ਗਿਆਰਾਂ ਸਾਹਿਤਕ ਸੱਜਣਾਂ ਨੇ ਇਕੱਠੇ ਹੋਕੇ ਇਸ ਨੂੰ ਬਹੁਤ ਹੀ ਰੌਚਿਕ ਬਣਾਇਆ। ਵਿਸ਼ੇਸ਼ ਗੱਲ ਇਹ ਸੀ ਕਿ ਸਭਾ ਜਾਂ ਸੰਵਿਧਾਨ ਰਜਿਸਟਰ ਹੋਣ ਤੋਂ ਬਾਅਦ, ਪਹਿਲਾਂ ਵਾਂਗ ਕਿਸੇ ਵੀ ਸੱਜਣ ਨੂੰ ਕੋਈ ਸਿਰ ਦਰਦੀ ਨਾ ਹੋਈ।

ਮਨਜੀਤ ਮੀਤ, ਨਿਰਮਲ ਮਹਿਰੋਕ, ਬਲਬਿੰਦਰ ਗਿੱਲ, ਜਸਵੰਤ ਮਾਂਗਟ, ਅਮਰਜੀਤ ਸੂਫ਼ੀ, ਗੁਰਚਰਨ ਟੱਲੇਵਾਲੀਆ ਅਤੇ ਹਰਦੇਵ ਵੜੈਚ ਨੇ ਆਪੋ ਆਪਣੀਆਂ ਰਚਨਾਵਾਂ ਪੜ੍ਹੀਆਂ।

ਜ਼ਨਾਬ ਫ਼ਖਰ ਜ਼ਮਾਨ ਸਨਮਾਨ ਸਮਾਗਮ ਸਬੰਧੀ ਪ੍ਰਬੰਧਕੀ ਕਮੇਟੀ ਲਈ ਦਰਸ਼ਨ ਗਿੱਲ, ਅਮਰਜੀਤ ਸੂਫ਼ੀ, ਜਸਵੰਤ ਮਾਂਗਟ, ਗੁਰਚਰਨ ਟੱਲੇਵਾਲੀਆ ਤੇ ਹਰਦੇਵ ਵੜੈਚ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ। ਯਾਦ ਰਹੇ ਕਿ ਜ਼ਨਾਬ ਫ਼ਖਰ ਜ਼ਮਾਨ ਪਾਕਿਸਤਾਨ ਵਿਚ ਪੰਜਾਬੀ, ਉਰਦੂ ਤੇ ਅੰਗਰੇਜ਼ੀ ਦੇ ਅਗਾਂਹਵਧੂ ਅਤੇ ਬਹੁਪੱਖੀ ਸਾਹਿਤਕਾਰ ਹਨ। ਉਹ ਵੈਨਕੂਵਰ ਵਿਚ ਜਨਵਰੀ 1983 ਦੇ ਤੀਸਰੇ ਹਫ਼ਤੇ ਤਸ਼ਰੀਫ਼ ਲਿਆਉਣਗੇ ਅਤੇ ਸਭਾ ਵੀ ਉਨ੍ਹਾਂ ਨੂੰ ਸਨਮਾਨਿਤ ਕਰੇਗੀ।

ਸਭਾ ਦੇ ਮੈਂਬਰਾਂ ਵਲੋਂ ਜ਼ਰੂਰੀ ਵਿਸ਼ਿਆਂ ਤੇ ਉਸਾਰੂ ਵਿਚਾਰ ਵਟਾਂਦਰਾ ਹੋਇਆ। ਅਗਲੀ ਮੀਟਿੰਗ 9 ਜਨਵਰੀ,1983 ਨੂੰ 1730 ਆਈਲੈਂਡ ਸਟਰੀਟ, ਵੈਨਕੂਵਰ ਵਿਖੇ ਚਾਰ ਵਜੇ ਸ਼ਾਮ ਨੂੰ ਹੋਵੇਗੀ। ਸਭਾ ਵਲੋਂ ਪੰਜਾਬੀ ਸਾਹਿਤ ਦੇ ਪ੍ਰੇਮੀਆਂ ਅਤੇ ਰਚਨਹਾਰਿਆਂ ਨੂੰ ਪਧਾਰਨ ਲਈ ਬੇਨਤੀ ਹੈ।

ਸਕੱਤਰ,
ਹਰਦੇਵ ਬੜੈਚ

ਸਤਿਕਾਰ ਯੋਗ ਐਡੀਟਰ ਸਾਹਿਬ ਜੀ,

ਪਿਆਰ ਭਰੀ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ।

ਮੈਂ ਪਹਿਲਾਂ ਆਪਦੇ ਪੇਪਰ ਕੈਨੇਡਾ ਦਰਪਣ ਬਾਰੇ ਆਪਨੂੰ ਲੱਖ ਲੱਖ ਵਧਾਈ ਭੇਜਦਾ ਹਾਂ। ਤੇ ਨਾਲ ਹੀ ਇਹ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪਦੇ ਪੇਪਰ ਕੈਨੈਡਾ ਦਰਪਣ ਨੂੰ ਦਿਨ ਰਾਤ ਤਰੱਕੀ ਬਖਸ਼ੇ। ਆਪਦਾ ਪੇਪਰ ਪੜ੍ਹਕੇ ਬੜੀ ਖੁਸ਼ੀ ਹੋਈ।

ਸੋ ਨਾਲ ਨਾਲ ਆਪਨੂੰ ਥੋੜੀ ਜਿਹੀ ਸੇਵਾ ਲਈ ਬੇਨਤੀ ਕਰਦਾ ਹਾਂ ਤੁਸੀਂ ਮੇਰੀਆਂ ਲਿਖਤਾਂ ਆਪਦੇ ਪੇਪਰ ਵਿਚ ਛਾਪ ਕੇ ਮੇਰੀ ਕਲਮ ਦੀ ਕਦਰ ਕਰੋਗੇ।

ਮੈਂ ਆਪ ਪਾਸੋਂ ਪੂਰੀ ਪੂਰੀ ਆਸ ਰੱਖਦਾ ਹਾਂ ਅਤੇ ਆਪਦਾ ਲੱਖ ਲੱਖ ਸ਼ੁਕਰ ਗੁਜ਼ਾਰ ਹਾਂ।

ਆਪਦਾ ਸ਼ੁਭਚਿੰਤਕ
ਬਲਬਿੰਦਰ ਸਿੰਘ ਗਿੱਲ

ਪਿਆਰ ਦੀ ਮੰਜ਼ਲ

ਪਿਆਰ ਦੀ ਮੰਜ਼ਲ ਬਹੁਤ ਦੂਰ ਹੈ,
ਸੋਚ ਸੋਚ ਕੇ ਚਕਨਾ ਚੂਰ ਹੋਈ,
ਕਦੋਂ ਪਿਆਰ ਦੇ ਪੈਂਡੇ ਮੁਕਣਗੇ,
ਪਰ ਰਾਹਾਂ ਤੋਂ ਮਜਬੂਰ ਹੋਈ।
ਦਿਨ ਰਾਤ ਤੜਪਦੀ ਰਹਾਂ ਸੱਜਨਾ ਵੇ ਤੇਰੇ ਦੀਦਾਰ ਨੂੰ,
ਕੋਈ ਪਤਾ ਨਹੀਂ ਕਦੋਂ ਆਉਣਾ ਹੈ ਦੂਰ ਵਤਨਾਂ ਤੋਂ।
ਅਜੇ ਖ਼ਾਹਿਸ਼ ਨਾ ਪੂਰੀ ਹੋਈ,
ਦਿਲ ਦੀਆਂ ਸਧਰਾਂ ਅਧੂਰੀਆਂ ਨੇ।
ਕਿਵੇਂ ਭੇਦ ਛੁਪਾ ਕੇ ਰੱਖਾਂ ਦਿਲ ਦੀ ਪਟਾਰੀ ਵਿਚ,
ਕਦੋਂ ਪਾਉਗੇ ਫੇਰੀ ਸਾਡੀ ਇਸ ਗਰੀਬ ਨਗਰੀ ਵਿਚ,
ਕੀ ਹੋਇਆ ਜੇ ਰੂਹਾਂ ਵਿਛੜ ਗਈਆਂ,
ਪਰ ਪਿਆਰ ਦੀ ਖਿੱਚ ਤਾਂ ਪੂਰੀ ਏ।
ਤੇਰੇ ਬਿਨ੍ਹਾਂ ਮੇਰੀ ਜ਼ਿੰਦ ਸੱਖਣੀ ਰੂਹ,
ਲੱਖ ਕੋਹਾਂ ਤੱਕ ਦੀ ਦੂਰੀ ਏ।
ਸਾਡੇ ਮਹੱਲੇ ਲੋਕੀ ਵੱਸਣ ਚੁੱਗਲਖੋਰ ਵੇ,
ਕੋਈ ਪਰਵਾਹ ਨਹੀਂ ਮੇਰੀ ਕਮਲੀ ਸੂਰਤ ਨੂੰ,
ਆਕੇ ਸੱਜਨਾ ਦਰਦ ਵੰਡਾਂ ਵੇ,
ਦੁੱਖ ਕਰੋੜਾਂ ਨਿਮਾਣੀ ਪੱਥਰ ਦੀ ਮੂਰਤ ਨੂੰ।

—ਬਲਬਿੰਦਰ "ਗਿੱਲ"

ਰੁਬਾਈਆਂ

ਜਿਸ ਬਾਗ਼ ਵਿਚ ਮਾਲੀ ਨਾ ਹੋਵੇ,
ਓਥੇ ਕੀ ਬਹਾਰ ਨੇ ਆਵਾਣਾ ਏ।
ਜਿਹੜੇ ਦੇਸ਼ ਵਿਚ ਅੰਬਾਂ ਦੇ ਰੁੱਖ ਹੈਨੀ,
ਉਥੇ ਕੀ ਕੋਇਲ ਨੇ ਗਾਵਣਾ ਏ।
ਜਿਹਦੇ ਕੋਲ ਪਿਆਰ ਦਾ ਮੁੱਲ ਨਹੀਂ,
ਉਹਨੇ ਕੀ ਤੋੜ ਨਿਭਾਵਣਾ ਏ।
"ਗਿੱਲਾ" ਪਿਆਰ ਦੇ ਪੈਂਡੇ ਮੁੱਕਦੇ ਨਹੀਂ,
ਕਾਹਨੂੰ ਰੋਗ ਜ਼ਿੰਦ ਨੂੰ ਲਾਵਣਾ ਏ।

———o———

ਲੱਖਾਂ ਜੀਵ ਧਰਤੀ ਤੇ ਜਨਮ ਲੈਂਦੇ,
ਲੱਖਾਂ ਜੀਵਨ ਭੋਗ ਕੇ ਮਰ ਜਾਂਦੇ।
ਕਈ ਮਰਨ ਅਣਹੋਈ ਮੌਤ ਜੱਗ ਵਿਚ,
ਉਹ ਮਾਪਿਆਂ ਨੂੰ ਰੋਗੀ ਕਰ ਜਾਂਦੇ।
ਜੂਏ ਵਾਗੂੰ ਜੱਗ ਵਿਚ ਰੀਤ ਚੱਲਦੀ,
ਕਈ ਜਿੱਤ ਜਾਂਦੇ ਤੇ ਕਈ ਹਾਰ ਜਾਂਦੇ।
"ਗਿੱਲਾ" ਉਨ੍ਹਾਂ ਕੀ ਮਰਨਾ ਕੌਮ ਖਾਤਰ,
ਜੋ ਮਮੂਲੀ ਚੋਟ ਤੋਂ ਡਰ ਜਾਂਦੇ।

— ਬਲਬਿੰਦਰ ਗਿੱਲ

ਬਲਬੀਰ ਸਿੰਘ ਮੋਮੀ ਸਨਮਾਨ ਸਮਾਰੋਹ

ਭਾਰਤ ਤੋਂ ਕੇਨੇਡਾ ਆਏ ਪ੍ਰਸਿੱਧ ਪੰਜਾਬੀ ਲੇਖਕ ਸ੍ਰੀ ਬਲਬੀਰ ਸਿੰਘ ਮੋਮੀ ਹੋਰਾਂ ਦੇ ਸਨਮਾਨ ਵਿੱਚ ਕੈਨੇਡੀਅਨ ਪੰਜਾਬੀ ਆਥਰਜ਼ ਐਂਡ ਆਰਟਿਸਟਸ ਐਸੋਸੀਏਸ਼ਨ ਵਲੋਂ 4 ਦਸੰਬਰ 1982, ਦਿਨ ਸਨਿਚਰਵਾਰ ਨੂੰ, ਮੈਟਰੋਪਾਲਟੀਨ ਸੈਂਟਰਲ ਲਾਇਬਰੇਰੀ ਟਰਾਂਟੋ ਵਿੱਚ, ਇਕ ਸਾਹਿਤਕ ਸਮਾਗਮ ਦਾ ਪ੍ਰਬੰਧ ਕੀਤਾ ਗਿਆ। ਇਸ ਸਾਹਿਤਕ ਸਮਾਗਮ ਵਿੱਚ ਕੈਨੇਡਾ ਵਿੱਚ ਰਹਿ ਰਹੇ, ਪੂਰਬੀ ਅਤੇ ਪੱਛਮੀ ਪੰਜਾਬ ਦੇ ਅਦੀਬਾਂ ਨੇ ਭਰਵਾਂ ਹਿਸਾ ਲਿਆ। ਇਸ ਸ਼ਾਨਦਾਰ ਸਾਹਿਤਕ ਸਮਾਗਮ ਦੀ ਪ੍ਰਧਾਨਗੀ, ਟਰਾਂਟੋ ਦੇ ਪ੍ਰਸਿੱਧ ਪੰਜਾਬੀ ਚਿਤ੍ਰਕਾਰ, ਆਰ ਐਸ ਰਣੀਆ ਨੇ ਕੀਤੀ। ਸਮਾਗਮ ਵਿੱਚ ਹਿਸਾ ਲੈਣ ਵਾਲੇ ਲੱਗ ਭੱਗ ਸਭਨਾਂ ਬੁਲਾਰਿਆਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਪੰਜਾਬੀ ਜ਼ੁਬਾਨ, ਸਾਹਿਤ ਅਤੇ ਸਭਿਆਚਾਰ ਸਾਡਾ ਸਭਨਾਂ ਦਾ ਸਾਂਝਾ ਵਿਰਸਾ ਹੈ। ਅਸੀਂ ਚਾਹੇ ਹਿੰਦੂ, ਸਿੱਖ, ਮੁਸਲਮਾਨ, ਈਸਾਈ ਜਾਂ ਕਿਸੇ ਹੋਰ ਧਰਮ ਜਾਂ ਫਿਰਕੇ ਨਾਲ ਸੰਬੰਧ ਕਿਉਂ ਨਾ ਰੱਖਦੇ ਹੋਈਏ। ਜਿਹੜਾ ਧਾਗਾ ਸਾਨੂੰ ਸਭਨਾਂ ਨੂੰ ਇਕ ਲੜੀ ਵਿਚ ਪਰੋਂਦਾ ਹੈ, ਉਹ ਹੈ ਸਾਡਾ ਸਾਂਝਾ ਵਿਰਸਾ। ਗੁਰੂ ਨਾਨਕ, ਵਾਰਸ ਸ਼ਾਹ, ਬੁੱਲ੍ਹੇ ਸ਼ਾਹ,ਸ਼ਾਹ ਮੁਹੰਮਦ, ਸ਼ੇਖ ਫਰੀਦ, ਮੁਹੰਮਦ ਇਕਬਾਲ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਨੂਰ ਜਹਾਂ, ਰੇਸ਼ਮਾਂ, ਮੰਟੋ, ਗੁਲਾਮ ਅਲੀ, ਸੁਰਿੰਦਰ ਕੌਰ, ਆਲਮ ਲੁਹਾਰ, ਯਮਲਾ ਜੱਟ, ਸ਼ੌਕਤ ਅਲੀ, ਫਖਰ ਜ਼ਮਾਂ, ਅਹਿਮਦ ਸਲੀਮ, ਹਨੀਫ ਚੌਧਰੀ, ਮਿਰਜ਼ਾ, ਸੱਸੀ, ਹੀਰ, ਪ੍ਰੋ: ਪੂਰਨ ਸਿੰਘ, ਪ੍ਰੋ: ਮੋਹਣ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਸ਼ਿਵ ਕੁਮਾਰ,ਬਟਾਲਵੀ,ਅਤੇ ਧਨੀ ਰਾਮ ਚਾਤ੍ਰਿਕ ਸਾਡਾ ਸਭਨਾਂ ਦਾ ਸਾਂਝਾ ਵਿਰਸਾ ਹੈ। ਅਸੀਂ ਇਕ ਹੀ ਧਰਤੀ ਦੀ ਪਾਣੀ ਪੀਤਾ ਹੈ। ਸਾਡੀਆਂ ਰਗਾਂ ਵਿਚ ਇੱਕੋ ਹੀ ਖੂਨ ਦੌੜਦਾ ਹੈ। ਅੱਜ, ਜਦੋਂ ਕਿ ਸਾਡੇ ਆਸ ਪਾਸ ਕੁਝ ਲੋਕਾਂ ਵਲੋਂ ਮਹਿਜ਼ ਆਪਣੇ ਜ਼ਾਤੀ ਮੁਫ਼ਾਦਾਂ ਖਾਤਰ ਜ਼ਹਿਰ ਉਗਲੀ ਜਾ ਰਹੀ ਹੈ। ਸਿੱਖ ਨੂੰ ਸਿੱਖ ਨਾਲ, ਸਿੱਖ ਨੂੰ ਹਿੰਦੂ ਨਾਲ ਅਤੇ ਹਿੰਦੂ ਨੂੰ ਮੁਸਲਮਾਨ ਨਾਲ ਲੜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਤਾਂ ਲੋੜ ਹੈ ਕਿ ਅਸੀਂ ਆਪਣੇ ਦਿਲਾਂ ਅੰਦਰ ਉਸ ਸਾਂਝੇ ਵਿਰਸੇ ਦੀ ਸ਼ਮਾਂ ਜਗਾਈ ਰੱਖਣ ਲਈ ਲੋਕਾਂ ਵਿਚ ਆਪਣੇ ਪੀਰਾਂ, ਫਕੀਰਾਂ ਅਤੇ ਅਦੀਬਾਂ ਦੀ ਸਾਂਝੀਵਾਲਤਾ ਦਾ ਪੈਗ਼ਾਮ ਦੇਈਏ। ਅੱਜ ਦੇਸ ਅਤੇ ਬਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਸਿਰ ਇਕ ਵੱਡੀ ਜ਼ਿੰਮੇਂਵਾਰੀ ਆਣ ਪਈ ਹੈ ਕਿ ਅਸੀਂ ਅਵਾਮ ਨੂੰ ਸਹੀ ਸੇਧ ਦੇਈਏ ਅਤੇ ਵਾਤਾਵਰਨ ਵਿਚ ਭਰੀ ਜਾ ਰਹੀ ਜ਼ਹਿਰੀਲੀ ਹਵਾ ਨੂੰ ਸੁਗੰਧੀਆਂ ਵਿਚ ਬਦਲ ਦੇਈਏ।

ਪਿਆਰ ਮੁਹੱਬਤ ਅਤੇ ਦੋਸਤੀ ਦਾ ਸੁਨੇਹਾ ਦੇਣ ਵਾਲੇ ਇਸ ਸਮਾਗਮ ਵਿਚ ਜਿੰਨ੍ਹਾਂ ਅਦੀਬਾਂ ਅਤੇ ਕਲਾਕਾਰਾਂ ਨੇ ਵਿਸ਼ੇਸ਼ ਤੌਰ ਤੇ ਹਿੱਸਾ ਲਿਆ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਸਰਵ ਸ੍ਰੀ ਬਲਬੀਰ ਸਿੰਘ ਮੋਮੀ, ਆਰ. ਐਸ. ਰਣੀਆ, ਗੁਰਦੀਪ ਸਿੰਘ ਚੌਹਾਨ, ਅੰਮ੍ਰਿਤ ਸ਼ੈਲਾ, ਮੰਗਲ ਸਿੰਘ ਕੰਵਲ, ਸਲੀਮ ਸਦੀਕੀ, ਨੁਸਹੱਤ ਸਦੀਕੀ, ਨਜ਼ੀਰ ਸੱਦਰ, ਅਕੀਲਾ ਸ਼ਹੀਨ, ਤ੍ਰਲੋਚਨ ਸਿੰਘ ਗਿੱਲ, ਗੁਰਮੀਤ ਸਿੰਘ ਟਿਵਾਣਾ, ਬੁਲੰਦ ਗਰੇਵਾਲ, ਸੁਖਿੰਦਰ, ਇਕਬਾਲ ਰਾਮੂਵਾਲੀਆ ਆਦਿ। ਇਸ ਤੋਂ ਇਲਾਵਾ ਚਿਤਰਕਾਰ ਹਰਦੇਵ ਸਿੰਘ, ਡਾ. ਮਦਨ ਲਾਲਾ ਹਾਂਡਾ, ਪੰਜਾਬ ਦਰਸ਼ਨ ਟੀ. ਵੀ. ਪ੍ਰੋਗਰਾਮ ਦੇ ਜੁਗਿੰਦਰ ਕਲਸੀ ਅਤੇ ਕਵੀ ਨਾਜ਼ਰ ਸਿੰਘ ਦੀਪਕ ਨੇ ਵੀ ਸਮਾਗਮ ਵਿਚ ਹਿੱਸਾ ਲਿਆ। ਸਮਾਗਮ ਵਿਚ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ੍ਰੀ ਇਕਬਾਲ ਰਾਮੂਵਾਲੀਆ ਨੇ ਨਿਭਾਈ।

'ਪਾਕਿਸਤਾਨੀ ਪੰਜਾਬੀ ਅਦਬ' ਬਾਰੇ ਬੋਲਦਿਆਂ ਸ੍ਰੀ ਬਲਬੀਰ ਸਿੰਘ ਮੋਮੀ ਹੋਰਾਂ ਨੇ ਆਪਣੀ ਲਾਹੌਰ ਦੀ ਯਾਤਰਾ ਬਾਰੇ ਵਿਸ਼ੇਸ਼ ਚਰਚਾ ਕੀਤਾ ਅਤੇ ਦਸਿਆ ਕਿ ਪਾਕਿਸਤਾਨ ਵਿਚ ਪੰਜਾਬੀ ਅਦਬ ਦੀ ਬੇਹਤਰੀ ਵਾਸਤੇ ਭਰਪੂਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦਸਿਆ ਕਿ ਦਿੱਲੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਐਮ. ਏ. ਪੰਜਾਬੀ ਦੇ ਕੋਰਸਾ ਵਿਚ ਪਾਕਿਸਤਾਨੀ ਪੰਜਾਬੀ ਦੀ ਅਦੀਬਾਂ ਦੀਆਂ ਪੁਸਤਕਾਂ ਪੜ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਵਾਲੇ ਹਿੰਦੋਸਤਾਨ ਅਤੇ ਪਾਕਿਸਤਾਨ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਨਾਲ ਨਾਲ ਹੋਰਨਾਂ ਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦਾ ਵੀ ਅਧਿਐਨ ਕਰਨ ਅਤੇ ਪੜਚੋਲਨ। ਨਹੀਂ ਤਾਂ ਪੰਜਾਬੀ ਸਾਹਿਤ ਦਾ ਇਤਿਹਾਸ ਅਧੂਰਾ ਰਹਿ ਜਾਵੇਗਾ। ਮੋਮੀ ਹੋਰਾਂ ਨੇ ਬਿਦੇਸ਼ੀ ਪੰਜਾਬੀ ਲੇਖਕਾਂ ਨੂੰ ਇਹ ਸੁਝਾਅ ਦਿਤਾ ਕਿ ਉਹ ਆਪਣੀਆਂ ਲਿਖਤਾਂ ਵਿਚ ਆਪਣੇ ਨਵੇਂ ਅਪਣਾਏ ਦੇਸ਼ ਵਿਚ ਰਹਿੰਦਿਆਂ ਹੋਇਆ ਪੇਸ਼ ਆਉਂਦੀਆਂ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਕਠਨਾਈਆਂ ਦਾ ਵੀ ਜਿਕਰ ਕਰਨ।

ਆਪਣੇ ਪ੍ਰਧਾਨਗੀ ਭਾਸ਼ਨ ਵਿਚ ਸਮਾਗਮ ਦੇ ਪ੍ਰਧਾਨ ਸ੍ਰੀ ਰਣੀਆ ਨੇ ਕਵਿਤਾ ਅਤੇ ਚਿਤਰਕਲਾ ਦੇ ਆਪਸੀ ਸੂਖਮ ਰਿਸ਼ਤੇ ਦਾ ਜਿਕਰ ਕੀਤਾ। ਅੰਤ ਵਿਚ, ਜਨਾਬ ਨਜ਼ੀਰ ਸੱਦਰ ਹੋਰਾਂ ਨੇ ਸਮਾਗਮ ਦੇ ਪ੍ਰਬੰਧਕਾਂ ਵਲੋਂ ਸਮਾਗਮ ਵਿਚ ਹਿੱਸਾ ਲੈਣ ਆਏ ਸਭਨਾਂ ਅਦੀਬਾਂ, ਕਲਾਕਾਰਾਂ ਅਤੇ ਸਰੋਤਿਆ ਦਾ ਧੰਨਵਾਦ ਕੀਤਾ। ਅਤੇ ਦੁਆ ਕੀਤੀ ਕਿ ਹਿੰਦ—ਪਾਕ ਦੇ ਲੋਕਾਂ ਵਿਚ ਆਪਸੀ ਪਿਆਰ—ਮੁਹੱਬਤ ਵਧਦਾ ਰਹੇ ਅਤੇ ਅਸੀਂ ਆਪਣੇ ਗਿੱਲੇ ਸ਼ਿਕਵੇ ਭੁਲਾ ਕੇ ਇਸੇ ਤਰ੍ਹਾਂ ਇਕ ਦੂਜੇ ਨੂੰ ਗਲਵੱਕੜੀਆਂ ਪਾਕੇ ਮਿਲਦੇ ਰਹੀਏ।

—ਸੁਖਿੰਦਰ
ਜਨਰਲ ਸਕੱਤਰ,
ਕੈਨੇਡੀਅਨ ਪੰਜਾਬੀ ਆਥਰਜ਼ ਐਂਡ ਆਰਟਿਸਟਸ ਐਸੋਸੀਏਸ਼ਨ, ਟਰਾਂਟੋ

'ਕੈਨੇਡਾ ਦਰਪਣ' ਵਲੋਂ ਪਾਠਕਾਂ, ਸਹਿਯੋਗੀਆਂ ਤੇ ਸਭ ਮਿਤਰਾਂ ਨੂੰ ਨਵਾਂ ਸਾਲ ਮੁਬਾਰਕ

ਏਸ਼ੀਆਡ ਮਹਿਮਾਨਾਂ ਨੂੰ ਖੁਸ਼ ਕਰਨ ਲਈ

5000 ਵੇਸਵਾਵਾਂ ਦਿੱਲੀ ਵਿਚ ਲਿਆਂਦੀਆਂ ਗਈਆਂ

ਖਾਸ ਰਿਪੋਰਟ—ਮਨਜੀਤ ਸਿੰਘ ਰੱਤੂ

ਨਵੀਂ ਦਿੱਲੀ (ਸਟਾਫ ਰਿਪੋਰਟਰ)—ਏਸ਼ੀਆਈ ਖੇਡਾਂ ਦੌਰਾਨ ਭਾਰੀ ਗਿਣਤੀ ਵਿਚ ਭਾਰਤੀ ਦਰਸ਼ਕਾਂ ਤੇ ਵਿਦੇਸ਼ੀ ਸੈਲਾਨੀਆਂ ਦੇ ਆਉਣ ਨਾਲ ਜਿਥੇ ਹੋਟਲ ਤੇ ਗੈਸਟ ਹਾਊਸ ਮਾਲਕਾਂ ਦਾ ਦੀਵਾਲੀਆ ਨਿਕਲਿਆ ਹੈ ਉਥੇ ਇਸ ਨਾਲ ਜੁੜੇ 'ਕਾਲ ਗਰਲਜ਼ ਗਰੋਹ, ਅਧੀਨ ਕਰੋੜਾਂ ਰੁਪਏ ਦੇ ਵਾਰੇ ਨਿਆਰੇ ਹੋਏ।

ਇਸ ਧੰਦੇ ਵਿਚ ਸ਼ਾਮਲ ਲੋਕਾਂ ਨੇ ਏਸ਼ੀਆਈ ਤੇ ਉਲੰਪਿਕ ਖੇਡਾਂ ਦੌਰਾਨ ਵਿਦੇਸ਼ਾਂ ਦੀਆਂ ਚਰਚਿਤ ਸੈਕਸ ਰੰਗੀਨੀਆਂ ਨੂੰ ਮੁਖ ਰਖਦੇ ਹੋਏ ਅਨੁਮਾਣ ਤਿੰਨ ਕਰੋੜ ਰੁਪਏ ਦਾਅ ਤੇ ਲਾ ਦਿਤੇ ਸਨ, ਨਾ ਕੇਵਲ ਦਿੱਲੀ ਤੇ ਆਸਪਾਸ ਦੇ ਸ਼ਹਿਰਾਂ ਤੋਂ ਵੇਸ਼ਵਾਵਾਂ ਨੂੰ ਬੁਲਾਇਆ ਗਿਆ ਸੀ ਸਗੋਂ ਭਾਰੀ ਗਿਣਤੀ ਵਿਚ ਪੜੀਆਂ ਲਿਖੀਆਂ ਲੜਕੀਆਂ ਨੂੰ ਫਸਾਉਣ ਵਿਚ ਵੀ ਭਾਰੀ ਰਕਮ ਲਾਈ ਗਈ ਸੀ।

ਕਲਕੱਤਾ, ਮਿਦਨਪੁਰ, ਤ੍ਰਿਵੇਂਦਰਮ, ਕੋਚੀਨ, ਮਦਰਾਸ, ਬੰਗਲੌਰ ਅਤੇ ਬੰਬਈ ਦੇ ਅੱਡਿਆਂ ਤੋਂ ਭਾਰੀ ਧਨ ਪੇਸ਼ਗੀ ਦੇ ਕੇ ਲਗਪਗ ਪੰਜ ਹਜ਼ਾਰ ਵੇਸਵਾਵਾਂ ਨੂੰ ਦਿੱਲੀ ਲਿਆਂਦਾ ਗਿਆ ਸੀ। ਚੰਗੀ ਕਮਾਈ ਦੀ ਗਰਜ਼ ਨਾਲ ਇਨਾਂ ਨੂੰ ਅੰਗਰੇਜ਼ੀ ਬੋਲਚਾਲ ਤੇ ਗਾਉਣ ਵਜ਼ਾਉਨ ਦੀ ਟਰੇਨਿੰਗ ਵੀ ਦਿਤੀ ਗਈ ਸੀ। ਬੀਤੇ ਕਈ ਮਹੀਨੇ ਦੌਰਾਨ ਕਈ ਅੰਗਰੇਜ਼ੀ ਦੇ ਸੰਗੀਤ ਟੀਚਰਾਂ ਨੇ ਕਾਫੀ ਕਮਾਈ ਕੀਤੀ।

ਵਿਦੇਸ਼ੀ ਅਤੇ ਚੰਗੀ ਰਕਮ ਖਰਚਣ ਵਾਲੇ ਭਾਰਤੀਆਂ ਦੀ ਇੱਛਾ ਪੂਰਤੀ ਲਈ ਸਿੰਗਾਪੁਰ, ਜਾਪਾਨ ਤੇ ਥਾਈਲੈਂਡ ਤੋਂ ਵੀ ਵੇਸਵਾਵਾਂ ਨੂੰ ਲਿਆਂਦਾ ਗਿਆ ਸੀ ਜਾਣਕਾਰ ਸੂਤਰਾਂ ਅਨੁਸਾਰ ਲਗਪਗ ਦੋ ਹਜ਼ਾਰ ਅਜਿਹੇ ਸ਼ਰੀਰ ਦੇ ਖਿਡਾਰੀ ਦਿੱਲੀ ਆਏ ਜਿਹਨਾਂ ਦਾ ਕੰਮ ਹੀ ਕੇਵਲ ਇਸ ਧੰਦੇ ਵਿਚ ਸ਼ਾਮਲ ਹੋਣਾ ਸੀ।

ਇਸ ਧੰਦੇ ਦੇ ਸੰਚਾਲਨ ਬਾਰੇ ਅਜਿਹਾ ਕੁਝ ਵੀ ਨਹੀਂ ਸੀ ਜੋ ਪੁਲਸ ਦੀਆਂ ਨਜ਼ਰਾਂ ਤੋਂ ਛੁਪਿਆ ਸੀ। ਸਗੋਂ ਸਾਰਾ ਕੁਝ ਪੁਲਸ ਦੀ ਗੰਢ ਤਰੁਪ ਤੇ ਦੇਖ ਰੇਖ ਵਿਚ ਹੀ ਹੋਇਆ। ਕਾਰਣ ਭਾਵੇਂ ਕੁਝ ਵੀ ਹੋਵੇ ਪਰ ਇਹ ਗੱਲ ਸੱਚ ਹੈ ਕਿ ਇਸ ਧੰਦੇ ਦੇ ਸੰਚਾਲਕਾਂ ਨੂੰ ਦਿੱਲੀ ਦੇ ਦੋ ਇੰਕਾ ਸੰਸਦ ਮੈਂਬਰਾਂ ਦੀ ਸੁਰੱਖਿਆ ਪ੍ਰਾਪਤ ਸੀ ਇਕ ਸੰਸਦ ਮੈਂਬਰ ਤੇ ਕੈਬਰੇ ਰੈਸਟੋਰੈਂਟਾਂ ਤੇ ਗੈਸਟ ਹਾਊਸ ਮਾਲਕਾਂ ਦੀ ਸੰਸਥਾ ਦੇ ਅਹੁਦੇਦਾਰ ਵੀ ਹਨ।

ਭਾਰੀ ਗਿਣਤੀ ਵਿਚ ਆਈਆਂ ਇਨਾਂ ਵੇਸਵਾਵਾਂ ਨੂੰ ਸੰਚਾਲਕਾਂ ਨੇ ਉਹਨਾਂ ਦੀ ਕੀਮਤ ਅਨੁਸਾਰ ਅਲਗ ਅਲਗ ਪਸਤੀਆਂ ਵਿਚ ਠਹਿਰਾਇਆ ਗਿਆ ਸੀ ਸਸਤੀਆਂ ਵੇਸਵਾਵਾ ਨੂੰ ਜੀ. ਬੀ. ਰੋਡ ਤੇ ਉਸ ਦੇ ਆਸ ਪਾਸ ਦੀਆਂ ਬਸਤੀਆਂ ਵਿਚ ਹੀ ਠਹਿਰਾਇਆ ਗਿਆ ਪਰ ਨਵੀਆਂ ਤੇ ਚੰਗੀ ਪੱਧਰ ਦੀਆਂ ਵੇਸਵਾਵਾਂ ਨੂੰ ਨਵੀਂ ਦਿੱਲੀ ਦੇ ਦਖਣੀ ਖੇਤਰ ਦੀਆਂ ਆਧੁਨਿਕ ਕਾਲੋਨੀਆਂ ਤੇ ਸਟੇਡੀਅਮਾਂ ਦੇ ਆਸ ਪਾਸ ਦੀਆਂ ਕਾਲੋਨੀਆਂ ਵਿਚ ਕਰਾਏ ਦੇ ਮਕਾਨ ਲੈ ਕੇ ਠਹਿਰਾਇਆ ਗਿਆ ਸੀ। ਇਸ ਦਾ ਹੀ ਨਤੀਜਾ ਸੀ ਕਿ ਇਹਨਾ ਕਲੋਨੀਆਂ ਵਿਚ ਖੇਡਾਂ ਤੋਂ ਪਹਿਲੇ ਮਕਾਨਾਂ ਦੇ ਕਰਾਏ ਅੰਬਰ ਨੂੰ ਛੂਹ ਰਹੇ ਸਨ। ਬਹੁਤ ਸਾਰੇ ਅਜਿਹੇ ਮਕਾਨਾਂ ਨੂੰ ਸੰਚਾਲਕਾਂ ਨੇ ਗੈਸਟ ਹਾਊਸਾਂ ਦੀ ਸ਼ਕਲ ਦੇ ਰੱਖੀ ਸੀ। ਇਸ ਤਰਾਂ ਗੈਸਟ ਹਾਊਸ ਖਾਸ ਤੌਰ ਤੇ ਜੰਗਪੁਰਾ ਐਕਸਟੈਨਸ਼ਨ, ਗਰੇਟਰ ਕੈਲਾਸ਼, ਅਮਰ ਕਾਲੋਨੀ, ਡੀਫੈਂਸ ਕਾਲੋਨੀ, ਸਾਊਥ ਐਕਸਟੈਨਸ਼ਨ ਤੇ ਪੰਚਸ਼ੀਲ ਪਾਰਕ ਵਿਚ ਸਨ।

ਅਸਲ ਵਿਚ ਇਸ ਧੰਦੇ ਲਈ ਚੰਗੀ ਕਮਾਈ ਦੀ ਗਰਜ਼ ਨਾਲ ਅੱਡਿਆਂ ਦੇ ਰੂਪ ਵਿਚ ਗੈਸਟ ਹਾਊਸਾਂ ਨੂੰ ਹੀ ਚੁਣਿਆ ਗਿਆ ਸੀ। ਖੇਡਾਂ ਤੋਂ ਪਹਿਲੇ ਸਹੂਲਤ ਦੀ ਗਰਜ਼ ਨਾਲ ਗੈਸਟ ਹਾਊਸ ਰਜਿਸਟਰ ਕਰਾਉਣ ਦਾ ਲਾਭ ਉਠਾਉਂਦੇ ਹੋਏ ਪੂਰੀ ਦਿੱਲੀ ਵਿਚ ਤਿੰਨ ਹਜ਼ਾਰ ਨਵੀਂ ਰਜਿਸਟਰੇਸ਼ਨ ਹੋਈ। ਇਨਾਂ ਵਿਚੋਂ ਵਧੇਰੇ ਰਜਿਸਟਰੇਸ਼ਨ ਧੰਦੇ ਲਈ ਕਰਾਈ ਗਈ ਸੀ।

ਖੇਡ ਨਗਰ ਦੇ ਨੇੜੇ ਬਣੀ ਗਾਰਾਮੀਣ ਬਸਤੀ ਸ਼ਾਹਪੁਰ ਜੱਟ ਦੇ ਸਾਹਮਣੇ ਬਣੀ ਆਧੁਨਿਕ ਕਾਲੋਨੀ ਮੇਫੇਅਰ ਗਾਰਡਨ ਵਿਚ ਕਈ ਮਕਾਨ 20 ਤੋਂ 50 ਹਜ਼ਾਰ ਰੁਪਏ ਦੀ ਪਗੜੀ ਦੇ ਕੇ ਲਏ ਗਏ। ਖੇਡ ਸ਼ੁਰੂ ਹੋਣ ਤੋਂ ਪਹਿਲਾਂ ਇਨਾਂ ਅੱਡਿਆ ਦੇ ਸੰਚਾਲਕਾਂ ਨੇ ਇਸ ਇਲਾਕੇ ਵਿਚ ਦਲਾਲ ਛੱਡ ਰੱਖੇ ਸਨ। ਪਰ ਸਖਤ ਸੁਰਖਿਆ ਹੋਣ ਦੇ ਕਾਰਨ ਸੈਨਾਂ ਦੇ ਜਵਾਨਾਂ ਨੇ ਦੋ ਦਲਾਲਾਂ ਨੂੰ ਫੜ ਲਿਆ। ਇਸ ਤਰਾਂ ਖੇਡ ਨਗਰ ਤੋਂ ਗਾਹਕ ਲਿਆਉਣ ਦੀ ਯੋਜਨਾ ਅਸਫਲ ਹੋ ਗਈ। ਸ਼ਹਪੁਰ ਜੱਟ ਦੇ ਇਕ ਡੀ. ਡੀ. ਏ. ਫਲੈਟ ਵਿਚ ਤਾਂ ਗੈਸਟ ਹਾਊਸ ਸੰਚਾਲਕ ਤੇ ਦੋ ਵੇਸਵਾਵਾਂ ਵਿਚ ਝਗੜਾ ਹੋ ਗਿਆ ਸੰਚਾਲਕ ਮੰਦੇ ਦੇ ਕਾਰਣ ਬਿਨਾਂ ਪੂਰੇ ਪੈਸੇ ਦਿਤੇ ਦੋਹਾਂ ਵੇਸ਼ਵਾਵਾ ਨੂੰ ਫਸਾਉਣਾ ਚਾਹੁੰਦਾ ਸੀ।

ਰਾਜਧਾਨੀ ਦੇ ਫਾਈਵ ਸਟਾਰ, ਫੋਰ ਸਟਾਰ ਤੇ ਥਰੀ ਸਟਾਲ ਹੋਟਲ ਵੀ ਇਸ ਧੰਦੇ ਵਿਚ ਪਿਛੇ ਨਹੀਂ ਸਨ। ਉਨਾਂ ਨੇ ਵੀ ਇਨਾਂ ਸੰਚਾਲਕਾਂ ਦੁਆਰਾ ਬੁਕਿੰਗ ਕਰਾ ਰਖੀ ਸੀ। ਇਕ ਥਰੀ ਸਟਾਰ ਹੋਟਲ ਨੇ ਕਰੋਲਬਾਗ ਦੇ ਇਕ ਰੈਸਟੋਰੈਂਟ ਦੇ ਮਾਲਕ ਦੁਆਰਾ ਜਾਪਾਨੀ (ਗੀਸਾਵਾਂ) ਵੇਸਵਾਵਾਂ ਦੀ ਵੀ ਪ੍ਰਾਪਤੀ ਕੀਤੀ ਸੀ।

ਸਰਕਾਰੀ ਨਿਗਮ ਆਈ. ਟੀ. ਟੀ. ਸੀ. ਦੇ ਹੋਟਲਾਂ ਵਿਚ ਭਾਵੇਂ ਇਸ ਮਾਮਲੇ ਵਿਚ ਪ੍ਰਬੰਧਕਾਂ ਦਾ ਹੱਥ ਨਹੀਂ ਕਿਹਾ ਜਾ ਸਕਦਾ ਪਰ ਹੋਰ ਕਰਮਚਾਰੀ ਇਸ ਧੰਦੇ ਵਿਚ ਸ਼ਾਮਲ ਸਨ। ਇਸੇ ਨਿਗਮ ਦੁਆਰਾ ਸੰਚਾਲਤ ਜਨਪੱਥ ਹੋਟਲ ਤੋਂ ਦੋ ਕਾਲ ਗਰਲਜ਼ ਫੜੀਆਂ ਵੀ ਗਈਆਂ ਪਰ ਜਿਥੋਂ ਤਕ ਮੁਨਾਫੇ ਦਾ ਪ੍ਰਸ਼ਨ ਹੈ, ਕੁਲ ਮਿਲਾ ਕੇ ਕੁਝ ਕਾਲ ਗਰਲਜ਼ ਨੂੰ ਭਲੇ ਹੀ ਲਾਭ ਹੋ ਗਿਆ ਹੋਵੇ ਵਧੇਰੇ ਤਾਂ ਘਾਟੇ ਵਿਚ ਹੀ ਰਹੀਆਂ।

ਧੰਦੇ ਨਾਲ ਜੁੜੇ ਲੋਕਾਂ ਅਨੁਸਾਰ ਘਾਟੇ ਦਾ ਕਾਰਣ ਇਹ ਸੀ ਕਿ ਆਸ ਅਨੁਸਾਰ ਨਾ ਤਾਂ ਭਾਰਤੀਆਂ ਦਾ ਹੀ ਮੇਲਾ ਲਗਾ ਅਤੇ ਨਾ ਹੀ ਵਿਦੇਸ਼ੀ ਸੈਲਾਨੀ ਆਏ। ਸਗੋਂ ਪਹਾੜ ਗੰਜ ਖੇਤਰ ਦੇ ਜੋ ਗੈਸਟ ਹਾਊਸ ਵਿਦੇਸ਼ੀ ਸੈਲਾਨੀਆ ਨਾਲ ਭਰੇ ਰਹਿੰਦੇ ਸਨ ਉਹ ਖੇਡ ਦੇ ਮੌਕੇ ਖਾਲੀ ਰਹੇ। ਅੰਤਮ ਦਿਨਾਂ ਵਿਚ ਤਾਂ ਕਈ ਗੈਸਟ ਹਾਊਸਾਂ ਵਿਚ ਕਿਰਾਏ ਵੀ ਘਟਾ ਦਿਤੇ ਗਏ, ਫਿਰ ਵੀ ਨਵੇ ਗਾਹਕਾਂ ਦੀ ਥੁੜ ਰਹੀ।

ਮੌਨ ਇਸਤਰੀ ਦਾ ਭੂਸ਼ਨ ਹੁੰਦਾ ਹੈ।
—ਯੂਨਾਨੀ ਕਵੀ

ਸਿਹਤ ਪਿਆਰ ਨਾਲੋਂ ਵਧੇਰੇ ਮਹੱਤਵ ਪੂਰਣ ਹੁੰਦੀ ਹੈ। ਬਹੁਤ ਛੇਤੀ ਸ਼ਾਦੀ ਨਾ ਕਰਨੀ ਸੰਜਮ ਵਿਚ ਸਹਾਇਕ ਹੁੰਦੀ ਹੈ; ਕਿਉਂ ਜੋ ਬਹੁਤ ਛੇਤੀ ਵਿਆਹ ਕਰਨ ਵਾਲੀਆਂ ਇਸਤਰੀਆਂ ਬਦਚਲਨ ਹੋਣ ਦੀਆਂ ਸੰਭਾਵਨਾਵਾਂ ਰਖਦੀਆਂ ਹਨ ਤੇ ਮਰਦਾਂ ਦੀ ਹਾਲਤ ਵਿਚ ਸਰੀਰਿਕ ਢਾਂਚਾ ਅਵਿਕਸਤ ਰਹਿ ਜਾਂਦਾ ਹੈ, ਜੇ ਕਰ ਉਹ ਵਧਣ ਫੁਲਣ ਦੀ ਹਾਲਤ ਵਿਚ ਹੀ ਵਿਆਹ ਕਰ ਲੈਣ। —ਐਰਿਸਟੋਲ



ਮੇਨੇਜਰ– "ਮੈਂ ਚਾਹੁੰਦਾ ਹਾਂ ਕਿ ਸਾਡਾ ਸੰਦੇਸ਼ ਦੇਸ਼ ਦੀ ਹਰ ਵਿਆਹੁਤਾ ਔਰਤ ਪੜ੍ਹੇ।"
ਵਿਗਿਆਪਨ ਅਧਿਕਾਰੀ, "ਠੀਕ ਹੈ, ਸੰਦੇਸ਼ ਉਨ੍ਹਾਂ ਦੇ ਪਤੀਆਂ ਨੂੰ ਭੇਜ ਦੇਵਾਂਗੇ ਤੇ ਲਿਫ਼ਾਫੇ ਤੇ 'ਨਿਜੀ' ਲਿਖ ਦਿਆਂਗੇ।"

o

ਪਿਤਾ– ਰਮੇਸ਼, ਕਲ ਸ਼ਾਮ ਨੂੰ ਮੇਰੀ ਮੋਟਰ ਲੈ ਕੇ ਗਿਆ ਸੀ?
ਰਮੇਸ਼– ਹਾਂ ਡੈਡੀ, ਤਿੰਨ ਚਾਰ ਦੋਸਤਾਂ ਨੂੰ ਘੁਮਾਣ ਲੈ ਗਿਆ ਸੀ।
ਪਿਤਾ– ਅੱਛਾ ਉਨ੍ਹਾਂ ਵਿਚੋਂ ਕਿਸੇ ਦੀ ਲਿਪਸਟਿਕ ਕਾਰ ਵਿਚ ਰਹਿ ਗਈ ਹੈ।

o

ਗ੍ਰਾਹਕ– ਬੈਰਾ, ਇਹ ਚਾਹ ਠੰਡੀ ਕਿਉਂ ਹੈ?'
ਬੈਰਾ– "ਸਾਬ, ਇਹ ਦਾਰਜਲਿੰਗ ਤੋਂ ਆਈ ਹੈ ਨਾ।

o

ਕਿਸੇ ਨੇ ਲੇਖਕ ਨੂੰ ਪੁਛਿਆ, "ਤੁਹਾਡੀਆਂ ਰਚਨਾਵਾਂ ਦੇ ਕਿੰਨੇ ਪਾਠਕ ਹਨ?"
"ਕੇਵਲ ਇਕ।"
"ਉਹ ਕੌਣ?"
"ਟਾਇਪਿਸਟ।"

o

ਰੋਗੀ (ਡਾਕਟਰ ਨੂੰ) : ਮੈਂ ਇਕ ਕੈਮਿਸਟ ਦੀ ਸਲਾਹ ਲਈ ਤਾਂ ਉਸਨੇ...
ਡਾਕਟਰ : ਕੈਮਿਸਟ ਠੀਕ ਸਲਾਹ ਨਹੀਂ ਦੇਂਦੇ– ਖੈਰ, ਕੀ ਸਲਾਹ ਦਿਤੀ ਉਸਨੇ?
ਰੋਗੀ : ਕਿ ਤੁਹਾਨੂੰ ਦਿਖਾਵਾਂ।

o

ਮੋਹਨ– ਸਮਝ ਨਹੀਂ ਆਂਦਾ ਕਿ ਤੂੰ ਜੁੜਵਾਂ ਭੈਣਾਂ ਵਿਚੋਂ ਨੀਤਾ ਨੂੰ ਕਿਵੇਂ ਪਹਿਚਾਨ ਲੈਂਦਾ ਹੈ?
ਸੋਹਨ– ਬਿਲਕੁਲ ਅਸਾਨ ਹੈ, ਅਸੀਂ ਜਦੋਂ ਵੀ ਮਿਲਦੇ ਹਾਂ, ਨੀਤਾ ਸ਼ਰਮਾ ਜਾਂਦੀ ਹੈ।

o

ਇਕ ਮਿੱਤਰ— ਮੇਰੀ ਪਤਨੀ ਆਪਣੇ ਆਪ ਗੱਲਾਂ ਕਰਦੀ ਹੈ।
ਦੂਸਰਾ— ਮੇਰੀ ਵੀ ਕਰਦੀ ਹੈ ਲੇਕਿਨ ਸੋਚਦੀ ਹੈ ਕਿ ਮੈਂ ਸੁਣ ਰਿਹਾ ਹਾਂ।

o

ਇਕ ਵਿਆਹੁਤਾ ਨੇ ਕਿਸੇ ਕੁੰਆਰੀ ਨੂੰ ਆਪਣੀ ਪ੍ਰੇਸ਼ਾਨੀ ਦਾ ਕਾਰਣ ਦਸਿਆ, "ਮੈਂ ਆਪਣੇ ਪਤੀ ਨੂੰ ਪਿਛਲੇ ਨੌਂ ਘੰਟਿਆਂ ਤੋਂ ਉਡੀਕ ਰਹੀਂ ਹਾਂ, ਕਿਧਰੇ ਉਨ੍ਹਾਂ ਦਾ ਪਤਾ ਹੀ ਨਹੀਂ।"
ਕੁੰਆਰੀ ਨੇ ਉੱਤਰ ਦਿਤਾ, "ਓਹ, ਇਹ ਤਾਂ ਮਾਮੂਲੀ ਗੱਲ ਏ ਮੈਂ ਤਾਂ ਪਿਛਲੇ ੨੫ ਸਾਲਾਂ ਤੋਂ ਲੱਭ ਰਹੀ ਹਾਂ।"
"ਬੈਰਾ, ਮੈਂ ਬਹੁਤ ਪੀ ਲਈ ਏ ਮੈਨੂੰ ਕੋਈ ਇਹੋ ਜਿਹੀ ਚੀਜ਼ ਲਿਆ ਕੇ ਦੇ ਜਿਸ ਨਾਲ ਮੈਂ ਹੋਸ਼ ਵਿਚ ਆ ਜਾਵਾਂ।"
"ਹਜ਼ੂਰ, ਇਹ ਲਉ ਆਪਣਾ ਬਿਲ।"

ਸਾਹਿਤ ਦਰਪਣ

ਕਨੇਡੀਅਨ ਕਹਾਣੀ

ਅਵਾਰਾ ਗਾਈਆਂ

ਸ਼ਮਸ਼ੇਰ ਭੱਟੀ

ਇਸ ਫੈਕਟਰ੍ਹੀ 'ਚ ਮੈਂ ਸ਼ੀਅਰ ਮਸ਼ੀਨ ਚਾਲਕ ਲੱਗਿਆ ਸੀ । ਕੋਈ ਸਾਲ ਹੋ ਗਿਆ ਹੈ । ਦੇਵ ਲੋਹ ਆਦਮੀ ਹੈ । ਮੇਰੇ ਨਾਲੋਂ ਸਾਲ ਪਹਿਲਾਂ ਦਾ । ਇਹੋ ਈ ਉਹਨੇ ਦੱਸਿਆਂ ਸਾਂ । ਕੋਈ ਵੀਹ ਕੁ ਆਦਮੀ ਆਂ ਅਸੀਂ ਇਥੇ ਕੰਮ ਕਰਦੇ ।

ਸਾਲ ਭਰ ਤੋਂ ਈਂ ਮੈਂ ਉਹ ਨੂੰ ਦੇਖਦਾ ਆ ਰਿਹਾ ਹਾਂ—ਉਹ ਬਹੁਤ ਚੁੱਪ ਰਹਿੰਦਾ ਹੈ । ਕੰਮ 'ਚ ਰੁੱਝਾ ਉਹ ਹਮੇਸ਼ਾ ਸੀਟੀ ਵਜਾਉਂਦਾ ਹੈ।ਸੀਟੀ ਦੀ ਇਕੋ ਤਾਨ ਮੈਨੂੰ ਬਹੁਤ ਕੁਝ ਮਹਿਸੂਸ ਕਰਨ ਲਈ ਅਯੋਜਿਤ ਕਰਦੀ ਰਹਿੰਦੀ ਹੈ। ਸੀਟੀ 'ਚੋ ਨਿਕਲਦੀ ਲੇਤਾਲ ਬਾਕੀ ਕਾਮਿਆਂ ਨੂੰ ਪ੍ਰਭਾਵਿਤ ਜਰੂਰ ਕਰ ਜਾਂਦੀ ਹੈ । ਵਤਨੀ ਹੋਣ ਦੇ ਨਾਤੇ ਉਹਦੀ ਸੀਟੀ 'ਚੋਂ ਮੈਂ ਕਈ ਕੁਝ ਲੱਭਦਾ ਹਾਂ । ਸੀਟੀ 'ਚ ਇੱਕ ਚੁੱਪ ਹੁੰਦੀ ਹੈ ਇਕ ਚੀਕ ਹੁੰਦੀ ਹੈ । ਇਕ ਲੇਰ ਹੁੰਦੀ ਹੈ ਇਕ ਲਲਕਾਰ ਹੁੰਦੀ ਹੈ ।

ਫੈਕਟਰੀ 'ਚ ਕਦੀ ਬਹੁਤੀ ਗੱਲਬਾਤ ਨਹੀਂ ਹੋਈ ਦੇਵ ਨਾਲ । ਉਹ ਕੁਝ ਚੁੱਪ ਰਹਿੰਦਾ ਹੈ । ਆਦਤ ਕਰਕੇ ਮੈਂ ਵੀ ਆਮ ਸੰਘਣੀ ਗੱਲਬਾਤ ਨਹੀਂ ਛੇੜ ਸਕਦਾ ਕਿਸੇ ਨਾਲ । 'ਕੀ ਹਾਲ ? ਕੀ ਹਾਲ ?' ਜਾਂ ਫਿਰ ਕੰਮ । ਲੰਚ ਰੂਮ 'ਚ ਵੀ ਬਹੁਤਾ ਉਹ ਜੋਹਨ ਕੋਲ ਬੈਠਦਾ ਹੈ । ਜੋਹਨ ਇਕ ਕੌਮਨਿਸਟ ਹੈ । ਫੈਕਟਰੀ 'ਚ ਜੋਹਨ ਨੂੰ ਜ਼ਿਆਦਾ ਕੌਮੀ ਕਹਿਕੇ ਬੁਲਾਉਂਦੇ ਹਨ । ਦੇਵ ਵੀ ਉਹਦੇ ਖਿਆਲਾਂ ਨਾਲ ਸਹਿਮਤ ਹੋਵੇਗਾ । ਮੈਨੂੰ ਲਗਦਾ ਰਿਹਾ ਸੀ । ਜੋਹਨ ਹੀ ਦੇਵ ਨੂੰ ਕੰਮ ਤੇ ਆਉਣ ਜਾਣ ਲਈ ਰਾਈਡ ਦਿੰਦਾ ਹੈ । ਜਦੋਂ ਕਿਤੇ ਜੋਹਨ ਕੰਮ ਤੇ ਨਹੀਂ ਆਉਂਦਾ ਤਾਂ ਮੈਂ ਦੇਵ ਨੂੰ ਕੰਮ ਤੋਂ ਵਾਪਸ ਘਰ ਆਉਣ ਲਈ ਰਾਈਡ ਦੇ ਦਿੰਦਾ ਹਾਂ । ਉਦੋਂ ਕੁੱਝ ਗਲਬਾਤ ਹੋ ਜਾਂਦੀ ਹੈ ।

"ਤੂੰ ਆਪਣੀ ਕਾਰ ਕਿਉਂ ਨਹੀਂ ਲੈ ਲੈਂਦਾ" ਕੱਲ ਰਾਈਡ ਦਿੰਦਿਆਂ ਮੈਂ ਉਹ ਨੂੰ ਕਹਿ ਬੈਠਾ ਸੀ ।

ਮੇਰੇ ਵਲ ਦੇਖਦਾ ਉਹ ਥੋੜਾ ਮੁਸਕਰਾਇਆ ਸੀ । ਫਿਰ ਬਾਹਰ ਦੇਖਣ ਲੱਗ ਪਿਆ ਸੀ । ਉਹਦਾ ਇਹ ਵਰਤਾਉ ਮੈਨੂੰ ਆਤਮ ਗਿਲਾਨੀ ਦਾ ਸ਼ਿਕਾਰ ਹੋਣੇ ਨਾ ਬਚਾ ਸਕਿਆ । ਰਾਈਡ ਦੇ ਕੇ ਉਹ ਨੂੰ ਇਹੋ ਜਿਹੀ ਗੱਲ ਕਹਿਣ ਦਾ ਜਿਵੇਂ ਮੈਂ ਅਧਿਕਾਰ ਲੈ ਲਿਆ ਹੋਵੇ ।

"ਕਾਰ ਤਾਂ ਖਰੀਦ ਸਕਦਾ ਇੰਨੇ ਕੁ ਪੈਸ ਤਾਂ ਹਨ ਮੇਰੇ ਕੋਲ । ਡੈਸ਼ ਬੋਰਡ ਤੇ ਹੱਥ ਰੱਖੀ ਸਾਹਮਣੇ ਦੇਖਦਾ ਉਹ ਬੋਲਿਆ ਸੀ ।

"ਫਿਰ"

"ਪਰ ਖਰੀਦ ਨਹੀਂ ਸਕਦਾ" ਉਹ ਮੇਰੇ ਵਲ ਦੇਖਦਾ ਮੁਸਕਰਾਇਆ ਸੀ । ਉਹਦੀ ਮੁਸਕਰਾਹਟ 'ਚ ਇਕ ਮੱਸਖਰੀ ਸੀ । ਇਕ ਖਚਰਾਪਣ ਸੀ ।

"ਕਿਉਂ" ਹੈਰਾਨ ਹੁੰਦਿਆਂ ਕਾਹਲੀ ਨਾਲ ਮੈ ਪੁਛਿਆਂ ।

"ਮੈਂ ਇਕ ਯਾਤ੍ਰੂ ਆਂ ਯੂ ਨੋ" ਹਸਦਿਆਂ ਇਹੋ ਲਫਜ, ਕਹੇ ਸਨ ਉਹਨੇ । ਉਹ ਨੂੰ ਆਪੂੰ ਨੂੰ ਈ ਮਖੌਲ ਲੱਗ ਆਇਆ ਹੋਵੇ ਜਿਵੇਂ । ਝੱਟ ਨਾਲ ਬੋਲਿਆਂ ਸੀ, "ਯਾਤਰੂ, ਮੇਰਾ ਮਤਲਬ ਵਿਜ਼ਟਰ" ਤੇ ਨਾਲ ਈ ਸੱਜੀ ਅੱਖ ਦਬਾਈ ਸੀ ।

ਉਹਦੀ ਅੱਖ ਦਾ ਰਾਜ ਮੈਂ ਸਮਝ ਗਿਆ ਸੀ । ਉਹਦੀਆਂ ਕਾਨੂੰਨੀ ਮੁਸ਼ਕਲਾ ਬਾਰੇ ਸੋਚਦਾ ਮੈਂ ਚੁੱਪ ਚਾਪ ਕਾਰ ਚਲਾਉਣ ਲਗਿਆ ।

"ਜਦੋਂ ਮੈਂ ਕਨੇਡਾ ਆਇਆ ਸੀ ਹਜ਼ਾਰ ਡਾਲਰ ਰਖਾਇਆ ਸੀ ਕਨੇਡਾ 'ਚ ਪੈਰ ਪਾਉਣ ਦਾ ਮੇਰੇ ਕੋਲੋ ਏਅਰਪੋਰਟ ਤੇ ਟੂਰਾਂਟੋ । ਆਖੇ ਜੇ ਤੂੰ ਲੁਕ ਗਿਆ ਤਾਂ ਲੱਭਣ ਦਾ ਖਰਚਾ ਵੀ ਦਿੰਦਾ ਜਾਂ" ਥੋੜਾ ਹੱਸਦਾ ਤੇ ਆਪਣੀ ਗੱਲ ਜਮਾ ਰੱਖਦਾ ਉਹ ਬੋਲਿਆਂ "ਇਹਨਾਂ ਨੂੰ ਪੁਛੇ ਭਲਾ ਤੇਰਾਂ ਹਜ਼ਾਰ ਮੀਲ ਤੋਂ ਪੰਦਰਾ ਵੀਹ, ਹਜ਼ਾਰ ਰੁਪਏ ਖਰਚ ਕਰਕੇ ਵਿਜ਼ਟ ਕਰਨ ਆਊ ਕੋਈ ਕਨੇਡਾ । ਰਸਤੇ 'ਚ ਮੁਲਕ ਗਰਕ ਗਏ ਭਲਾ । ਪਿੰਡੋ ਜਲੰਧਰ ਲੁਧਿਆਣਾ ਤਾਂ ਵਿਜ਼ਟ ਨਾ ਕੀਤੇ ਕਦੀ ।"

"ਨਾਲੇ ਦੋ ਚਾਰ ਹਜ਼ਾਰ ਡਾਲਰ ਆਪਣੇ ਲੁਕਣ ਲੱਭਣ ਦੇ ਖਰਚੇ ਲਈ ਨਾਲ ਲਈ ਆਵੇ । ਜਦੋਂ ਮੈਂ ਆਇਆ ਸੀ ਤਾਂ ਮੇਰੇ ਕੋਲੋਂ ਵੀ ਪੰਜ ਸੌ ਡਾਲਰ ਰਖਾਇਆ ਸੀ । ਇਮੀਗਰੇਸ਼ਨ ਮਿਲਣ ਤੋਂ ਬਾਦ ਵਾਪਸ ਕੀਤਾ ਸੀ । ਤਿੰਨਾਂ ਸਾਲਾਂ ਬਾਦ ।"

"ਜਿਆਦ...... ਦੇਖ ਲੈ ਫਿਰ ਹਜ਼ਾਰ ਡਾਲਰ ਦੀ ਕਾਰ ਤਾਂ ਗੋਰਮਿੰਟ ਨੇ ਏਅਰਪੋਰਟ ਤੇ ਈ ਖਰੀਦ ਦਿਤੀ ਸੀ ।"

"ਇਹ ਸਾਲੇ ਦੇ ਕਿਸੇ ਨੂੰ ਨਹੀਂ ਬਖਸ਼ਦੇ"

"ਦੋ ਕੁ ਸਾਲਾਂ ਬਾਦ ਮੈਂ ਫੜਿਆਂ ਗਿਆ ਸੀ । ਹੋਰ ਠਹਿਰਨ ਲਈ ਅਪੀਲ ਕਰ ਸਕਦਾ ਸੀ । ਮਨੁੱਖਤਾ ਦੇ ਨਾਤੇ - ਮੈ ਕੀਤੀ ਵੀ । ਪਰ ਮਨੁੱਖੀ ਨਾਤਾ ਵੀ ਮੁੱਲ ਲੈਣਾ ਪਿਆ । ਛੇ ਸੌ ਡਾਲਰ ਵਕੀਲ ਨੂੰ ਦਿਤੇ ਤੇ ਤਿਨ ਹਜ਼ਾਰ ਡਾਲਰ ਸਰਕਾਰੀ ਖ਼ਜ਼ਾਨੇ ਜਮਾ ਕਰਾਉਣਾ ਪਿਆ । ਡਾ ਪਾ ਕੇ ਪੰਜ ਨੂੰ ਢੁੱਕਦਾ ਹੋਣਾ"

"ਪੰਜ ਹਜ਼ਾਰ ਡਾਲਰ" ਮੈਂ ਸੋਚ ਰਿਹਾ ਸੀ ਇਦਾ ਪੈਸੇ ਗੁਆਉਣ ਨਾਲੋਂ ਤਾਂ ਆਦਮੀ ਵਾਪਸ ਚਲਾ ਜਾਵੇ । ਉਹਦੀ ਇਹੋ ਜਿਹੀ ਬੇਵਕੂਫੀ ਬਾਰੇ ਸੋਚਦਾ ਮੈਂ ਉਹ ਨੂੰ ਕੁਝ ਕਹਿਣ ਹੀ ਵਾਲਾ ਸੀ ।

"ਮਹੀਨਾ ਕੁ ਹੋਇਆ ਪਤਾ ਕਿਨੇ ਆਦਮੀ ਫੜੇ ਗਏ ਹਨ ਫਾਰਮਾਂ 'ਚੋਂ । ਕਰੀਬਨ ਦਸ ਪੰਦਰਾਂ ਦੇ ਨੇੜੇ ਤੇੜੇ । ਉਹਦੀ ਅਗਰ ਮਨੁੱਖੀ ਨਾਤਾ ਖਰੀਦਣ ਜੋਗੇ ਕਿੰਨਾ ਪੈਸਾ ਜਮ੍ਹਾ ਸਰਕਾਰ ਦੁਆਰੇ ।"

"ਮੈਨੂੰ ਤਾਂ ਬਹੁਤਾ ਪਤਾ ਨੀ ਕਾਨੂੰਨਾਂ ਬਾਰੇ ਕਦੀ ਵਾਹ ਵੀ ਨਹੀਂ ਪਿਆ । ਹਫਤਾ ਕੁ ਹੋਇਆ ਏਅਰਪੋਰਟ ਤੇ ਗਿਆ ਸੀ ਆਪਣੇ ਇਕ ਭਾਈਬੰਦ ਨਾਲ ਉਹਦੇ ਘਰ ਦਿਆ ਨੇ ਆਉਣਾ ਸੀ । ਉਥੇ ਦੇਖਿਆ ਕਾਫੀ ਆਦਮੀ ਆਉਦੇ ਅਜੇ ਵੀ ।"

"ਆਉਣ ਨਾਂ ਤਾਂ ਕੀ ਕਰਨ — ਭਲਾ ਤੂੰ ਦੱਸ — ਕੀ ਕਰਨ" ਹੱਥ ਫੈਲਾਉਂਦਿਆ ਹਵਾਂ ਮਾਰਦਾ ਉਹ ਬੋਲਿਆਂ । "ਤੂੰ ਕੀ ਸੋਚਦਾ ਉਹ ਆਪ ਆਉਂਦੇ ਆਂ ।" ਉਹ ਕੁਝ ਤੱਤਾ ਸੀ ।

"ਨਹੀਂ ਤਾਂ ਹੋਰ ਕੀ" ਮੈਂ ਵੀ ਤੱਤਾ ਹੁੰਦੇ ਜਵਾਬ ਦਿਤਾ ।

"ਨੋਅ ਵੇ । ਇਹਦੇ 'ਚ ਵੀ ਘੁੰਡੀਆ ।"

"ਕਾਹਦੀ ਘੁੰਡੀ"

"ਹਾਲਾਤ ਬਣਾਏ ਜਾਦੇ ਆ, ਉਹਨਾਂ ਨੂੰ ਮਜ਼ਬੂਰ ਕੀਤਾ ਜਾਂਦਾ ਉਥੇ ਆਉਣ ਲਈ । ਸਿਰ ਉਹਨਾਂ ਦੇ ਮੜ੍ਹ ਦਿਤਾ ਜਾਂਦਾ ਸਭ ਕੁੱਝ । ਉਹਨਾਂ ਦੇ ਰੱਖਵਾਲੇ ਨਾ ਉਹ ਆਉਂਦੇ ਉਥੇ"

"ਕੀ ਮਤਲਬ"

"ਮਤਲਬ ਸਾਫ ਆ । ਉਹਨਾਂ ਦੇ ਮਾਲਕ । ਮੁਲਕ ਦੇ ਕਰਤਾ ਧਰਤਾ ਆ । ਜੋ ਲੁਟ ਲੁਟ ਖਾਂਦੇ ਆ । ਉਧਰ ਉਹਨਾਂ ਦੇ ਰਖਵਾਲੇ ਖਾਂਦੇ ਆ, ਇਧਰ ਇਹ ਮੇਹਰਬਾਨ ਮਰੁਭਦੇ ਆ । ਅਵਾਰਾ ਗਾਈਆਂ ਸਾਲੀਆਂ ।" ਉਹਦੇ ਚੇਹਰੇ ਤੇ ਰੋਹ ਸੀ, ਉਹਦੀ ਆਵਾਜ਼ ਵਿਚ ਕੁੜਕਣ ਸੀ । "ਹੂੰ "

ਉਹਦੀ ਗਲਬਾਤ ਮੈਨੂੰ ਭਾਸ਼ਣ ਵਾਂਗ ਲਗੀ ਸੀ । ਉਹ ਦੀ ਗਲਬਾਤ ਦਾ ਸਾਰ ਮੈ ਸਮਝ ਗਿਆ ਸੀ । ਪਰ ਮੇਰੀ ਬੁੱਧ ਉਹ ਦੀ ਬੋਧਿਕਤਾ ਦਾ ਮਕਸਦ ਨਹੀਂ ਸੀ ਮੰਨਣਾ ਚਾਹੁੰਦੀ । ਮੈਂ ਪੜ੍ਹਿਆਂ ਲਿਖਿਆ ਸੀ । ਉਹ ਬਹੁਤ ਪੜ੍ਹਿਆਂ ਲਿਖਿਆ ਵੀ ਨਹੀਂ ਸੀ ਲਗਦਾ । ਉਹ ਨੂੰ ਥੈਂ ਰਖਣ ਲਈ ਮੈਂ ਕਿਹਾ ਸੀ "ਗੱਲ ਤਾਂ ਤੇਰੀ ਐਹੋ ਜਹੀਆ, ਪਰ ਗੱਲ ਹੈ ਸੱਚੀ ।"

"ਇੰਦਾ ਆ ਇਹ ਅਵਾਰਾ ਗਾਈਆਂ । ਇਹ ਜਿਹੜੀਆਂ ਲੋਕਾਂ ਨੂੰ ਚੈਨ ਨਾਲ ਸੌਣ ਵੀ ਨਹੀਂ ਦਿੰਦੀਆਂ ਤੇ ਜਾਗਣ ਤੋਂ ਪਹਿਲਾਂ ਈ ਉਜਾੜ ਵੀ ਜਾਂਦੀਆਂ ।" "ਰਾਈਟ" ਹਥਾਂ ਨੂੰ ਹਵਾਂ 'ਚ ਮਾਰਦਾ ਜਿਵੇਂ ਉਹ ਮੇਰੇ ਕੋਲੋਂ ਪੁੱਛ ਰਿਹਾ ਹੋਵੇ ।

ਮੈਂ ਸੁਭਾਵਾਵਕੀ ਉਹਦੇ ਵਲ ਤਕਿਆ । ਉਹ ਫਿਰ ਕਹਿ ਰਿਹਾ ਸੀ "ਰਾਈਟ... ਇਹਨਾਂ ਨੂੰ ਕਿਸੇ ਨਾਲ ਹਿਤ ਵੀ ਨਹੀਂ ਤੇ ਕਿਸੇ ਦੀ ਪਰਵਾਹ ਵੀ ਨਹੀਂ ।"

ਉਹਦਾ ਟਿਕਾਣਾ ਨੇੜੇ ਆ ਰਿਹਾ ਸੀ । ਮੇਰੇ ਮਨ 'ਚ ਦੌੜ ਰਹੀ ਗੱਲ ਜੋ ਕਈ ਵਾਰ ਬੁਲ੍ਹਾਂ ਤੇ ਰੁੱਕ ਜਾਂਦੀ ਰਹੀ ਸੀ ਕਰ ਈ ਦਿੱਤੀ । "ਇੰਦਾਂ ਪੈਸੇ ਖਰਾਬ ਕਰਨ ਦਾ ਵੀ ਕੀ ਨਫਾ ਆਂ ਇਹਦੇ ਨਾਲੋਂ ਤਾਂ ਆਦਮੀ ਵਾਪਸ ਚਲਾ ਜਾਵੇ ।"

ਸੱਜੇ ਹੱਥ ਦਾ ਇਸ਼ਾਰਾ ਕਰਦਾ ਉਹ ਮੈਨੂੰ ਕਾਰ ਰੋਕਣ ਲਈ ਕਹਿ ਰਿਹਾ ਸੀ । ਕਾਰ ਰੋਕ ਮੈਂ ਉਹਨੂੰ ਵਿਦਾ ਕਹਿਣ ਈ ਵਾਲਾ ਸੀ । ਤਾਕੀ ਖੋਲ ਲੱਤਾਂ ਬਾਹਰ ਲਮਕਾਈ ਉਹ ਮੇਰੇ ਵੱਲ ਮੁੜਿਆ । ਉਹਦੀਆਂ ਅੱਖਾਂ 'ਚ ਨਿਮੀ ਨਿਮੀ ਮੁਸਕਾਣ ਸੀ । ਉਹ ਬੋਲਿਆ,

"ਦੇਸ਼ ਪੈਣ ਧੱਕੇ ਬਾਹਰ ਢੋਈ ਨਾ ,
ਸਾਡਾ ਪਰਦੇਸੀਆਂ ਦਾ ਦੇਸ਼ ਕੋਈ ਨਾ ।"

ਹੱਥ ਹਿਲਾਉਂਦਾ ਸੜਕ ਦੇ ਫੁੱਟਪਾਥ ਤੇ ਖੜ੍ਹਾ ਸੀ ।

ਮੈਂ ਕਾਰ ਤੋਰ ਲਈ ਸੀ । ਸ਼ੀਸ਼ੇ ਚੋਂ ਦੀ ਤੱਕਿਆ ਉਹ ਆਪਣੇ ਘਰ ਵੱਲ ਦੀ ਸੜਕ ਮੁੜ ਰਿਹਾ ਸੀ । ਉਹਦੀ ਇਹ ਕਵਿਤਾ ਦੀਆਂ ਲਾਈਨਾਂ ਮੇਰੇ ਜਿਹਨ 'ਚ ਦੌੜਨ ਲੱਗੀਆਂ । ਕਿਤੇ ਪੜੀਆਂ ਹੋਈਆਂ ਸਨ । 'ਕਦੋਂ ਪੜੀਆਂ ਸਨ.....ਕਦੋਂ' ਮੈਨੂੰ ਯਾਦ ਆ ਗਿਆ ਸੀ । 'ਬੀ. ਏ. 'ਚ ਪੜਦਿਆਂ ।' ਗ਼ਦਰੀ ਬਾਬਿਆਂ ਦੀ ਕਵਿਤਾ 'ਚ । ਤੇ ਇਹ ਲਾਈਨਾਂ ਮਨ ਹੀ ਮਨ 'ਚ ਗਾਉਂਦਾ ਮੈਂ ਘਰ ਆ ਪਹੁੰਚਿਆਂ ਸੀ ।

"ਕਵੀਆ ਆਲਾ ਦੁਆਲਾ ਵੀ ਦੇਖ ਲਿਆ ਕਰ" ਅੱਜ ਦਸ ਕੇ ਵਜੇ ਉਹਦੇ ਕੋਲੋਂ ਦੀ ਲੰਘਦਿਆਂ ਸੁਲਾਹ ਮਾਰਨ ਦੇ ਬਹਾਨੇ ਮੈਂ ਉਹਨੂੰ ਬੁਲਾਇਆ ਸੀ । ਮੇਰੇ ਵੱਲ ਤੱਕਦਿਆਂ ਉਹਦੇ ਚੇਹਰੇ ਤੇ ਮੁਸਕਰਾਹਟ ਫੈਲ ਗ਼ਈ ਸੀ । ਉਹਦੀਆਂ ਨਿੱਕੀਆਂ ਤਿੱਖੀਆਂ ਅੱਖਾਂ ਚੱਪਟੀਆਂ ਹੋ ਗਈਆਂ ਸਨ ਤੇ ਖਾਖਾਂ ਚੁਨਕਰੀਆਂ ।

"ਇਕ ਗੱਲ ਸੁਣਾਮਾਂ" ਸੈਂਡਵਿਚ ਖਾਂਦਾ ਚਾਹ ਵਾਲਾ ਕੱਪ ਚੁੱਕੀ ਲੰਚ ਟਾਈਮ 'ਚ ਮੇਰੇ ਕੋਲ ਬਹਿੰਦਾ ਉਹ ਬੋਲਿਆਂ ।

"ਸੁਣਾ"

"ਸਾਡੇ ਪਿੰਡ ਇਕ ਤੀਵੀਂ ਹੁੰਦੀ ਸੀ । ਦੋ ਕੁੜੀਆਂ ਤੇ ਇਕ ਮੁੰਡਾ ਉਹਦੇ ਜੀ ਸਨ । ਉਹਨਾਂ ਨਿਆਣਿਆਂ ਦਾ ਬਾਪ ਭੁੱਖੋਂ ਮਾਰਿਆਂ ਘਰ ਛੱਡ ਪਤਾ ਨੀ ਕਿਧਰ ਚਲੇ ਗਿਆ ਸੀ । ਇੰਨਾਂ ਕੁ ਮੈਨੂੰ ਪਤਾ....ਪਤਾ ਨੀ ਕਿਥੇ..ਬੰਬੇ ਜਾਂ ਕਲਕੱਤੇ ।"

'ਇੰਨਾਂ ਕੁ ਈ ਪਤਾ...ਇਹ ਵੀ ਕੀ ਗੱਲ ਹੋਈ '

"ਪਿੱਠ ਪਿਛੇ ਲੋਕੀ ਉਸ ਤੀਮੀ ਨੂੰ ਅਵਾਰਾ ਗਾਂਈਂ ਸੱਦਦੇ । ਖੇਤੀ ਹਾਰੀ ਘਾਹ ਪੱਠੇ ਖੋਤਣੇ, ਸਬਜ਼ੀਆਂ ਤੋੜ ਲਿਆਣੀਆਂ, ਗੰਨੇ ਭੰਨ ਲਿਆਉਣੇ । ਇਹੋ ਜਿਹਾ ਹੀ ਕੰਮ ਉਹਦੇ ਨਿਆਣਿਆਂ ਦਾ ਘਰੋਂ ਬਾਹਰ ਚੋਰੀਆਂ ਕਰਨਾ । ਚੌਥੀ 'ਚ ਪੜਦਿਆਂ ਇਕ ਵਾਰੀ ਉਹਦੇ ਮੁੰਡੇ ਨੇ ਡਾਕਖਾਨੇ ਚੋਰੀ ਕੀਤੀ ਸੀ । ਪੁਲੀਸ ਆਈ ਸੀ । ਪਤਾ ਨੀ ਕੀਹਦੇ ਇਸ਼ਾਰੇ ਤੇ ਉਹਨਾਂ ਇਕ ਹਮਾਤੜ ਨੂੰ ਬੰਨ੍ਹ ਥਾਣੇ ਲੈਜਾ ਸੁਟਿਆ ਸੀ ।

'ਇਸ ਤਰਾਂ ਦੀ ਕਹਾਣੀ ਤਾਂ ਇਕ ਵੇਰਾਂ ਸਾਡੇ ਪਿੰਡ ਵੀ ਵਾਪਰੀ ਸੀ । ਉਦੋਂ ਮੈਂ ਕਾਲਜ ਵਿਚ ਪੜ੍ਹਦਾ ਸੀ । ਸ਼ਾਇਦ ਬੀ. ਏ. 'ਚ, ਹਾਂ ਹਾਂ ਬੀ. ਏ. 'ਚ ਸੀ ।'

"ਉਸ ਮੁੰਡੇ ਦੇ ਮਾਸਟਰ ਨੂੰ ਸ਼ੱਕ ਸੀ । ਉਹ ਰੋਜ਼ ਉਸ ਮੁੰਡੇ ਨੂੰ ਪੁੱਛਦਾ । ਗੱਲੀਂ ਬਾਤੀ ਕੁਝ ਪਤਾ ਨਾ ਚੱਲਣ ਤੇ ਉਹਨੇ ਮੁੰਡੇ ਨੂੰ ਬਹੁਤ ਕੁਟਿਆ । ਅੱਧਾ ਘੰਟਾਂ ਕੁੱਟ ਖਾਣ ਤੋਂ ਬਾਦ ਉਹਨੇ ਪੰਦਰਾਂ ਦਿਨਾਂ ਤੋਂ ਬੂਜੇ ਮੁੱਢ ਦਬਾਏ ਹੋਏ ਅੱਠ ਸੌ ਰੁਪਏ ਕੱਢ ਮਾਸਟਰ ਨੂੰ ਦਿਤੇ ਸਨ । ਉਸ ਦਿਨ ਤੋਂ ਈ ਹਰ ਵੱਡਾ ਛੋਟਾ ਉਸ ਮੁੰਡੇ ਨੂੰ ਚੋਰ ਕਹਿ ਕੇ ਬਲਾਉਂਦਾ । ਉਦਣ ਉਹਦੀ ਮਾਂ ਨੇ ਵੀ ਬਹੁਤ ਮਾਰਿਆ ਸੀ । ਫਿਰ ਕਿੰਨੀ ਰਾਤ ਗਏ ਉਹ ਆਪਣੇ ਪੁੱਤ ਦੇ ਟਕੋਰਾਂ ਕਰਦੀ, ਆਪਣੇ ਆਦਮੀ ਨੂੰ ਗਾਲ੍ਹਾਂ ਕੱਢਦੀ, ਮਾਸਟਰ ਨੂੰ ਗਾਲ੍ਹਾਂ ਦਿੰਦੀ ਰੋਂਦੀ ਰਹੀ ਸੀ ।"

ਉਸ ਘਟਨਾਂ ਦੇ ਨਕਸ਼ ਮੇਰੇ ਦਿਮਾਗ 'ਚ ਉਘੱੜ ਆਏ ਸਨ । ਮੈਨੂੰ ਯਾਦ ਆਇਆ ਉਹਦਾ ਨਾਂ ਜਿੰਦੀ ਸੀ । ਉਸ ਮੁੰਡੇ ਦਾ ਨਾਂ ਛਿੰਦਾ ਸੀ । ਉਦੋਂ ਮੈਂ ਜੁਆਨੀ 'ਚ ਸੀ । ਮੌਕੇ ਦਾ ਫਾਇਦਾ ਲਿਆ ਸੀ । ਜਿੰਦੀ ਨਾਲ ਅੱਖਾਂ ਮਿਲਾਈਆਂ ਸਨ । ਅੰਗ ਮਿਲਾਏ ਸਨ । ਕਾਹਲੀ ਨਾਲ ਦੇਵ ਨੂੰ ਦੱਸਦਾ ਹਾਂ "ਇਵੇਂ ਤਾਂ ਸਾਡੇ ਪਿੰਡ ਹੋਇਆ ਸੀ ।" ਮੇਰੀ ਗੱਲ ਨੂੰ ਨਾ ਗਉਲਦਿਆਂ ਉਹਨੇ ਆਪਣੀ ਗੱਲ ਜਾਰੀ ਰੱਖੀ ।

"ਉਹਦੀ ਮਾਂ ਕਈ ਵਾਰ ਰਾਤ ਨੂੰ ਨ੍ਹੇਰੇ ਗਏ ਤੱਕ ਘਰ ਨਾ ਆਉਂਦੀ । ਉਹਦੀਆਂ ਭੈਣਾਂ ਤੇ ਉਹਨੂੰ ਕਿੱਡੀ ਕਿੱਡੀ ਰਾਤ ਤੱਕ ਉਡੀਕਣਾ ਪੈਂਦਾ । ਉਦੋਂ ਉਹਦਾ ਮੁੰਡਾ ਨੌਵੀਂ ਵਿਚ ਪੜ੍ਹਦਾ ਸੀ । ਆਪਣੇ ਇਕ ਜਮਾਤੀ ਨਾਲ ਲੜ ਪਿਆ ਸੀ । ਇਕ ਹੋਰ ਮੁੰਡੇ ਨੇ ਹਟਾਉਂਦਿਆਂ ਉਹਨੂੰ ਗਾਲ੍ਹੀ ਦਿਤੀ ਸੀ । 'ਆਪਣੀ ਮਾਂ ਨੂੰ ਤਾਂ ਸੰਭਾਲ ਲਾ ਪਹਿਲਾਂ ਲੋਕਾਂ......।' ਉਸ ਦਿਨ ਉਹਨੇ ਆਪਣੀ ਮਾਂ ਨੂੰ ਵੀ ਕੁਟਿਆ ਸੀ । ਕੁੱਟ ਖਾਕੇ ਉਹਦੀ ਮਾਂ ਪੁੱਤ ਨੂੰ [illegible] ਰਹੀ ਸੀ ਆਪਣੀਆਂ ਧੀਆਂ ਦੀਆਂ ਚਾਦਰਾਂ ਠੀਕ ਰਕਦੀ ਰਹੀ ਸੀ । ਦਿਦਣ ਸਵੇਰ ਹੋਣ ਤੋਂ ਪਹਿਲਾਂ ਹੀ ਉਹ ਮੁੰਡਾ ਘਰੋ ਦੌੜ ਗਿਆ ਸੀ । ਅੰਬਰਸਰ ਜਾ ਵੜਿਆ ਸੀ ।"

ਮੈਨੂੰ ਯਾਦ ਆਇਆ ਉਦੋਂ ਮੈਂ ਦਿੱਲੀ ਯੋਜਨਾ ਭਵਨ ਵਿਚ ਨੌਕਰੀ ਕਰਦਾ ਸੀ । ਛੁੱਟੀਆਂ ਕੱਟਣ ਪਿੰਡ ਆਇਆ ਸੀ । ਜਿੰਦੀ ਨੂੰ ਆਪਣੇ ਕਮਰੇ ਫਿਰ ਸੱਦਿਆ ਸੀ । ਉਸ ਰਾਤ ਬਿਸਤਰੇ 'ਚ ਪਈ ਜਿੰਦੀ ਨੇ ਦੱਸਿਆ ਸੀ, ਮਹੀਨਾ ਹੋ ਗਿਆ ਛਿੰਦਾ ਘਰ ਛੱਡ ਪਤਾ ਨੀ ਕਿਧਰ ਵਗ ਗਿਆ । ਘਰ ਨਹੀਂ ਮੁੜਿਆ । ਕੁੜੀਆਂ ਬਰੂ ਵਾਗੂੰ ਵਧੀ ਆਉਂਦੀਆਂ ਆਂ । ਧੀਘਾਂ ਦੀਆਂ ਧੀਘਾਂ । ਜੁਆਨ ਪੁੱਤ ਦੀ ਪੇ ਵਰਗੀ ਛਾਂ ਹੁੰਦੀਂ ਆ । ਤੇ ਉਹ ਰੋ ਪਈ ਸੀ । "ਡਰ ਆਉਂਦਾ ਜਹਾਨ ਕੋਲੋਂ । ਗੁਜ਼ਾਰਾ ਵੀ ਔਖਾ । ਪਤਾ ਨੀ ਕੀ ਦਿਖਾਲਣਾ ਇਸ ਮੋਏ ਰੱਬ ਨੇ ।" ਉਹਦੇ ਦੁਖ ਨੂੰ ਨਾ ਗਾਉਲਦਿਆਂ ਜਿੰਦੀ ਨੂੰ ਵੀਹ ਰੁਪਏ ਦਿਤੇ ਸਨ ।

"ਤੇਰਾ ਪਿੰਡ ਮੇਰੇ ਵਾਲਾ ਪਿੰਡ ਤਾਂ ਨੀ ਕਿਤੇ " ਮੇਰੀ ਗੱਲ ਦਾ ਜਵਾਬ ਨਾਂ ਦਿੰਦਿਆਂ ਉਹ ਆਪਣੀ ਧੁਨ 'ਚ ਈ ਬੋਲੀ ਗਿਆ ।

"ਪਹਿਲਾਂ ਉਥੇ ਉਹਨੇ ਹੋਟਲ ਦੇ ਭਾਂਡੇ ਮਾਜੇਂ । ਫਿਰ ਤਿੰਨ ਸਾਲ ਰਿਕਸ਼ਾ ਚਲਾਇਆ ਸੀ । ਫਿਰ ਉਹਦਾ ਵਾਹ ਸਮਗਲਰਾਂ ਨਾਲ ਪੈ ਗਿਆ ਸੀ । ਜਦੋਂ ਉਹਨੇ ਇਹ ਧੰਦਾ ਛੱਡਣਾ ਚਾਹਿਆ ਤਾਂ ਮਾਲਕਾਂ ਨੇ ਗੋਲੀ ਦਾ ਇਨਾਮ ਰੱਖ ਦਿਤਾ ਸੀ ਉਹਦੇ ਲਈ । ਐਹੋ ਜਿਹੇ ਹੋਰ ਵੀ ਬਹੁਤ ਮੁੰਡੇ ਹਨ ਉੱਥੇ ਤੇ ਐਥੇ ਵੀ ਹੋਣਗੇ, ਐਹੋ ਜਹੀਆਂ ਹੋਰ ਵੀ ਬਹੁਤ ਤੀਵੀਂਆਂ ਹਨ ਉਥੇ ਤੇ ਇਥੇ ਵੀ ਹੋਣਗੀਆਂ .....ਅਵਾਰਾ ਗਾਂਈਆਂ ।" ਉਹਨੇ ਸਿਰ ਉਤਾਹ ਚੁਕਿਆ । ਉਹਦੀਆਂ ਨਿੱਕੀਆਂ ਨਿੱਕੀਆਂ ਅੱਖਾਂ 'ਚ ਲਾਲੀ ਚਮਕ ਰਹੀ ਸੀ ਤੇ ਹੋਰ ਚੌੜੀਆਂ ਹੋ ਜਾਣਾ ਚਾਹੁੰਦੀਆਂ ਸਨ ।

'ਪੇਡੂੰ ਈ ਆ' ਮੇਰਾ ਮਨ ਕਹਿ ਰਿਹਾ ਸੀ ।

"ਹੁਣ ਇਹਨਾਂ ਅਵਾਰਾ ਗਾਂਈਆਂ 'ਚ ਫਰਕ ਦਸ ਸਕਦਾ ਤਾਂ ਦਸ" ਉਹਦੇ ਚਿਹਰੇ ਤੇ ਉਘੜੇ ਚਿਨ੍ਹ ਪਰਤੱਖ ਕਿਸੇ ਦਿਸ਼ਾ ਦੇ ਸੂਚਕ ਸਨ । ਆਪਣੀ ਦਿਸ਼ਾ 'ਚੋ ਉਹ ਮੁੜ ਬੋਲਿਆ "ਇਕ ਆਪਣੇ ਖਜਾਨੇ ਭਰਦੀਆਂ ਹਨ ਤੇ ਇਕ ਆਪਣੇ ਟੱਬਰ ਪਾਲਦੀਆਂ ਹਨ ।" ਉਹਦੀ ਜ਼ਬਾਨ 'ਚ ਇਕ ਖਲਨ ਸੀ ਇਕ ਲੜਾਈ ਸੀ ।

"ਇਹਨਾਂ ਦਾ ਇਲਾਜ ਦੱਸ ਸਕਦਾ...ਤਾਂ ਦੱਸ "

ਮੇਰੇ ਮਨ 'ਚ ਬੜੀ ਸ਼ਿਦਤ ਨਾਲ ਵਿਰੋਧਭਰੀ ਲਹਿਰ ਉਠੀ ਅਤੇ ਸਾਰੇ ਸਰੀਰ 'ਚ ਫਿਰ ਗਈ ।

"ਇਕਨਾਂ ਦੇ ਸਿਰ ਵੱਢਣੇ ਪੈਣੇ ਹਨ ਅਤੇ ਇਕਨਾਂ ਦੇ ਸਿਰ ਤਾਂਹ ਚੁਕਣੇ ਪੈਣੇ ਹਨ । ਇਹ ਕੋਈ ਖੁਸ਼ੀ ਜਾਂ ਖਾਹਿਸ਼ ਨਹੀਂ ਬਸ ਨਿਤਾਰਾ ਈ ਇਸ ਗੱਲ 'ਚ ਆ ।"

'ਵੱਡਾ ਹਮਦਰਦ' ਸ਼ਿਦਤ ਭਰੀ ਮੇਰੀ ਸੋਚ ਆਪਣੀ ਘੜੀ ਦਾ ਆਹਰ ਪਾਰ ਕਰ ਰਹੀ ਸੀ । ਲੰਚ ਟਾਈਮ ਬੰਦ ਹੋਣ ਦੀ ਘੰਟੀ ਵੱਜੀ ਸੀ । ਉਹਦੇ ਵੱਲ ਦੇਖ ਮੁਸਕ੍ਰਾਇਆ ਸੀ । ਮੁੜ ਕੰਮ ਵੱਲ ਤੁਰ ਪਏ ਸੀ ।

ਮੈ ਮਸ਼ੀਨ ਚਲਾ ਲਈ ਸੀ । ਮਸ਼ੀਨ ਦੀ ਲਗਾਤਾਰ ਘੋਂ..ਔਂ..ਔਂ ਕੰਨਾਂ ਵਿਚ ਕਿਸੇ ਤੋਪ ਦੇ ਗੋਲੇ ਵਾਂਗ ਵਜ ਰਹੀ ਸੀ । ਮੁੜ ਈਅਰ ਪਲੱਗ ਕੰਨਾਂ 'ਚ ਫਸਾ ਲਏ ਸਨ । ਈਅਰ ਪਲੱਗਾਂ ਦੇ ਅੰਦਰਆਰ ਇਕ ਕੰਬਣੀ ਮੇਰੇ ਕੰਨਾਂ ਦੇ ਪੜਦਿਆਂ 'ਚ ਵੱਜ ਰਹੀ ਸੀ ।

ਅਚਨਚੇਤ ਮੈਂ ਮੁੜ ਜਿੰਦੀ ਦੇ ਖਿਆਲਾਂ 'ਚ ਵਹਿ ਤੁਰਿਆ ਸੀ । ਖਿਆਲਾਂ ਵਿਚੋਂ ਮੈਨੂੰ ਜਿੰਦੀ ਦੇ ਨਕਸ਼ ਨਹੀ ਸਨ ਲੱਭ ਰਹੇ , ਇਕ ਅਕਸ ਉਘੜ ਆਉਂਦਾ ਸੀ ।'ਉਹ ਹੁਣ ਬੁੜੀ ਹੋ ਗਈ ਹੋਣੀ ਆ ਜਾਂ ਸ਼ਾਇਦ ਹੁਣ ਉਹ ਉਹੋ ਜਹੀ ਨਹੀਂ ਹੋਣੀ । ਉਹਦੀਆਂ ਕੁੜੀਆਂ ਜੁਆਨ ਹੋ ਗਈਆਂ ਹੋਣੀਆਂ । ਪਤਾ ਨੀ ਉਹ ਵੀ ਜਿੰਦੀ ਵਾਂਗੂ ਪਿੰਡ 'ਚ...। ਪਿੰਡ, ਨਾਂ ਮੈਨੂੰ ਯਾਦ ਆ ਪਰ ਪਿੰਡ ਦੇ ਨਕਸ਼ ਨਹੀਂ ਲੱਭ ਰਹੇ । ਪੰਦਰਾਂ ਸਾਲ ਹੋ ਗਏ ਪਿੰਡ ਛੱਡੇ ਨੂੰ । ਪਤਾ ਨੀ ਕੀ ਕੀ ਤਬਦੀਲੀਆਂ ਆ ਗਈਆ ਹੋਣਗੀਆਂ । ਇਕ ਅਕਸ ਮੇਰੇ ਅੱਗੇ ਉਘੜ ਰਿਹਾ ਸੀ..ਨਵੇਂ ਮਕਾਨ ਬਣ ਗਏ ਹੋਣਗੇ, ਗਲੀਆਂ ਪੱਕੀਆਂ ਕਰ ਦਿਤੀਆਂ ਹੋਣਗੀਆਂ ਪਿੰਡ ਨੂੰ ਸੜਕ ਬਣ ਗਈ ਹੋਣੀ ਆ । ਦੋਸਤ ਮਿਤਰ ਪਿੰਡ ਛੱਡ ਗਏ ਹੋਣਗੇ । ਉਹਨਾਂ ਦੀ ਥਾਂ ਨਵੇਂ ਮੁੰਡਿਆ ਨੇ ਲੈ ਲਈ ਹੋਵੇਗੀ । ਨਵੇਂ ਮੁੰਡੇ ਹੁਣ ਕੌਡੀ ਖੇਲਦੇ ਹੋਣਗੇ ਕਿ ਨਹੀਂ ? ਕੁੜੀਆਂ ਗਿੱਧਾ ਪਾਉਂਦੀਆਂ ਹੋਣਗੀਆਂ ਕਿ ਨਹੀਂ ? ਜਾਗੋ ਨੱਚਦੀਆਂ ਹੋਣਗੀਆਂ ਕਿ ਨਹੀਂ ? ਮੁੰਡੇ ਉਹਨਾਂ ਨੂੰ ਲੁਕ ਲੁਕ ਕੇ ਦੇਖਦੇ ਹੋਣਗੇ ਕਿ ਨਹੀਂ ? ਤੀਆਂ ਆਉਂਦੀਆਂ ਹੋਣਗੀਆਂ ਕਿ ਨਹੀਂ ? ਲੋਹੜੀਆਂ ਆਉਂਦੀਆਂ ਹੋਣਗੀਆਂ ਕਿ ਨਹੀਂ ? ਲੋਹੜੀਆਂ ਮੰਗੀਆਂ ਜਾਂਦੀਆਂ ਕਿ ਨਹੀਂ ?

ਲੋਹੜੀ ਮੰਗਦੀਆਂ ਮੀਤੋ ਤੇ ਮਾਨੋ ਮੈਨੂੰ ਯਾਦ ਆ ਗਈਆਂ ਸਨ । ਉਹਨਾ ਵਰਗੇ ਸਬਰ ਨਾਲ ਕੋਈ ਲੋਹੜੀ ਮੰਗਦਾ ਹੋਊ ਕਿ ਨਹੀਂ । ਉਹਨਾਂ ਦੇ ਗੀਤ ਕੋਈ ਹੁਣ ਗਾਉਂਦਾ ਹੋਊ ਕਿ ਨਹੀਂ ? ਉਹਨਾ ਦੀ ਸੁਰ ਵੱਖਰੀ ਹੁੰਦੀ ਸੀ । ਉਹਨਾਂ ਦੀ ਅਵਾਜ਼ ਨਿਰਾਲੀ ਹੁੰਦੀ । ਉਹਨਾਂ ਦੀ ਹੇਕ ਅਵਲੀ ਹੁੰਦੀ । ਰਾਤ ਦੀ ਹਿੱਕ ਚੀਰ ਉਹਨਾਂ ਦੇ ਗੀਤ ਹਵੇਲੀਆਂ ਟੱਪ ਜਾਂਦੇ ਖੂਹਾਂ ਤੇ ਪੁੱਜ ਜਾਂਦੇ । ਹੁਣ ਤੇਰਾਂ ਹਜ਼ਾਰ ਮੀਲ ਤੇ ਉਹਨਾਂ ਦਾ ਗੀਤ ਮੇਰੇ ਮਨ ਵਿਚ ਸ਼ੋਰ ਮਚਾ ਰਿਹਾ ਹੈ । ਮਸ਼ੀਨ ਨਾਲੋਂ ਵੀ ਉੱਚਾ ਸ਼ੋਰ । ਮੈਂ ਉਹਨਾਂ ਦੇ ਗੀਤ ਮਗਰ ਹੋ ਪਿਆ ਸੀ,

ਲੋਹੜੀ ਲੋਹੜੀ ਨੀ ਲੋਕੜੀਓ ਲੋਹੜੀ
ਜੀਵੇ ਰਾਣੋ ਤੇਰੇ ਵੀਰਿਆਂ ਦੀ ਜੋੜੀ
ਇਸ ਜੋੜੀ ਨੂੰ ਲਾਲ ਲਕੀਰੇ
ਸਾਰੇ ਜੀਵਨ ਨੀ ਗਾਉਣ ਤੇਰੇ ਵੀਰੇ

ਜਦੋਂ ਕਿਸੇ ਨੇ ਮੇਰੀ ਪਿੱਠ ਨੂੰ ਆ ਠਕੋਰਿਆਂ ਸੀ । ਮੇਰੀਆਂ ਅੱਖਾਂ ਵਿਚ ਪਾਣੀ ਸੀ । ਅੱਖਾਂ ਲਕਾਉਣ ਦੀ ਕੋਸ਼ਿਸ਼ ਕਰ ਰਿਹਾ ਸੀ । ਪਿੱਠ ਘੁਮਾਂ ਦੇਖਦਾ ਤਾਂ ਦੇਵ ਸੀ । ਗਿੱਲੀਆਂ ਝਿੰਮਣਾਂ ਚੋਂ ਮੁਸਕਰਾ ਉਹਦੇ ਨਾਲ ਅੱਖਾਂ ਮਿਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ । ਗਿੱਲੀਆਂ ਅੱਖਾਂ ਦੇਖ ਉਹਨੇ ਪਲ ਭਰ ਲਈ ਆਪਣੇ ਬੁੱਲ੍ਹ ਘੁੱਟੇ । ਸੰਜੀਦਾ ਜਿਹਾ ਮੁਸਕਰਾਇਆ । ਖੱਬੇ ਕੰਨ 'ਚੋਂ ਈਅਰ ਪੱਲਗ ਕੱਢ ਕੰਨ ਉਹਦੇ ਮੂੰਹ ਅੱਗੇ ਕੀਤਾ ਸੀ ।

"ਮੈਂ ਸੋਚਿਆ ਤੈਨੂੰ ਦੱਸ ਈ ਦੇਵਾਂ"

ਮੈਂ ਮੁੜ ਉਹਦੇ ਚੇਹਰੇ ਵੱਲ ਦੇਖਦਾ ਹਾਂ । ਉਹਦੇ ਚੇਹਰੇ ਤੇ ਇਕ ਸੰਜੀਦਾ ਨਿਡਰ ਤਲਖੀ ਫੈਲ ਗਈ ਸੀ । ਆਪਣਾ ਕੰਨ ਉਹਦੇ ਮੂੰਹ ਅੱਗੇ ਕਰਦਿਆਂ ਕਹਿੰਦਾ ਹਾਂ "ਦੱਸ ਦੱਸ" ।

"ਮੇਰਾ ਪਿੰਡ ਤੇਰੇ ਵਾਲਾ ਈ ਆ । ਉਥੋਂ ਦੌੜਿਆ ਸਮਗਲਰਾਂ ਦਾ ਸਾਥੀ ਤੇਰੇ ਸਾਹਮਣੇ ਆ । ਇਕ ਵਿਜ਼ਟਰ । ਨਿਆਣਾ ਹੁੰਦਾ ਜਿਹੜਾ ਚੋਰ ਸੀ ਤੇ ਉਹ ਅਵਾਰਾ ਗਾਂਈ ਮੇਰੀ ਮਾਂ ਸੀ ।"

ਮੇਰੇ ਕੰਨ ਵਿਚ ਕਿਸੇ ਨੇ ਜਿਵੇਂ ਵੱਡਾ ਵਦਾਣ ਮਾਰਿਆ ਹੋਵੇ । ਮੈਂ ਝੱਟ ਨਾਲ ਈਅਰ ਪਲੱਗ ਕੰਨ ਵਿਚ ਫਸਾ ਲਿਆ ਸੀ । ਮੇਰੀਆਂ ਸੋਚਾਂ ਨੂੰ ਜਿਵੇਂ ਗੰਢਾ ਪੈ ਗਈਆ ਸਨ । ਮੇਰੇ ਕੋਲੋਂ ਕੁਝ ਵੀ ਬੋਲਿਆ ਨਹੀਂ ਸੀ ਗਿਆ ।

ਉਹ ਮੁੜ ਆਪਣੇ ਕੰਮ ਵੱਲ ਚਲਾ ਗਿਆ ਸੀ । ਉਹਦੀ ਪਿੱਠ ਵੱਲ ਦੇਖਦਾ ਮੈਂ ਸੋਚ ਰਿਹਾ ਸਾਂ 'ਕਿਵੇਂ ਪੀ ਗਿਆ ਐਡੀ ਵੱਡੀ ਸਚਾਈ ਦੀ ਕੁੜੱਤਣ । ਐਡਾ ਵੱਡਾ ਵਜਨ ਕਿਵੇਂ ਧਰ ਲਿਆ ਆਪ ਈ ਇਹਨੇ ਸਿਰ । ਕਿਵੇਂ.....।'

ਮਸ਼ੀਨ ਦੇ ਉਹ ਲਿਔਂ ਦੀ ਮੈਂ ਕਈ ਵਾਰ ਦੇਖਿਆ ਸੀਂ ਕੰਮ ਵਿਚ ਮਗਨ । ਕੰਮ 'ਚ ਰੁੱਝਾ ਉਹ ਕੰਮ ਬਣਿਆ ਪਿਆ ਸੀ । ਸਦੀਆਂ ਤੋਂ ਜਿਵੇਂ ਉਹਨੂੰ ਕੰਮ ਦੀ ਭੁੱਖ ਰਹੀ ਹੋਵੇ ।

ਛੁਟੀ ਹੋਣ 'ਚ ਕੋਈ ਪੰਦਰਾਂ ਕੁ ਮਿੰਟ ਰਹਿੰਦੇ ਸਨ । ਮਸ਼ੀਨ ਖੜੀ ਕਰ ਦ਼ਿਤੀ ਹੈ । ਕੰਨਾਂ ਚੋਂ ਈਅਰ ਪਲੱਗ ਕੱਢ ਲਏ ਹਨ । ਦੇਵ ਦੀ ਸੀਟੀ ਫਿਰ ਸੁਣੀ ਹੈ । ਸੀਟੀ 'ਚ ਹੁਣ ਵੀ ਇਕ ਕਾਬਾਂ ਹੈ ਇਕ ਲਾਂਬੂ ਹੈ, ਇਕ ਤੋਰ ਹੈ ਤੂਫਾਨ ਹੈ ਸਥਿਰ ਅਤੇ ਅਡੋਲ ।

ਪਤਾਲਾਂ 'ਚੋਂ ਲਿਆਈਏ
ਮੁੜ ਕੱਢ ਕੇ ਮਣੀ,
ਅਸਮਾਨਾਂ ਉਤੋਂ ਲਾਹੀਏ
ਰਤਨ ਅਫ਼ਤਾਬ ਦਾ ।

ਪੱਤਝੜ ਤੋਂ ਬਚਾਈਏ
ਧਰਤੀ ਪੰਜਾਬ ਦੀ,
ਖੇੜੇ ਦੇ ਵਿਚ ਲਿਆਈਏ
ਮੁੜ ਫੁੱਲ ਗੁਲਾਬ ਦਾ ।

ਫਿ ਲ ਮੀ



'ਆਸਰਾ ਪਿਆਰ ਦਾ' ਦੀ ਨਾਇਕਾ ਪ੍ਰੀਤੀ ਸਪਰੂ

ਫ਼ਿਲਮੀ ਪੋਸਟਰ

ਸ਼ਹਿਰ ਦੀ ਇਕ ਦੀਵਾਰ
ਫ਼ਿਲਮੀ ਪੋਸਟਰਾਂ ਦੀ ਭਰਮਾਰ
ਦੂਰੋਂ ਪੜ੍ਹਨ ਲੱਗੇ ਇਹ ਵਿਖਾਈ ਦਿੰਦਾ ਸੀ—
'ਮਾਂ ਬਾਪ'
ਬੇਟੀ ਬੇਟੇ
ਚਾਚਾ ਭਤੀਜਾ
ਮਾਮਾ ਭਾਣਜਾ
ਆਓ, ਪੂਰੇ ਪਰਿਵਾਰ ਨਾਲ ਆ ਕਿ ਵੇਖੋ
'ਲਾਵਾਰਿਸ'
ਇਤਫ਼ਾਕ ਦੀ ਗੱਲ
ਪੂਰੇ ਸ਼ਹਿਰ ਵਿਚ ਇਕੋ ਚਰਚਾ
ਇਹਨਾਂ ਫ਼ਿਲਮੀ ਪੋਸਟਰਾਂ ਨੇ ਜੀਣਾ
ਹਰਾਮ ਕਰ ਦਿਤਾ ਹੈ
ਲਾਲਾ ਪੇਟੂ ਮੱਲ ਦੀ ਦੁਕਾਨ ਤੇ
ਪੋਸਟਰ ਲੱਗਾ ਹੋਇਆ ਹੈ
'ਬੇ-ਈਮਾਨ'
'ਪੰਡਿਤ ਜੀ ਦੇ ਮਕਾਨ ਤੇ
'ਸਾਧੂ ਤੇ ਸ਼ੈਤਾਨ'
ਥਾਣੇ ਤੇ
'ਖ਼ੂਨ'
ਹਸਪਤਾਲ ਤੇ 'ਹਨੀਮੂਨ'
ਵਜ਼ੀਰ ਦੀ ਕੋਠੀ ਤੇ "ਗ਼ਵਾਰ"
ਜੇਲ੍ਹ-ਖਾਨੇ ਤੇ 'ਪੁਕਾਰ'
ਮੰਦਿਰ ਤੇ 'ਲੁੱਟ-ਮਾਰ'
ਸਕੂਲ ਤੇ 'ਗੁਪਤ ਗਿਆਨ'
ਕੋਠੇ ਤੇ 'ਕੰਨਿਆ ਦਾਨ'
ਯਤੀਮ-ਖਾਨੇ ਤੇ 'ਖਾਨਦਾਨ'
ਸ਼ਮਸ਼ਾਨ ਤੇ 'ਸੁਹਾਗ ਰਾਤ'
ਤੇ ਲਾਲ ਕਿਲੇ ਤੇ
'ਛੋਟੀ ਸੀ ਬਾਤ'
ਇਸ ਤਰ੍ਹਾਂ ਆਪਣੇ ਆਪ ਹੋ ਗਿਆ
ਸਾਰੀ ਸਭਿਅਤਾ ਦਾ ਸਤਿਆਨਾਸ
ਕੀ ਕਰੀਏ, ਕਿਵੇਂ ਕਰੀਏ
ਇਸ ਸ਼ਹਿਰ ਨੂੰ ਤਜ ਦਈਏ
ਜਾਂ ਆਪਣੀਆਂ ਅੱਖਾਂ ਫੋੜ ਲਈਏ ?

ਹਰ ਇਕ ਦੇ ਵਸ ਨਹੀਂ

—ਹਰਭਜਨ ਸਿੰਘ ਬਾਜਵਾ—

ਬੜੀ ਦੇਰ ਪਿਛੋਂ ਇਕ ਪੰਜਾਬੀ ਫ਼ਿਲਮ 'ਆਸਰਾ ਪਿਆਰ ਦਾ' ਆ ਰਹੀ ਹੈ, ਜਿਸ ਵਿਚ ਲਤਾ ਮੰਗੇਸ਼ਕਰ ਨੇ ਦੋ ਗੀਤ ਗਾਏ ਹਨ. ਕਿਉਂਕਿ ਲਤਾ ਬਹੁਤ ਮਹਿੰਗੀ ਗਾਇਕਾ ਜਿਸ ਕਰਕੇ ਉਸ ਨੂੰ ਹਰ ਪੰਜਾਬੀ ਫ਼ਿਲਮ ਦਾ ਪ੍ਰੋਡੀਊਸਰ ਨਹੀਂ ਲੈ ਸਕਦਾ ਆਪਣੀ ਫ਼ਿਲਮ ਵਿਚ. ਇਹ ਹੌਂਸਲਾ ਜੇ. ਓਮ ਪ੍ਰਕਾਸ਼ ਨੇ ਹੀ ਕੀਤਾ ਅਤੇ ਆਪਣੀ ਫਿਲਮ'ਆਸਰਾ ਪਿਆਰ ਦਾ' ਵਿਚ ਲੱਤਾ ਕੋਲੋਂ ਪੰਜਾਬੀ ਗੀਤ ਗਵਾਏ ਹਨ. ਕਿਉਂਕਿ ਜੇ ਓਮ ਪ੍ਰਕਾਸ਼ ਇਸ ਫ਼ਿਲਮ ਦੇ ਲੇਖਕ, ਡਾਇਰੈਕਟਰ ਤੇ ਪ੍ਰੋਡਿਊਸਰ ਹਨ. ਇਸ ਕਰ ਕੇ ਹੀ ਇਹ ਸਾਰਾ ਹੌਂਸਲਾ ਕਰ ਲਿਆ.

ਇਸ ਫ਼ਿਲਮ ਵਿਚ ਤਿੰਨ ਜੋੜੀਆਂ ਹਨ. ਰਾਜ ਬੱਬਰ ਤੇ ਪ੍ਰੀਤੀ ਸਪਰੂ ਦੀ ਦੂਜੀ ਜੋੜੀ ਨਵੀਨ ਨਿਸਚਲ ਤੇ ਕਿਰਣ ਠਾਕਰ ਦੀ ਹੈ ਤੀਸਰੀ ਮਖੌਲੀਆ ਜੋੜੀ ਮੇਹਰ ਮਿਤਲ ਤੇ ਕੰਚਨ ਮੱਟੂ ਦੀ ਹੈ. ਜਦੋਂ ਮੈਂ ਸ: ਭਾਗ ਸਿੰਘ ਨਾਲ ਇਸ ਫ਼ਿਲਮ ਦੀ ਸ਼ੂਟਿੰਗ ਵੇਖਣ ਵਾਸਤੇ ਕੁਰਾਲੀ ਗਿਆ ਤਾਂ ਸਭ ਤੋਂ ਪਹਿਲਾਂ ਮੈਨੂੰ ਲੋਕਾਂ ਦਾ ਇਕਠ ਵੇਖਣ ਵਾਸਤੇ ਮੇਹਰਮਿਤਲ ਤੇਕੰਚਨ ਮੱਟੂ ਦੇ ਦਵਾਲੇ ਹੀ ਮਿਲਿਆ. ਮੈਂ ਸੋਚਦਾ ਸੀ ਕਿ ਮੇਹਰ ਮਿਤਲ ਤਾਂ ਪੰਜਾਬ ਦਾ ਦਲੀਪ ਕੁਮਾਰ ਜਾਂ ਫੇਰ ਪੰਜਾਬ ਦਾ ਸੁਨੀਲ ਦੱਤ ਹੈ. ਕਿਉਂਕਿ ਮੇਹਰ ਮਿਤਲ ਇਕ ਇਸ ਤਰ੍ਹਾਂ ਦਾ ਫ਼ਿਲਮੀ ਕਲਾਕਾਰ ਹੋ ਗਿਆ ਹੈ. ਜਿਸ ਤੋਂ ਬਗੈਰ ਪੰਜਾਬੀ ਕੋਈ ਵੀ ਫ਼ਿਲਮ ਨਹੀਂ ਬਣ ਸਕਦੀ.

ਇਸ ਫਿਲਮ ਦੀ ਇਹੋ ਹੀ ਖ਼ੂਬੀ ਹੈ ਕਿ ਬਹੁਤ ਸਾਲਾਂ ਬਾਦ ਲਤਾ ਨੇ ਪੰਜਾਬੀ ਵਿਚ ਗੀਤ ਗਾਏ ਹਨ ਤੇ ਇਸ ਦੇ ਨਾਲ ਹੀ ਹਿੰਦੀ ਫ਼ਿਲਮ 'ਨਿਕਾਹ' ਦੀ ਹੀਰੋਇਣ ਸਲਮਾ ਅਗਾ ਨੇ ਗੀਤ ਗਾਏ ਹਨ. ਦੂਸਰੇ ਪਾਸੇ ਮਹਿੰਦਰ ਕਪੂਰ ਤੇ ਸੁਰੇਸ਼ ਵਾਡਕਰ ਨੇ ਗੀਤ ਗਾਏ ਹਨ. ਇਸ ਫ਼ਿਲਮ ਦੀ ਬਹੁਤੀ ਸ਼ੂਟਿੰਗ ਪੰਜਾਬ ਵਿਚ ਹੀ ਪੰਜਾਬ ਦੇ ਵਖ ਵਖ ਥਾਵਾਂ ਤੇ ਹੋ ਰਹੀ ਹੈ, ਕਿਉਂਕਿ ਜੇ. ਓਮ ਪ੍ਰਕਾਸ਼ ਇਕ ਸਿਆਣਾ ਰਾਈਟਰ ਹੈ ਤੇ ਸਮਝਦਾਰ ਡਾਇਰੈਕਟਰ ਹੈ. ਇਸ ਕਰਕੇ ਪ੍ਰੋਡੀਊਸਰ ਵੀ ਸਮਝ-ਦਾਰ ਹੈ. ਕਿ ਮੇਰੀ ਫ਼ਿਲਮ ਨੂੰ ਕਿਸ ਤਰ੍ਹਾਂ ਬਹੁਤਾ ਫੈਦਾ ਹੋ ਸਕਦਾ ਹੈ. ਇਸ ਕਰਕੇ ਹੀ ਫ਼ਿਲਮ ਦਾ ਬਹੁਤਾ ਹਿਸਾ ਪੰਜਾਬ ਵਿਚ ਫਿਲਮਾਇਆ ਜਾਣਾ ਹੈ.


ਇਸ ਫ਼ਿਲਮ ਦਾ ਸੰਗੀਤ ਕਮਲ ਕਾਂਤ ਨੇ ਦਿਤਾ ਹੈ.ਕਾਂਤਜੀ ਨੇਪੰਜਾਬੀ ਧੁਨਾਂ ਬਹੁਤ ਚੰਗੀਆਂ ਤਿਆਰ ਕੀਤੀਆਂ ਹਨ. ਇਹ ਅਪਣਾ ਨਕਾਹੀ ਰੰਗ ਛਡੇਗੀ.

ਚ ਲ ਦੇ ਚ ਲ ਦੇ

ਪਹਿਲਾਂ ਤਾਂ ਅਮਿਤਾਬ ਬਚਨ ਬੀਮਾਰੀ ਕਾਰਨ ਰੋਜ਼ ਅਖਬਾਰਾਂ ਅਤੇ ਲੋਕਾਂ ਵਿਚ ਮੁਖ ਚਰਚਾ ਬਣਿਆ ਰਿਹਾ ਆਹ ਫਿਰ ਏਸ਼ੀਆਡ ਵਿਚ ਵੀ ਅਮਿਤਾਬ ਦੀ ਬਹੁਤ ਚਰਚਾ ਹੁੰਦੀ ਇਕ ਬਦੇਸ਼ੀ ਪਤਰਕਾਰ ਨੇ ਇਕ ਭਾਰਤੀ ਪਤਰਕਾਰ ਨੂੰ ਪੁਛਿਆ ਕਿ ਇਹ ਅਮਿਤਾਬ ਸਾਹਿਬ ਕੌਣ ਹਨ ? ਤਾਂ ਭਾਰਤੀ ਪਤਰਕਾਰ ਨੇ ਦਸਿਆ ਕਿ ਇਹ ਸਾਡੇ ਸਭ ਤੋਂ ਲੋਕਪ੍ਰਿਆ ਸਟਾਰ ਹਨ." ਬਦੇਸ਼ੀ ਪਤਰਕਾਰ ਨੇ ਕਿਹਾ "ਤਾਂ ਹੀ ਤਾਂ ਇਥੇ ਖੇਡ ਲੋਕਪ੍ਰਿਆ ਨਹੀਂ ਹਨ."

—0—

ਭਾਵੇਂ ਸਟੰਟ ਫਿਲਮਾਂ ਵਿਚ ਸਮਗਲਰਾਂ, ਡਾਕੂਆਂ ਆਦਿ ਨੂੰ ਅੰਤ ਕਾਨੂੰਨ ਦੇ ਸਿਕੰਜੇ ਵਿਚ ਫਸਿਆ ਵਿਖਾਇਆ ਜਾਂਦਾ ਹੈ. ਪਰ ਇਹ ਵਿਗੜੇ ਨੌਜਵਾਨਾਂ ਨੂੰ ਜੇਬ-ਤਰਾਸ਼ੀ, ਛੁਰੇਬਾਜ਼ੀ ਤੇ ਤਾਲਾ ਭੰਨਣ ਦੀ ਚੰਗੀ ਖਬੀ ਟਰੇਨਿੰਗ ਵੀ ਦਿੰਦੀਆਂ ਹਨ......ਰਾਜ ਕਮਲ



ਮਿਹਰ ਮਿਤਲ ਤੇ ਕੰਚਨ ਮੱਟੂ

★ਪਰੀਕਸ਼ਤ ਸਾਹਨੀ ਦੀ ਪਤਨੀ ਅਰੁਣਾ ਸਾਹਨੀ, ਜੋ ਚੇਤਨ ਆਨੰਦ ਅਤੇ ਵਿਜੇ ਆਨੰਦ ਦੀ ਭਾਣਜੀ ਹੈ, ਆਪਣੇ ਪਤੀ ਤੋਂ ਅਲਗ ਹੋ ਗਈ ਹੈ

ਰਾਜ ਕਪੂਰ ਦੇ ਸਭ ਤੋਂ ਛੋਟੇ ਪੁਤਰ ਚਿੰਪੂ ਕਪੂਰ ਨੂੰ ਐਫ. ਸੀ. ਮਹਿਰਾ ਦੀ ਫਿਲਮ ਲਈ ਸਾਈਨ ਕੀਤਾ ਗਿਆ। ਇਸ ਫਿਲਮ ਦੇ ਨਿਰਦੇਸ਼ਕ ਰਾਜੀਵ ਮਹਿਰਾ ਸਨ।

ਦ ਰ ਪ ਣ

ਇਹ ਹਨ ਮੇਰੇ ਮਨਪਸੰਦ ਵਿਚਾਰਾਂ ਚੋਂ ਕੁਝ

ਸੁੰਦਰਤਾ ਬਾਰੇ ਵਿਚਾਰ	ਮਨੁੱਖੀ ਸਰੀਰ ਦੀ ਪੂਰੀ ਸੁਡੋਲਤਾ
ਸਭ ਤੋਂ ਪਿਆਰਾ ਮਨੁੱਖ	ਲਾਲਾ ਹਰਦਿਆਲ ਐਮ ਏ.
ਜ਼ਿੰਦਗੀ ਦਾ ਕਦੇ ਨਾ ਭੁੱਲ ਸਕਣ ਵਾਲਾ ਪਲ	ਵਿਸ਼ਵ ਚੈਂਪੀਅਨ ਲੂਈਸ ਥਰਜ ਨਾਲ ਐਲਬਰਟ ਹਾਲ 'ਚ ਲੰਦਨ ਦਾ ਪਹਿਲਾ ਬਾਓਟ
ਮਨਪਸੰਦ ਬੈਡ ਰੂਮ ਚੋਣ	ਚੰਗੀ ਤਰ੍ਹਾਂ ਸੌਣਾ
ਮਨਪਸੰਦ ਸੰਭਾਲ	29-5-1968 ਨੂੰ ਵਿਸ਼ਵ ਚੈਂਪੀਅਨਸ਼ਿਪ 'ਚ ਜਿੱਤੀ ਬੈਲਟ
ਮਨਪਸੰਦ ਰੈਸਤੋਰੇਟ	ਗੋਸਿਮ ਕੋਰਨਰ ਬੰਬਈ
ਜੋ ਚੀਜ਼ਾਂ ਮੈਨੂੰ ਸਭ ਤੋਂ ਵਧ ਪ੍ਰਭਾਵਿਤ ਕਰਦੀਆਂ ਹਨ	ਇਮਾਨਦਾਰੀ ਤੇ ਸਚਾਈ
ਜਿਸ ਦੀ ਕਦਰ ਕਰਦਾ ਹਾਂ	ਸਿਆਣਪ
ਮੇਰੀ ਤਾਕਤ	ਸਖਤ ਮਿਹਨਤ
ਮੇਰੀ ਕਮਜ਼ੋਰੀ	ਹਮਦਰਦੀ
ਜਿਸ ਤੋਂ ਮੈਂ ਤੰਗ ਹੁੰਦਾ ਹਾਂ	ਝੂਠੀ ਪ੍ਰਸ਼ੰਸਾ
ਮਨ-ਪਸੰਦ ਖੇਡ	ਕੁਸ਼ਤੀ
ਮੇਰਾ ਸਭ ਤੋਂ ਵਡਾ ਦੁਸ਼ਮਣ	ਖਾਹਿਸ਼ਾਂ
ਮੇਰਾ ਮਾਟੋ	ਸਚਾਈ 'ਚ ਜਿੱਤ ਹੈ
ਜਨਮ ਦਿਨ	19 ਨਵੰਬਰ, 1928

—ਦਾਰਾ ਸਿੰਘ

ਜੈਨੀਫਰ ਕੈਂਡਲ ਨੂੰ ਬਰਤਾਨਵੀ ਅਵਾਰਡ ਮਿਲਿਆ

ਲੰਡਨ:— ਜੈਨੀਫਰ ਕੈਂਡਲ ਨੇ ਫਿਲਮ '36 ਚੌਰੰਗੀ ਲੇਨ' ਵਿਚ ਆਪਣੇ ਰੋਲ ਲਈ ਲੰਡਨ ਦੇ ਸ਼ਾਮ ਵੇਲੇ ਦੇ ਇਕ ਅਖਬਾਰ 'ਸਟੈਂਡਰਡ' ਦਾ ਸਭ ਤੋਂ ਵਧੀਆ ਐਕਟਰੈਸ ਅਵਾਰਡ ਹਾਸਲ ਕੀਤਾ ਹੈ। ਇਹ ਫਿਲਕ ਜੈਨੀਫਰ ਦੇ ਪਤੀ, ਉਘੇ ਐਕਟਰ ਤੇ ਨਿਰਮਾਤਾ ਸ਼ਸ਼ੀ ਕਪੂਰ ਨੇ ਬਣਾਈ ਸੀ।

ਜੈਨੀਫਰ ਨੂੰ ਇਹ ਅਵਾਰਡ ਲੰਡਨ ਦੇ ਪਾਰਕ ਹੋਟਲ ਵਿਚ ਕੀਤੇ ਗਏ ਇਕ ਸਮਾਗਮ ਦੌਰਾਨ ਦਿਤਾ ਗਿਆ।

ਉਘੇ ਬਰਤਾਨਵੀ ਐਕਟਰ, ਟਰੈਵਲ ਹੋਵਾਰਡ ਨੇ ਫਿਲਮ 'ਲਾਈਟ ਯੀਅਰਸ ਅਵੇ' ਵਿਚ ਆਪਣੀ ਕਾਰਕਰਦਗੀ ਲਈ ਵਧੀਆ ਐਕਟਰ ਦਾ ਅਵਾਰਡ ਜਿਤਿਆ।



'ਜ਼ਰਾ ਸੀ ਜ਼ਿੰਦਗੀ' ਦੀ ਜੋੜੀ. ਇਕ ਨੌਜਵਾਨ ਕਮਲ ਹਸਨ ਜੋ ਆਪਣੇ ਆਦਰਸ਼ਾਂ ਤੇ ਦ੍ਰਿੜ ਹੈ ਤੇ ਕਿਸੇ ਵੀ ਹਾਲਤ 'ਚ ਆਪਣੇ ਅਸੂਲਾਂ ਤੋਂ ਨਹੀਂ ਡੋਲਦਾ...ਇਕ ਮੌਕੇ ਉਸ ਦਾ ਆਪਣੇ ਬਾਪ ਨਾਲ ਝਗੜਾ ਹੋ ਜਾਂਦਾ ਹੈ ਤੇ ਉਹ ਘਰ ਛਡ ਕੇ ਆਪਣਾ ਭਵਿਖ ਬਨਾਉਣ ਲਈ ਦਿਲੀ ਆ ਜਾਂਦਾ ਹੈ ਜਿਥੇ ਉਹ ਦੋ ਹੋਰ ਨੌਜਵਾਨਾਂ ਹੈ ਮਿਲਦਾ ਹੈ. ਤਿੰਨਾਂ ਦੇ ਹੀ ਜ਼ਿੰਦਗੀ ਪ੍ਰਤੀ ਵਖ-ਵਖ ਵਿਚਾਰ ਹਨ. ਕਮਲ ਹਸਨ ਮਿਹਨਤ 'ਚ ਵਿਸ਼ਵਾਸ਼ ਰਖਦਾ ਹੈ. ਅਤੇ ਆਪਣੇ ਗੁਜਾਰੇ ਲਈ ਉਹ ਨੌਕਰੀ ਦੀ ਭਾਲ ਕਰਦਾ ਕਰਦਾ ਇਸ ਖੂਬਸੂਰਤ ਮੁਟਿਆਰ ਅਨੀਤਾ ਰਾਜ ਨੂੰ ਮਿਲਦਾ ਹੈ ਜੋ ਆਪ ਵੀ ਸਮਸਿਆ 'ਚ ਘਿਰੀ ਹੁੰਦੀ ਹੈ ਪਰ ਉਹ ਕਮਲ ਹਸਨ ਦੇ ਵਿਚਾਰਾਂ ਦੀ ਪ੍ਰਸੰਸਾ ਕਰਦੀ ਹੈ ਤੇ ਉਹ......ਦੋਵੇਂ ਇਕ-ਦੂਜੇ ਦੇ ਲਈ ਹੋ ਜਾਂਦੇ ਹਨ...

'ਦਰਾੜ' ਲਈ ਜਯਾ ਪ੍ਰਧਾ ਸਾਈਨ

ਵੀ. ਕੇ. ਇੰਟਰਨੈਸ਼ਨਲ ਦੀ ਫਿਲਮ 'ਦਰਾੜ' ਲਈ ਜਯਾ ਪ੍ਰਧਾ ਨੂੰ ਸਾਈਨ ਕੀਤਾ ਗਿਆ ਹੈ। ਇਸ ਫਿਲਮ ਦੇ ਨਿਰਮਾਤਾ ਵੀ. ਕੇ. ਸੌਨਥਾਲੀਆ, ਨਿਰਦੇਸ਼ਕ ਵਿਨੋਦ ਪਾਂਡੇ ਤੇ ਸੰਗੀਤਕਾਰ ਆਰ. ਡੀ. ਬਰਮਨ ਹਨ। ਇਸ ਵਿਚ ਮਿਥੁਨ ਚਕਰਵਰਤੀ ਮਾਰਕ ਜ਼ੁਬੈਰ, ਅਮਰੀਸ਼ ਪੁਰੀ ਤੇ ਸੰਦੀਪ ਕਪੂਰ ਆਦਿ ਕਲਾਕਾਰ ਕੰਮ ਕਰ ਰਹੇ ਹਨ।

ਆਪਣੀ ਇੱਜ਼ਤ ਆਪ ਸੰਭਾਲੋਂ ਦੀ ਰਿਕਾਰਡਿੰਗ

ਸੰਗੀਤਕਾਰ ਮਨੋਜ ਗਿਆਨ ਨੇ ਥੋੜੇ ਦਿਨੀਂ ਲਕਸ਼ਮੀ ਪਿਕਚਰਜ਼ ਦੀ ਫਿਲਮ, 'ਆਪਣੀ ਇਜ਼ਤ ਆਪ ਸੰਭਾਲੋਂ' ਦੇ ਦੂਸਰੇ ਗੀਤ ਦੀ ਰਿਕਾਰਡਿੰਗ ਬੰਬੇ ਲੈਬ ਵਿਚ ਦੀਪਾ ਭੇਦੀ ਅਵਾਜ਼ ਵਿਚ ਰਿਕਾਰਡ ਕੀਤਾ। ਇਸ ਗੀਤ ਦੇ ਗੀਤਕਾਰ ਸੈਲ ਚਤੁਰਵੇਦੀ ਹਨ। ਫਿਲਮ ਦੇ ਲੇਖਕ ਤੇ ਨਿਰਦੇਸ਼ਕ ਕੰਵਰ ਜਗਦੀਸ਼ ਹਨ।

'ਚੀਫ ਮਨਿਸਟਰ'

○ਅਹਿਮਦਾਬਾਦ:—ਹਿੰਦੀ ਫਿਲਮਾਂ ਦੇ ਹਾਸ-ਅਭਿਨੇਤਾ ਮਹਿਮੂਦ "ਚੀਫ ਮਨਿਸਟਰ" ਨਾਂ ਦੀ ਇਕ ਫਿਲਮ ਬਣਾ ਰਹੇ ਹਨ ਜਿਸ ਦੀ ਪਟਕਥਾ ਨੂੰ ਸਵਰਗੀ ਸੰਜੇ ਗਾਂਧੀ ਨੇ ਪ੍ਰਵਾਨਗੀ ਦਿਤੀ ਸੀ।

ਫਿਲਮ ਪੱਤਰਕਾਰ ਅਰਵਿੰਦ ਰਾਠੌੜ ਵਲੋਂ ਬਣਾਈ ਗਈ ਇਕ ਗੁਜਰਾਤੀ ਫਿਲਮ ਦੀ ਰਲੀਜ਼ ਦੇ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਹਿਮੂਦ ਦੱਸਿਆ ਕਿ ਉਨ੍ਹਾਂ ਦੀ ਫਿਲਮ ਵਿਚ ਮੁਖ ਮੰਤਰੀਆਂ ਦੀਆਂ ਔਕੜਾਂ ਤੇ ਉਨ੍ਹਾਂ ਦੇ ਕੰਮਾਂ ਤੇ ਰੌਸ਼ਨੀ ਪਾਈ ਜਾਏਗੀ।

ਚਲਦੇ-ਚਲਦੇ

ਫਿਲਮਾਂ ਵਿਚ ਹਾਸ-ਕਲਾਕਾਰ ਵਜੋਂ ਇਕ ਸਮਾਂ ਛਾਇਆ ਰਹਿਣ ਵਾਲਾ ਮਹਿਮੂਦ ਅਜ ਕਲ ਬਿਲਕੁਲ ਵਿਹਲਾ ਹੈ. ਉਸ ਕੋਲ ਇਸ ਵੇਲੇ ਕੋਈ ਵੀ ਫਿਲਮ ਨਹੀਂ ਹੈ. ਉਹ ਨੂੰ ਆਪਣੇ ਫਿਲਮੀ ਦੋਸਤ ਮਨੋਜ ਕੁਮਾਰ-ਅਮਜਦ ਖਾਨ, ਅਸ਼ੋਕ ਕੁਮਾਰ ਆਦਿ ਤੇ ਬਹੁਤ ਗੁਸਾ ਹੈ ਜਿਨ੍ਹਾਂ ਨੇ ਉਸ ਨਾਲ ਬੇਵਫਾਈ ਕੀਤੀ. ਮਹਿਮੂਦ ਦਾ ਕਹਿਣਾ ਹੈ ਇਹਨਾਂ ਇੰਡਸਟੀ ਵਾਲਿਆਂ ਤੋਂ ਜਾਨਵਰ ਚੰਗੇ ਹਨ ਇਸ ਲਈ ਮੈਂ ਉਹਨਾਂ ਨੂੰ ਪਿਆਰ ਕਰਦਾਹਾਂ. ਇਹ ਨਾ ਤਾਂ ਝੂਠ ਬੋਲਦੇ ਹਨ ਤੇ ਨਾ ਗੱਪਾਂ ਮਾਰਦੇ ਹਨ.

—0—

ਪੰਜਾਬੀ ਫਿਲਮਾਂ ਪੰਜਾਬ ਵਿਚ ਵਧੇਰੇ ਲੋਕਪ੍ਰਿਆ ਨਾ ਹੋਣ ਦਾ ਇਹ ਵਡਾ ਕਾਰਨ ਹੈ ਕਿ ਪੰਜਾਬੀ ਫਿਲਮ ਨਿਰਮਾਤਾ ਲੋੜੀਂਦੀ ਮਿਹਨਤ ਨਹੀਂ ਕਰਦੇ...ਬਸ ਹਫੜਾ-ਦਫੜੀ ਵਿਚ ਫਿਲਮ ਬਣਾ ਕੇ ਦਰਸ਼ਕਾਂ ਅੱਗੇ ਪੇਸ਼ ਕਰ ਦਿੰਦੇ ਹਨ...1-ਗੁਲਸ਼ਨ

ਖ਼ਬਰਦਾਰ : ਜਾਅਲੀ ਫ਼ਿਲਮਸਾਜ਼ਾਂ ਤੋਂ

ਫਿਲਮ ਸਨਅਤ ਦੇ ਵਿਕਾਸ ਅਤੇ ਫਿਲਮੀ ਦੁਨੀਆਂ ਦੀ ਚਮਕ ਦਮਕ ਜੋ ਸਾਡੇ ਬਹੁਤ ਸਾਰੇ ਨੌਜੁਆਨਾਂ ਨੂੰ ਫਿਲਮਾਂ 'ਚ ਕੰਮ ਕਰਨ ਲਈ ਟੁੰਬਦੀ ਹੈ, ਤੋਂ ਨੌਸਰਬਾਜ਼ ਤੇ ਜਾਅਲਸਾਜ਼ ਵੀ ਕਾਫੀ ਹੱਥ ਰੰਗ ਰਹੇ ਹਨ. ਕਈ ਅਜੇਹੇ ਮਾਮਲੇ ਅਕਸਰ ਸਾਹਮਣੇ ਆਉਂਦੇ ਰਹਿੰਦੇ ਹਨ ਜਦੋਂ ਕਿ ਅਜੇਹੇ ਜਾਅਲਸਾਜ਼ ਦੇ ਚਕਰ ਚੋਂ ਫਸੀਆਂ ਨੌਜਵਾਨ ਕੁੜੀਆਂ ਫਿਲਮ ਹੀਰੋਇਨਾਂ ਬਨਣ ਦੀ ਥਾਂ ਕੋਠਿਆਂ ਤੇ ਪਹੁੰਚ ਜਾਂਦੀਆਂ ਹਨ ਤੇ ਕਈ ਨੌਜੁਆਨ ਫਿਲਮੀ ਐਕਟਰ ਬਨਣ ਲਈ ਘਰੋਂ ਭੱਜੇ ਬੰਬਈ ਦੇ ਢਾਬਿਆਂ ਤੇ ਭਾਂਡੇ ਮਾਂਜਣ ਲਈ ਮਜ਼ਬੂਰ ਹੋ ਜਾਂਦੇ ਹਨ.

"ਨਵੇਂ ਚਿਹਰਿਆਂ ਦੀ ਲੋੜ ਹੈ" ਦੇ ਸਿਰਲੇਖ ਹੇਠ ਤੁਹਾਨੂੰ ਕਈ ਅਖਬਾਰ ਰਸਾਲਿਆਂ 'ਚ ਛਪੇ ਇਸ਼ਤਿਹਾਰ ਦਿਸਣਗੇ ਜਿਨ੍ਹਾਂ ਦੇ ਹੇਠ ਕਈ ਫਿਲਮਾਂ ਦੇ ਨਾਂਅ ਦਿਤੇ ਹੁੰਦੇ ਹਨ ਤੇ ਉਹਨਾਂ ਲਈ ਨੌਜਵਾਨ ਕੁੜੀਆਂ ਮੁੰਡਿਆਂ ਤੋਂ ਫੋਟੋਆਂ ਸਮੇਤ ਦਰਖਾਸਤਾਂ ਮੰਗੀਆਂ ਹੁੰਦੀਆਂ ਹਨ ਤੇ ਨਾਲ 20-25 ਰੁਪਏ ਦੇ ਪੋਸਟਲ ਆਡਰ ਆਦਿ ਵੀ ਮੰਗਾਏ ਹੁੰਦੇ ਹਨ. ਇਨ੍ਹਾਂ ਮਾਮਲਿਆਂ ਬਾਰੇ ਛਾਣਬੀਣ ਤੋਂ ਪਤਾ ਲਗਾ ਹੈ ਕਿ ਇਨ੍ਹਾਂ 'ਚ ਬਹੁਤ ਸਾਰੇ ਜਾਅਲੀ ਹੀ ਹੁੰਦੇ ਹਨ ਅਤੇ ਫ਼ਿਲਮਾਂ 'ਚ ਕੰਮ ਦਾ ਝਾਂਸਾਂ ਦੇ ਨੌਜਵਾਨਾਂ ਨੂੰ ਲੁਟਦੇ ਹਨ.

ਐਕਟਰ ਬਨਣ ਦੇ ਸ਼ੌਕ 'ਚ ਅਜਿਹੇ ਲੁਟੇਰਿਆਂ ਦੇਚੱਕਰ ਚਬਹੁਤ ਸਾਰੇ ਅਣਭੋਲ ਫਸ ਜਾਂਦੇ ਹਨ. ਅਜੇਹਾ ਇਕ ਨੌਜਵਾਨਰਮਨ ਕੁਮਾਰ ਜੋ ਇਕ ਜੂਨੀਅਰ ਕਲਾਕਾਰ ਵੀ ਹੈ ਦਿੱਲੀ ਤੋਂ ਛਪਦੇ ਇਕ ਰਸਾਲੇ 'ਚ 'ਨਵੇਂ ਚਿਹਰਿਆਂ ਦੀ ਫੌਰਨ ਲੋੜ ਹੈ' ਦਾ ਇਸ਼ਤਿਹਾਰ ਪੜ੍ਹ ਕੇ ਆਪਣੀ ਦਰਖਾਸਤ ਭੇਜ ਦਿੱਤੀ, ਜਿਸ ਨੂੰ ਬਾਅਦ 'ਚ ਜੁਆਬ ਆਇਆ ਕਿ "ਕਲੀ ਖਿਲ ਗਈ ਗਲੀ ਗਲੀ" ਫਿਲਮ ਦੀ ਸ਼ੂਟਿੰਗ ਹੋ ਰਹੀ ਹੈ ਇਸ ਲਈ ਫੌਰਨ ਬੰਬਈ ਪਹੁੰਚੋ.

ਰਮਨ ਕੁਮਾਰ ਸਟੂਡੀਓ ਦੀ ਬਹੁਤ ਤਲਾਸ਼ ਕਰਨ ਤੋਂ ਬਾਅਦ ਇਕ ਵਿਅਕਤੀ ਕੋਲ ਪਹੁੰਚਿਆ, ਜਿਸ ਨੇ ਉਸ ਨੂੰ ਕਿਹਾ ਕਿ ਫਿਲਮ 'ਚ ਕੰਮ ਤੋਂ ਪਹਿਲਾਂ ਤੁਹਾਨੂੰ ਟਰੇਨਿੰਗ ਦੇਣੀ ਪਏਗੀ ਜਿਸ ਲਈ ਇਕ ਹਜ਼ਾਰ ਰੁਪੈ ਫੀਸ ਦਿਓ ਤੇ ਰਹਿਣ ਖਾਣ ਦਾ ਖਰਚਾ ਅਲੱਗ. ਪਰ ਰਮਨ ਕੁਮਾਰ ਦੀ ਜੇਬ 'ਚ ਕੇਵਲ 40 ਰੁਪੈ ਹੀ ਸਨ ਤੇ ਐਕਟਿੰਗ ਸਿਖਣ ਦੀ ਫੀਸ ਜਮਾਂ ਨਹੀਂ ਕਰਾ ਸਕਿਆ, ਜਿਸ ਤੇ ਉਕਤ ਐਕਟਿੰਗ ਸਿਖਾਉਣ ਵਾਲੇ ਨੇ ਉਸ ਨੂੰ ਬਹੁਤ ਦੁਰਕਾਰਿਆ ਅਤੇ ਕਿਹਾ ਕਿ ਹੁਣ ਉਸ ਦਾ ਨਾਂਅ ਲਿਸਟ ਵਿਚੋਂ ਕੱਟਣਾ ਪਏਗਾ ਜਿਸ ਦੀ ਫੀਸ ਪੰਜ ਰੁਪਏ ਹੈ. ਵਿਚਾਰੇ ਰਮਨ ਕੁਮਾਰ ਨੇ ਪਿੰਡ ਵਾਪਸੀ ਦੇ ਕਿਰਾਏ ਤੋਂ ਇਲਾਵਾ ਬਚਦੇ ਦੋ ਰੁਪੈ ਉਸ ਨੂੰ ਦੇ ਕੇ ਮਸਾਂ ਜਾਨ ਛੁਡਾਈ. ...ਤੇ ਇਹਨਾਂ ਦੇ ਚੱਕਰ 'ਚ ਰਮਨ ਕੁਮਾਰ ਇਕੱਲਾ ਨਹੀਂ. ਬਹੁਤੇ ਅਜੇਹੇ ਨੌਜੁਆਨ ਅਕਸਰ ਫਸ ਜਾਂਦੇ ਹਨ—.

ਇਸ ਲਈ ਫਿਲਮ 'ਚ ਕੰਮ ਕਰਨ ਦੇ ਇਛਕ ਨੌਜਵਾਨਾਂ ਨੂੰ ਐਕਟਿੰਗ ਸਿਖਾਉਣ ਤੇ ਫਿਲਮ 'ਚ ਕੰਮ ਦੇਣ ਸਬੰਧੀ ਅਖ਼ਬਾਰਾਂ 'ਚ ਇਸ਼ਤਿਹਾਰ ਦੇਣ ਵਾਲਿਆਂ ਬਾਰੇ ਇਹ ਪਤਾ ਕਰਨਾ ਬਹੁਤ ਜ਼ਰੂਰੀ ਹੈ ਕਿ ਉਹਨਾਂ ਦੀ ਅਸਲੀਅਤ ਕੀ ਹੈ—.

ਸਮੀਖਿਆ

ਮੁਹੱਬਤ ਊਂਚ ਨੀਚ ਤੋਂ ਉਪਰ ਉੱਠ ਕੇ ਜਦੋਂ ਵਿਆਹ ਦੀਆਂ ਜ਼ੰਜੀਰਾਂ ਗਲ ਪਾਉਣ ਲਈ ਤਿਆਰ ਹੁੰਦੀ ਹੈ ਤਾਂ ਸੁਨੀਤਾ ਇਕ ਹਾਦਸੇ ਦਾ ਸ਼ਿਕਾਰ ਹੋ ਜਾਂਦੀ ਹੈ। ਉਸਦਾ ਚਿਹਰਾ ਬਦਸੂਰਤ ਹੋ ਜਾਂਦਾ ਹੈ. ਪਰ ਰਮੇਸ਼ ਬਹਿਲ ਪਲਾਸਟਿਕ ਸਰਜਰੀ ਦੇ ਮਾਹਿਰ ਡਾਕਟਰ ਮਹਿਰਾ ਨੂੰ ਲੈ ਕੇ ਹਾਜ਼ਰ ਹੁੰਦੇ ਹਨ ਅਤੇ ਉਹ ਨਵਾਂ ਚਿਹਰਾ ਦੇ ਦਿੰਦਾ ਹੈ। ਸੁਨੀਤਾ ਹੁਣ ਕੁਸੁਮ (ਟੀਨਾ ਮੁਨੀਮ) ਬਣ ਜਾਂਦੀ ਹੈ। ਪਿਆਰ ਮਿਲਦਾ ਹੈ। ਪਿਆਰ ਦੀ ਜਿੱਤ ਜ਼ਰੂਰੀ ਸੀ ਹੀ ਸੋ ਮਿਲਾਪ ਹੋ ਗਿਆ ਦੋ ਪ੍ਰੇਮੀਆਂ ਦਾ। ਪ੍ਰੇਮੀ ਪ੍ਰੇਮ ਕਾਵਾਂ ਨੂੰ ਮੁਬਾਰਕ!

ਕਪਿਲ ਕਪੂਰ ਦੀ ਨਿਰਦੇਸ਼ਨ ਕਮਜ਼ੋਰ ਨਹੀਂ। ਪੀਟਰ ਪਰੇਮ ਦੀ ਫੋਟੋਗਰਾਫੀ ਬਹੁਤ ਹੀ ਉਮਦਾ ਹੈ। ਕਸ਼ਮੀਰ ਦੀਆਂ ਵਾਦੀਆਂ ਦੀ ਸੁੰਦਰਤਾ ਉਨ੍ਹਾਂ ਆਪਣੇ ਕੈਮਰੇ ਵਿਚ ਬੜੀ ਖੂਬਸੂਰਤੀ ਨਾਲ ਕੈਦ ਕੀਤੀ।

ਕਲਾਕਾਰਾਂ ਵਿਚੋਂ ਪੂਨਮ ਢਿੱਲੋਂ ਦੀ ਅਦਾਕਾਰੀ ਮਾਅਰਕੇ ਦੀ ਸੀ। ਰਿਸ਼ੀ. ਟੀਨਾ ਵੀ ਆਪਣੀ ਆਪਣੀ ਭੂਮਿਕਾ ਨਾਲ ਇਨਸਾਫ ਕਰ ਗਏ। ਗੁਲਸ਼ਨ ਬਾਵਰਾ ਦੇ ਗੀਤ ਅਤੇ ਬਰਮਨ ਦਾ ਸੰਗੀਤ ਖੂਬ ਰਿਹਾ।

ਯੇਹ ਵਾਅਦਾ ਰਹਾ

ਜਿਹੜੇ ਨਾ ਤਾਂ ਪ੍ਰੇਮੀ ਹਨ ਅਤੇ ਨਾ ਹੀ ਪ੍ਰੇਮਕਾ ਉਨ੍ਹਾਂ ਲਈ 'ਯੇਹ ਵਾਅਦਾ ਰਹਾ' ਬਿਲਕੁਲ ਫਜ਼ੂਲ ਹੈ ਪਰ ਜਿਹੜੇ ਜੁਆਨ. ਬੁੱਢੇ ਪ੍ਰੇਮੀ ਹਨ ਉਨ੍ਹਾਂ ਲਈ ਇਹ ਮਹਾਨ. ਮਨੋਰੰਜਨ ਅਤੇ ਉਨ੍ਹਾਂ ਦੀ ਆਪਣੀ ਕਹਾਣੀ ਦੀ ਫਿਲਮ ਹੈ।

"ਜਵਾਨੀ ਦੀਵਾਨੀ" ਅਤੇ "ਕਸਮੇਂ ਵਾਅਦੇ" ਦੀ ਸਫਲਤਾ ਤੋਂ ਬਾਅਦ ਰਮੇਸ਼ ਬਹਿਲ ਦੀ ਨਵੀਂ ਫਿਲਮ "ਯੇਹ ਵਾਅਦਾ ਰਹਾ" ਭਾਵੇਂ ਬਾਕਸ ਆਫਿਸ ਤੇ ਉਹ ਸਫਲਤਾ ਪ੍ਰਾਪਤ ਨਾ ਕਰੇ ਪਰ ਫਿਰ ਵੀ ਉਪਰੋਕਤ ਕਿਸਮ ਦੇ ਦਰਸ਼ਕਾਂ ਨੂੰ ਜ਼ਰੂਰ ਵਧੀਆ ਲੱਗੇਗੀ, ਕਿਉਂਕਿ ਫਾਰਮੂਲਾ ਫਿਲਮਾਂ ਤੋਂ ਜ਼ਰਾ ਕੁ ਅਲੱਗ ਹੈ।

ਵਿਕਰਮ (ਰਿਸ਼ੀ ਕਪੂਰ) ਜਵਾਨ ਹੈ ਖੂਬਸੂਰਤ ਹੈ ਅਤੇ ਇਕ ਅਨਾਥ ਲੜਕੀ ਸੁਨੀਤਾ (ਪੂਨਮ ਢਿੱਲੋਂ) ਨੂੰ ਦਿਲ ਦੇ ਬੈਠਾ। ਸੁਨੀਤਾ ਦੀ ਆਵਾਜ਼ ਦਿਲਕਸ਼ ਹੈ।

ਅੰਗੂਰ

ਜਦੋਂ ਗੁਲਜ਼ਾਰ ਦੀ ਅੰਗੂਰ ਫਿਲਮ ਵੇਖਣ ਗਿਆ ਤਾਂ ਮੇਰੇ ਮਨ ਵਿਚ ਗੁਲਜ਼ਾਰ ਦੀਆਂ ਕਵਿਤਾ-ਪ੍ਰਧਾਨ ਫਿਲਮਾਂ ਅਤੇ ਕਵਿਤਾਵਾਂ ਕਹਾਣੀਆਂ ਚੇਤੇ ਸਨ। ਸ਼ੈਕਸਪੀਅਰ ਦੀ ਚਰਚਿਤ ਕਮੇਡੀ ਰਚਨਾ "ਕਮੇਡੀ ਆਫ ਐਰਜ਼" ਤੇ ਅਧਾਰਿਤ ਦੋ ਜੁੜਵੀਆਂ ਜੋੜੀਆਂ ਦੀ ਕਹਾਣੀ ਹੈ।

ਜੁੜਵੀਆਂ ਜੋੜੀਆਂ ਦੀ ਸ਼ਕਲ ਸੂਰਤ ਹੀ ਮਿਲਦੀ ਜੁਲਦੀ ਨਹੀਂ ਸਗੋਂ ਨਾਮ ਇਕੋ ਹਨ। ਇਕ ਪਾਸੇ ਦੋਵਾਂ ਨੌਕਰਾਂ ਅਤੇ ਦੂਸਰੇ ਪਾਸੇ ਦੋਵੇਂ ਮਾਲਕਾਂ ਦੇ ਚਿਹਰੇ ਮਿਲਦੇ ਹਨ। ਸਕੇ ਸੰਬੰਧੀ. ਰਿਸ਼ਤੇਦਾਰ. ਰੋਜ਼ ਮਿਲਣ ਵਾਲੇ ਧੋਖਾ ਖਾ ਜਾਂਦੇ ਹਨ। ਇਹ 'ਧੋਖਾ' ਹੀ ਸਥਿਤੀਆਂ ਪੈਦਾ ਕਰਦਾ ਹੈ ਕਿ ਦਰਸ਼ਕ ਹੱਸ-ਹੱਸ ਲੋਟ ਪੋਟ ਹੋ ਜਾਂਦੇ ਹਨ।

ਸੰਜੀਵ ਕੁਮਾਰ. ਮੌਸਮੀ ਚੈਟਰਜੀ. ਦੇਵਨ ਵਰਮਾ ਨੇ 'ਅੰਗੂਰ' ਵਿਚ ਜੀਵਤ ਪਰ ਸ਼ਕਤੀਸ਼ਾਲੀ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਹੈ। ਉਹ ਵਧਾਈ ਦੇ ਹੱਕਦਾਰ ਹਨ।